ISSN-0971-8354

# ਯੋਜਨਾ

ਦਸੰਬਰ 2014 ਇਕ ਵਿਕਾਸ ਮਾਸਿਕ ₹10



## ਐੱਫ ਡੀ ਆਈ ਤੇ ਅੰਤਰਰਾਸ਼ਟਰੀ ਵਪਾਰ

**ਭਾਰਤੀ ਫਰਮਾਂ ਵਿਦੇਸ਼ਾਂ ਵੱਲ ਕਿਉਂ ਭੱਜ ਰਹੀਆਂ ਹਨ?**
ਵੀ. ਐੱਨ. ਬਾਲਾਸੁਬਰਾਮਨੀਅਮ ਤੇ ਨਿਕੋਲਸ ਫੋਰਸਾਂਸ

**ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼ : ਨੀਤੀ ਪਰਿਵਰਤਨ ਤੇ ਰਾਜ ਭਿੰਨਤਾ**
ਸੋਜਿਨ ਸ਼ਿਨ

**ਭਾਰਤੀ ਰਾਜਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ 'ਚ ਖੇਤਰੀ ਅਬਰਾਬਰੀ**
ਐੱਸ. ਆਰ. ਕੇਸ਼ਵਾ

ਵਿਸ਼ੇਸ਼ ਲੇਖ
**ਪੁਰਾਣੇ ਕਾਨੂੰਨ : ਪਰਵਾਸੀ ਭਾਰਤੀਆਂ ਲਈ ਦੁਬਿਧਾ**
ਅਨਿਲ ਮਲਹੋਤਰਾ

## ਸੰਪਾਦਕੀ

# ਸਿੱਧੇ ਵਿਦੇਸ਼ੀ ਨਿਵੇਸ਼ ਦਾ ਰਾਜਨੀਤਕ ਅਰਥਚਾਰਾ

ਭਾਰਤ ਛੇ ਦਹਾਕੇ ਤੋਂ ਵੱਧ ਪਹਿਲਾਂ ਕਿਸਮਤ ਨਾਲ ਹੋਏ ਮਿਲਾਪ ਤੋਂ ਬਹੁਤ ਅੱਗੇ ਲੰਘ ਆਇਆ ਹੈ। ਨਾ ਸਿਰਫ ਗੰਗਾ ਸਗੋਂ ਮਿੱਸੀਸਿੱਪੀ, ਯਾਂਗਸੀ, ਬ੍ਰੈਨਪੁਥ, ਨੀਲ ਤੇ ਐਮੇਜ਼ਨ ਦਰਿਆਵਾਂ ਦੇ ਪੁਲਾਂ ਹੇਠੋਂ ਬਹੁਤ ਪਾਣੀ ਵਗ ਚੁੱਕਾ ਹੈ। ਵਿਸ਼ਵ ਦੀ ਆਰਥਿਕ ਸਚਾਈ ਵਿਚ ਵਿਆਪਕ ਤਬਦੀਲੀ ਆਈ ਹੈ। ਰਾਸ਼ਟਰਵਾਦੀ ਵਿਚਾਰਧਾਰਾ ਵਾਲੇ ਵਿਸ਼ਵ ਦੀ ਜ਼ੋਰਦਾਰ ਅਪੀਲ, ਜੋ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਿਚ 20ਵੀਂ ਸਦੀ ਦੇ ਅੱਧ ਵਿਚ ਬਸਤੀਵਾਦੀ ਰਾਜ ਵਿਰੋਧੀ ਇਤਿਹਾਸਕ ਪਿੱਠਭੂਮੀ ਵਿਚੋਂ ਪੈਦਾ ਹੋਈ ਸੀ, ਵੀ ਆਪਣੀ ਚਮਕ ਗੁਆ ਚੁੱਕੀ ਹੈ। ਦੁਨੀਆਂ ਅੱਜ ਕਿਤੇ ਜ਼ਿਆਦਾ ਆਪਸ ਵਿਚ ਜੁੜੀ ਹੋਈ ਹੈ ਅਤੇ ਦੇਸ਼ਾਂ ਦੀਆਂ ਕਿਸਮਤਾਂ ਅੱਧੀ ਸਦੀ ਪਹਿਲਾਂ ਦੇ ਮੁਕਾਬਲੇ ਅੱਜ ਕਿਤੇ ਜ਼ਿਆਦਾ ਆਸ ਵਿਚ ਘੁਲੀਆਂ-ਮਿਲੀਆਂ ਹਨ। ਪ੍ਰਸਿੱਧ ਇਤਿਹਾਸਕਾਰ ਏਰਿਕ ਹੋਬਸਾਵਮ ਦੀ ਪੁਸਤਕ ਨੂੰ ਯਾਦ ਕਰਦਿਆਂ, ਇਹ ਕਿਹਾ ਜਾ ਸਕਦਾ ਹੈ ਕਿ *ਸਲਤਨਤ ਦਾ ਯੁਗ ਜਿਸ ਨੇ ਕ੍ਰਾਂਤੀ ਦੇ ਯੁਗ ਨੂੰ* ਜਨਮ ਦਿਤਾ, ਪੂਰਾ ਚੱਕਰ ਘੁੰਮ ਕੇ *ਪੂੰਜੀਵਾਦੀ ਯੁਗ* ਦੇ ਸੰਕੇਤ ਦੇ ਰਿਹਾ ਹੈ, ਜਦੋਂ ਅਸੀਂ 21ਵੀਂ ਸਦੀ ਦੀ ਦੁਨੀਆਂ ਵਿਚ ਦਾਖਲ ਹੋ ਚੁੱਕੇ ਹਾਂ। ਵਿਸ਼ਵ ਅਰਥਵਿਵਸਥਾ ਦੀ ਵਸਤੂ ਕਲਾ ਅੱਜ ਦੁਨੀਆਂ ਦੇ ਇਕ ਭਾਗ ਤੋਂ ਦੂਸਰੇ ਭਾਗ ਤਕ ਪੂੰਜੀ ਦੀ ਵਿਆਪਕ ਆਮਦ ਨਾਲ ਵਿੱਤ ਪੱਖੋਂ ਭਰਪੂਰ ਹੈ। ਅੰਤਰ-ਸੰਬੰਧਿਤ ਦੁਨੀਆਂ ਦੀ ਕੁੱਲ ਮਾਤਰਾ ਅਤੇ ਸ਼ਕਤੀ ਸਾਡੇ ਲਈ ਜ਼ਰੂਰੀ ਕਰ ਦਿੰਦੀ ਹੈ ਕਿ ਅਸੀਂ ਇਸ ਦੀ ਗਹਿਰੀ ਪੜਤਾਲ ਕਰੀਏ ਅਤੇ ਵਿੱਤ ਦੇ ਜਟਿਲ ਕੇਂਦਰੀ ਤੰਤ੍ਰੂ-ਪ੍ਰਬੰਧ ਸੰਬੰਧੀ (ਨਿਊਰਲ) ਦੇ ਨੈੱਟਵਰਕ ਨੂੰ ਸਮਝੀਏ ਜੋ ਵਿਸ਼ਵੀਕ੍ਰਿਤ ਅਰਥਵਿਵਸਥਾ ਦਾ ਕੇਂਦਰੀ ਧੁਰਾ ਹੈ।

ਭਾਰਤ ਦੇ ਮਾਮਲੇ ਵਿਚ, ਜੇ ਕੁਝ ਸਾਲ ਪਹਿਲਾਂ ਦੇ ਆਯਾਤ ਵਿਕਲਪਿਕ ਉਦਯੋਗੀਕਰਨ (ਆਈ ਐੱਸ ਆਈ) ਦੀ ਗੱਲ ਕਰੀਏ ਤਾਂ ਬਹੁਤ ਸਾਰੇ ਵਿਭਿੰਨ ਦੌਰ ਭਾਰਤ ਦੀ ਆਰਥਿਕ ਨੀਤੀ ਢਾਂਚੇ ਸੰਬੰਧੀ ਪਛਾਣੇ ਜਾ ਸਕਦੇ ਹਨ, ਜਿਥੋਂ ਤਕ ਸਿੱਧੇ ਵਿਦੇਸ਼ੀ ਨਿਵੇਸ਼ ਦਾ ਸੰਬੰਧ ਹੈ। ਇਹ ਵੇਖਿਆ ਗਿਆ ਹੈ ਕਿ ਭਾਰਤ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਪੱਧਤੀ ਦਾ ਵਿਕਾਸ ਐੱਫ ਡੀ ਆਈ ਵਿਰੋਧੀ ਦੌਰ ਦੌਰਾਨ (1969-75) ਤੋਂ ਹੋਇਆ ਹੈ, ਜੋ ਚੋਣਵੇਂ ਸਿੱਧੇ ਵਿਦੇਸ਼ੀ ਨਿਵੇਸ਼ (1975-91) ਤੋਂ ਹੁੰਦਾ ਹੋਇਆ 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਅਖੀਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਪੱਖੀ ਦੌਰ 'ਤੇ ਆ ਕੇ ਰੁਕਿਆ। ਆਰਥਿਕ ਨੀਤੀ ਦੇ ਇਹ ਦੌਰ ਭਾਰਤੀ ਰਾਜਨੀਤੀ ਵਿਚ ਵੀ ਖ਼ਾਸ ਦੌਰ ਸਿੱਧੇ ਹੋਏ ਹਨ। ਸਮੁੱਚੇ ਸਮਾਜਿਕ ਅਤੇ ਰਾਜਨੀਤਕ ਸੰਦਰਭ ਵਿਚ ਆਰਥਿਕ ਨੀਤੀਗਤ ਬਦਲਾਵਾਂ ਨੂੰ ਵੇਖਣਾ ਕਿਤੇ ਜ਼ਿਆਦਾ ਅਸਲੀਅਤ ਦੇ ਨੇੜੇ ਅਤੇ ਸਟੀਕ ਹੋਵੇਗਾ। ਜਿਨ੍ਹਾਂ ਵਿਚ ਇਹ ਨੀਤੀਆਂ ਬਿਆਨ ਕੀਤੀਆਂ ਅਤੇ ਅਮਲ ਵਿਚ ਲਿਆਂਦੀਆਂ ਗਈਆਂ। ਭਾਵੇਂ ਕਿ ਭਾਰਤ ਵਲੋਂ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਵਾਲੇ ਦਹਾਕਿਆਂ ਵਿਚ ਅਪਣਾਏ ਗਏ ਆਰਥਿਕ ਵਿਕਾਸ ਦੇ ਮਾਡਲ ਬਾਰੇ ਬਹਿਸ ਹੋ ਸਕਦੀ ਹੈ, ਇਹ ਆਮ ਤੌਰ ਤੇ ਮੰਨਿਆ ਗਿਆ ਕਿ ਭਾਰਤ ਵਲੋਂ ਇਕ ਮਜ਼ਬੂਤ ਅਤੇ ਸਥਿਰ ਆਰਥਿਕ ਬੁਨਿਆਦੀ ਢਾਂਚਾ ਅਤੇ ਸੰਸਥਾਗਤ ਤੰਤਰ ਉਸਾਰਿਆ ਗਿਆ ਜਿਸ ਨਾਲ ਇਹ ਆਪਣੀਆਂ ਸ਼ਰਤਾਂ 'ਤੇ ਵਿਸ਼ਵੀਕਰਨ ਦੀਆਂ ਚੁਣੌਤੀਆਂ ਨਾਲ ਸਿੱਝਣ ਦੇ ਸਮਰੱਥ ਹੋਇਆ।

ਸੰਸਥਾਗਤ ਸੁਧਾਰ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਦੇਸ਼ ਅੰਦਰ ਆਕਰਸ਼ਿਤ ਕਰਨ ਲਈ ਨੀਤੀ ਦੀ ਸਫਲਤਾ ਦੀ ਕੁੰਜੀ ਹਨ। ਭਾਰਤ ਨੇ ਦੇਸ਼ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਧੁਹ ਪਾਉਣ ਵਾਲਾ ਬਣਾਉਣ ਲਈ ਕਈ ਪਹਿਲ-ਕਦਮੀਆਂ ਕੀਤੀਆਂ ਹਨ। ਰੱਖਿਆ ਉਤਪਾਦਨ, ਨਿਰਮਾਣ, ਪ੍ਰਚੂਨ ਆਦਿ ਖੇਤਰਾਂ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੋਲ੍ਹ ਦਿਤਾ ਗਿਆ ਹੈ। ਸਰਕਾਰ ਆਪਣੇ 'ਮੇਕ ਇਨ ਇੰਡੀਆ' ਅਤੇ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਨਿਵੇਸ਼ ਕਰਨ ਦੇ ਸੱਦੇ ਨਾਲ ਦੇਸ਼ ਨੂੰ ਨਿਰਮਾਣ ਦਾ ਕੇਂਦਰ ਬਣਾਉਣ ਲਈ ਨਿਰੰਤਰ ਯਤਨ ਕਰ ਰਹੀ ਹੈ। ਭਾਰਤ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਨਿਰੋਲ ਹਿੱਸਾ 1992 ਦੇ ਕੁੱਲ ਘਰੇਲੂ ਉਤਪਾਦ ਦੇ 0.1 ਪ੍ਰਤਿਸ਼ਤ ਤੋਂ ਵਧ ਕੇ 2011 ਵਿਚ 1.7 ਪ੍ਰਤਿਸ਼ਤ ਤਕ ਪਹੁੰਚ ਗਿਆ ਹੈ ਜਿਸ ਦੇ ਹੋਰ ਵਧਣ ਦੀ ਆਸ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਕੁੱਲ ਜਮ੍ਹਾਂ ਪੂੰਜੀ ਬਣਤਰ ਦਾ ਭਾਰਤ ਵਿਚ ਅਹਿਮ ਭਾਗ ਬਣਦਾ ਜਾ ਰਿਹਾ ਹੈ ਜਿਸ ਦਾ 2011 ਵਿਚ ਪੱਧਰ 6.4 ਪ੍ਰਤਿਸ਼ਤ ਤਕ ਜਾ ਪੁੱਜਾ ਹੈ।

ਪਰ, ਅੱਜ ਦਾ ਗੰਭੀਰ ਸਵਾਲ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਜ਼ਰੀਏ ਮੁਹੱਈਆ ਕਰਵਾਏ ਗਏ ਮੌਕਿਆਂ ਦਾ ਕਿਵੇਂ ਪੂਰਾ ਫ਼ਾਇਦਾ ਉਠਾਇਆ ਜਾ ਸਕੇ। ਸਾਫ਼ ਤੌਰ ਤੇ, ਇਹ ਤਾਂ ਹੀ ਸਫਲ ਹੋ ਸਕਦਾ ਹੈ ਜੇ ਇਸ ਦੇ ਰਾਹ ਵਿਚ ਸਮਾਜਿਕ, ਵਾਤਾਵਰਣਿਕ ਅਤੇ ਰਾਜਨੀਤਕ ਰੋੜੇ ਨਾ ਅਟਕਾਏ ਜਾਣ। ਵਿਦੇਸ਼ੀ ਪੂੰਜੀ ਨੂੰ ਆਕਰਸ਼ਿਤ ਕਰਨ ਲਈ ਆਰਥਿਕ ਪਹਿਲ-ਕਦਮੀਆਂ ਦੀ ਸਫਲਤਾ ਸਮਾਜ ਵਿਚ ਸਹਿਮਤੀ ਬਣਾਉਣ 'ਤੇ ਨਿਰਭਰ ਕਰਦੀ ਹੈ, ਖ਼ਾਸ ਕਰਕੇ ਉਨ੍ਹਾਂ ਵਿਚ ਜੋ ਬਿਲਕੁਲ ਹਾਸ਼ੀਏ 'ਤੇ ਹਨ ਅਤੇ ਜਿਨ੍ਹਾਂ ਨੂੰ ਇਸ ਪ੍ਰਕਿਰਿਆ ਦੌਰਾਨ ਵਿਸਥਾਪਨ ਦਾ ਸਾਹਮਣਾ ਕਰਨ ਦੇ ਨਾਲ ਰੋਜ਼ੀ-ਰੋਟੀ ਅਤੇ ਵਾਤਾਵਰਨ ਅੜਿੱਕੇ ਵੀ ਸਹਿਣੇ ਪੈ ਸਕਦੇ ਹਨ। ਜੇ ਅਸੀਂ ਇਸ ਨੂੰ ਅੱਖੋਂ ਓਹਲੇ ਕਰ ਦਿਤਾ ਤਾਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਕਾਮਧੇਨੂ 'ਤੇ ਈਸਟ ਇੰਡੀਆ ਕੰਪਨੀ ਦਾ ਪਰਛਾਵਾਂ ਪਵੇਗਾ ਜਿਸ ਨੇ ਲਗਭਗ ਦੋ ਸਦੀਆਂ ਪਹਿਲਾਂ ਵਪਾਰ ਅਤੇ ਨਿਵੇਸ਼ ਦੇ ਨਾਮ 'ਤੇ ਕਾਨੂੰਨੀ ਪ੍ਰਮਾਣਕਤਾ ਹਾਸਲ ਕਰਨ ਦੀ ਮੰਗ ਕੀਤੀ ਸੀ।

**- ਮੁੱਖ ਸੰਪਾਦਕ**

# ਯੋਜਨਾ

**ਸਾਲ 30 • ਅੰਕ 5 • ਦਸੰਬਰ 2014 • ਕੁੱਲ ਪੰਨੇ 56**

ਮੁੱਖ ਸੰਪਾਦਕ

**ਰਾਜੇਸ਼ ਕੁਮਾਰ. ਝਾ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207

ਫੈਕਸ : 26175516

ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**

## ਇਸ ਅੰਕ ਵਿਚ


- ਭਾਰਤੀ ਫਰਮਾਂ ਵਿਦੇਸ਼ਾਂ ਵੱਲ ਕਿਉਂ ਭੱਜ ਰਹੀਆਂ ਹਨ? – ਵੀ. ਐੱਨ. ਬਾਲਾਸੁਬਰਾਮਨੀਅਮ ਤੇ ਨਿਕੋਲਸ ਫੋਰਸਾਂਸ 4
- ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼ : ਨੀਤੀ ਪਰਿਵਰਤਨ ਤੇ ਰਾਜ ਭਿੰਨਤਾ – ਸੋਜਿਨ ਸ਼ਿਨ 9
- ਭਾਰਤੀ ਰਾਜਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ 'ਚ ਖੇਤਰੀ ਅਬਰਾਬਰੀ – ਐੱਸ. ਆਰ. ਕੇਸ਼ਵਾ 12
- ਭਾਰਤ ਵਿਚ ਪ੍ਰਚੂਨ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼ ਖ਼ਤਰਾ ਜਾਂ ਵਿਕਾਸ ਦਾ ਢੁਕਵਾਂ ਸਰੋਤ – ਲੀਨਾ ਅਜੀਤ ਕੌਸ਼ਲ 17
- ਪੁਰਾਣੇ ਕਾਨੂੰਨ : ਪਰਵਾਸੀ ਭਾਰਤੀਆਂ ਲਈ ਦੁਬਿਧਾ – ਅਨਿਲ ਮਲਹੋਤਰਾ 20
- ਆਰਥਿਕ ਵਿਕਾਸ 'ਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਭੂਮਿਕਾ – ਰਤਨ ਸਲਦੀ 24
- ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼ : ਅੰਤਰਰਾਸ਼ਟਰੀ ਵਪਾਰ 'ਚ ਆ ਰਹੇ ਪਰਿਵਰਤਨ – ਅਮਿਤਾ ਸ਼ਹੀਦ 27
- "ਭਾਰਤ ਵਿਚ ਨਿਰਮਾਣ ਕਰੋ" – ਮਾਪਦੰਡ ਤੇ ਨੀਤੀਗਤ ਪਹਿਲਕਦਮੀਆਂ – 30
- ਵਧ ਰਿਹਾ ਅਸੰਗਠਿਤ ਅਰਥਚਾਰਾ : ਸੰਗਠਿਤਾ ਵਲ ਕਾਰਜਨੀਤੀ ਦੇ ਤੱਤ – ਅਨੂਪ ਕੁਮਾਰ ਸਤਪਥੀ ਤੇ ਕਲੈਯਾਰਸਨ. ਏ. 33
- ਭਾਰਤ ਵਿਚ ਸਮਾਜਿਕ ਆਰਥਿਕ ਵਿਕਾਸ ਲਈ ਅੰਤਰਰਾਸ਼ਟਰੀ ਕਾਢਾਂ ਤੋਂ ਸਬਕ – ਮਨੋਜ ਜੋਸ਼ੀ, ਅਪੂਰਵਾ ਸ੍ਰੀਵਾਸਤਵ ਤੇ (ਸ੍ਰੀਮਤੀ) ਬਲਵਿੰਦਰ ਸ਼ੁਕਲਾ 39
- ਵਿਘਨ ਪਾਉਣ ਵਾਲੀ ਕਾਢ ਤੇ ਨੇੜਲੀ ਸੰਭਾਵਨਾ – ਦੇਵ ਨਾਥਨ 42
- ਭਾਰਤ ਦਾ 45ਵਾਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ – ਪ੍ਰਵੀਨ ਸਲਦੀ 45
- ਸਤਲੁਜ : ਪ੍ਰਦੂਸ਼ਨ ਤੇ ਇਸ ਦੀ ਰੋਕਥਾਮ ਲਈ ਸੁਝਾਅ – ਚਰਨਜੀਤ ਸਿੰਘ ਨਾਭਾ 47
- ਕਿੰਨੀ ਕੁ ਲਾਭਦਾਇਕ ਹੋਵੇਗੀ ਸਟੈਮ ਸੈੱਲ ਸੁਰੱਖਿਆ – ਅਜੀਤਪਾਲ ਸਿੰਘ ਐੱਮ ਡੀ 50
- ਕੀ ਤੁਸੀਂ ਜਾਣਦੇ ਹੋ? – 52
- ਪੁਸਤਕ ਪੜਚੋਲ – 54


**_ਯੋਜਨਾ_ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. _ਯੋਜਨਾ_ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤੀ ਫਰਮਾਂ ਵਿਦੇਸ਼ਾਂ ਵੱਲ ਕਿਉਂ ਭੱਜ ਰਹੀਆਂ ਹਨ?

ਵੀ. ਐੱਨ ਬਾਲਾਸੁਬਰਾਮਨੀਅਮ

## ਭੂਮਿਕਾ

ਹਾਲੀਆ ਵਰ੍ਹਿਆਂ ਦੌਰਾਨ ਭਾਰਤ ਤੇ ਚੀਨ ਨੇ ਨਾ ਸਿਰਫ਼ ਆਪਣੇ ਵਿਦੇਸ਼ੀ ਸਿੱਧਾ ਪੂੰਜੀ ਨਿਵੇਸ਼ ਨਿਜ਼ਾਮ ਨੂੰ ਉਦਾਰ ਕੀਤਾ ਹੈ, ਸਗੋਂ ਇਹ ਵਿਦੇਸ਼ਾਂ ਵਿਚ ਨਿਵੇਸ਼ਕ ਦੇ ਤੌਰ ਤੇ ਉੱਭਰ ਕੇ ਸਾਹਮਣੇ ਆਏ ਹਨ। ਭਾਵੇਂ ਕਿ ਚੀਨ ਦੇ ਮੁਕਾਬਲੇ ਭਾਰਤੀ ਨਿਵੇਸ਼ ਦੀ ਮਾਤਰਾ ਬਹੁਤ ਘੱਟ ਹੈ, ਭਾਰਤ ਦੀ ਵਿਦੇਸ਼ੀ ਸਿੱਧਾ ਪੂੰਜੀ ਨਿਵੇਸ਼ ਬਣਤਰ, ਜਿਸ ਦਾ ਕੇਂਦਰ ਬਿੰਦੂ ਨਿਰਮਾਣ ਅਤੇ ਸੇਵਾਵਾਂ ਹਨ, ਵਿਕਸਤ ਦੇਸ਼ਾਂ ਵਿਚ ਇਸ ਦੀ ਵੱਡੀ ਮੌਜੂਦਗੀ, ਯੂ ਕੇ ਅਤੇ ਅਮਰੀਕਾ ਵਿਚ ਅਧਿਗ੍ਰਹਿਣ ਦੇ ਨੇਮ 'ਤੇ ਆਧਾਰਿਤ ਇਸ ਦਾ ਵਿਦੇਸ਼ੀ ਬਾਜ਼ਾਰ ਵਿਚ ਦਾਖ਼ਲਾ ਇਸ ਨੂੰ ਦੂਸਰੇ ਉੱਭਰ ਰਹੇ ਆਰਥਿਕ ਨਿਵੇਸ਼ਕਾਂ ਨਾਲੋਂ ਵਖਰਿਆਉਂਦੇ ਹਨ। ਭਾਰਤ ਦੇ ਨਿਵੇਸ਼ ਦੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਦੇ ਮੁੱਲੰਕਣ ਦੀ ਲੋੜ ਹੈ। ਇਸ ਪਰਚੇ ਵਿਚ ਦਲੀਲ ਦਿਤੀ ਗਈ ਹੈ ਕਿ ਇਹ ਭਾਰਤੀ ਫਰਮਾਂ ਦੀ ਵਿਲੱਖਣ ਪ੍ਰਬੰਧਨ ਸਮਰਥਾ ਹੈ ਜੋ ਇਸ ਵਲੋਂ ਕੀਤੇ ਜਾਣ ਵਾਲੇ ਨਿਵੇਸ਼ ਦਾ ਮੂਲ ਆਧਾਰ ਹੈ।

## ਭਾਰਤ ਦੇ ਵਿਦੇਸ਼ਾਂ ਵਿਚਲੇ ਨਿਵੇਸ਼ ਦਾ ਆਕਾਰ ਅਤੇ ਪੱਧਤੀ

ਭਾਰਤ ਦਾ ਵਿਦੇਸ਼ੀ ਸਿੱਧਾ ਪੂੰਜੀ ਨਿਵੇਸ਼ 1990 ਦੇ ਨਿਗੂਣੇ ਜਿਹੇ 124 ਮਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 2011 'ਚ 111,257 ਮਿਲੀਅਨ ਡਾਲਰ ਹੋ ਗਿਆ ਜੋ ਵਿਕਾਸਸ਼ੀਲ ਦੇਸ਼ਾਂ ਦੇ ਕੁੱਲ ਓ ਡੀ ਆਈ ਸਟਾਕ ਦਾ 3 ਪ੍ਰਤਿਸ਼ਤ ਹੈ (ਤਾਲਿਕਾ-1)।

ਬਣਤਰ ਦੇ ਮਾਮਲੇ ਵਿਚ ਭਾਰਤ ਦੀ ਓ ਡੀ ਆਈ ਚੀਨ ਨਾਲੋਂ ਬਿਲਕੁਲ ਵੱਖਰੀ ਹੈ - ਜਦ ਕਿ ਚੀਨ ਦੇ ਨਿਵੇਸ਼ ਦਾ ਵੱਡਾ ਹਿੱਸਾ ਤੇਲ ਅਤੇ ਕੱਚੇ ਮਾਲ ਵਿਚ ਹੈ। ਭਾਰਤ ਦਾ ਨਿਵੇਸ਼ ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵਿਚ ਹੈ (ਤਾਲਿਕਾ-2)।

ਤੀਜਾ, ਭਾਰਤ ਦੀ 50 ਪ੍ਰਤਿਸ਼ਤ ਤੋਂ ਵੱਧ ਓ ਡੀ ਆਈ ਵਿਕਸਤ ਆਰਥਿਕਤਾਵਾਂ ਵਿਚ ਹੈ ਜਦ ਕਿ ਚੀਨ ਦੀ 75 ਪ੍ਰਤਿਸ਼ਤ ਤੋਂ ਵੱਧ ਓ ਡੀ ਆਈ ਵਿਕਾਸਸ਼ੀਲ ਆਰਥਿਕਤਾਵਾਂ ਅੰਦਰ ਹੈ। 2008 ਦੇ ਅੰਤ ਤਕ ਭਾਰਤ ਯੂ ਕੇ ਅੰਦਰ ਦੂਸਰਾ ਸਭ ਤੋਂ ਵੱਡਾ ਨਿਵੇਸ਼ਕ ਸੀ। ਪਹਿਲਾ ਦਰਜਾ ਅਮਰੀਕਾ ਦਾ ਸੀ (ਤਾਲਿਕਾ-2)।

ਚੌਥਾ, ਭਾਰਤ ਦੀ ਓ ਡੀ ਆਈ ਦਾ ਜ਼ਿਆਦਾ ਵਿਕਾਸ ਪ੍ਰਾਪਤੀਆਂ ਰਾਹੀਂ ਹੋਇਆ ਹੈ (ਚਿੱਤਰ-3)। ਅਗਸਤ 2010 ਵਿਚ ਖ਼ਤਮ ਹੋਏ ਸਾਲ ਵਿਚ ਪ੍ਰਾਪਤੀ ਕਰਨ ਵਾਲੇ ਮੁਲਕਾਂ ਵਿਚੋਂ ਭਾਰਤ ਦਾ ਦੂਜਾ ਨੰਬਰ ਸੀ, ਜਿਸ ਦਾ ਅੰਤਰ ਸਰਹੱਦੀ ਐੱਮ ਅਤੇ ਏ ਭੁਗਤਾਨਾਂ ਵਿਚ ਹਿੱਸਾ 24 ਪ੍ਰਤਿਸ਼ਤ ਸੀ ਜੋ ਉੱਭਰਦੀਆਂ ਆਰਥਿਕਤਾਵਾਂ ਤੋਂ ਸ਼ੁਰੂ ਹੋਏ ਸਨ। (ਵੈਗਸਟਿਲ, 2010)। 2000-2009 ਦੇ ਸਾਲਾਂ ਦੌਰਾਨ ਭਾਰਤੀ ਫਰਮਾਂ ਨੇ 1347 ਰਲੇਵੇਂ ਕੀਤੇ ਅਤੇ 72 ਬਿਲੀਅਨ ਡਾਲਰ ਦੇ ਪ੍ਰਾਪਤ ਕੀਤੇ (ਤਾਲਿਕਾ-3)।

ਟੈਟਲੇ ਟੀ, ਜੈਗੁਆਰ ਅਤੇ ਲੈਂਡ ਰੋਵਰਜ਼, ਕੋਰਸ ਸਟੀਲ (ਸਾਰੇ ਟਾਟਾ ਦੁਆਰਾ ਪ੍ਰਾਪਤ), ਵਾਈਟ ਐਂਡ ਮੈਕੇਅ, ਭਾਰਤੀ ਉੱਦਮੀ ਮਾਲਿਆ ਦੁਆਰਾ ਪ੍ਰਾਪਤ ਕੀਤੀ ਗਈ ਸਕਾਟਲੈਂਡ ਦੀ ਡਿਸਟਿਲਰੀ, ਅਤੇ ਸਾਫਟਵੇਅਰ ਦੇ ਖੇਤਰ ਵਿਚ ਹੋਏ ਕਾਫ਼ੀ ਸਾਰੇ ਨਿਵੇਸ਼ ਬਾਰੇ ਮੀਡੀਆ ਵਿਚ ਕਾਫ਼ੀ ਚਰਚਾ ਹੋਈ।

## ਰਵਾਇਤੀ ਸਪੱਸ਼ਟੀਕਰਨ

ਫਰਮਾਂ ਵਿਦੇਸ਼ਾਂ ਵਿਚ ਫ਼ਾਇਦਿਆਂ ਉੱਤੇ ਆਪਣਾ ਏਕਾਧਿਕਾਰ ਸਥਾਪਤ ਕਰਨ ਲਈ ਨਿਵੇਸ਼ ਕਰਦੀਆਂ ਹਨ (ਓ) ਖ਼ਾਸਕਰ ਉਦੋਂ ਜਦੋਂ ਬਾਜ਼ਾਰੀ ਖਾਮੀਆਂ ਅਤੇ ਸੰਸਥਾਗਤ ਤੱਤ ਉਨ੍ਹਾਂ ਕੋਲੋਂ ਉਤਪਾਦ ਨਿਰਯਾਤ ਕਰਨ ਦਾ ਵਿਕਲਪ ਖੋਹ ਲੈਂਦੇ ਹਨ ਜਾਂ ਵਿਦੇਸ਼ੀ ਸੰਸਥਾਵਾਂ ਨੂੰ ਮਿਲਣ ਵਾਲੇ ਲਾਭਾਂ 'ਤੇ ਪਾਬੰਦੀ ਲਗ ਜਾਂਦੀ ਹੈ। ਸਟੀਫਨ ਹਾਈਮਰ ਦੇ ਇਸ ਵਿਚਾਰ (1976) ਨੂੰ ਵਿਚਾਰਿਆ ਗਿਆ ਹੈ ਤਾਂ ਜੋ ਸਥਾਨ ਦੀ ਚੋਣ (ਐੱਲ) ਨੂੰ ਵਿਦੇਸ਼ਾਂ ਵਿਚ ਨਿਵੇਸ਼ ਲਈ ਸ਼ਾਮਿਲ ਕੀਤਾ ਜਾ ਸਕੇ ਅਤੇ ਲੋਟੂਆਂ ਕੋਲੋਂ ਏਕਾਧਿਕਾਰ ਦੇ ਫ਼ਾਇਦਿਆਂ ਨੂੰ ਬਚਾਉਣ ਦੇ ਤਰੀਕੇ ਖੋਜੇ ਜਾ ਸਕਣ (ਆਈ)/ਐੱਫ ਡੀ ਆਈ ਦੇ ਇਨ੍ਹਾਂ ਤਿੰਨ ਪੱਖਾਂ ਨੂੰ ਇਕੱਠਾ ਕਰ ਕੇ ਐੱਫ ਡੀ ਆਈ ਦੇ ਓ ਐੱਲ ਆਈ ਮਾਪਦੰਡਾਂ ਜਾਂ ਉਦਾਰਵਾਦੀ ਸਿਧਾਂਤ ਦਾ ਨਾਂ ਦਿਤਾ ਜਾਂਦਾ ਹੈ (ਡੰਨਿੰਗ, 1993)।

ਓ ਐੱਲ ਆਈ ਸਿਧਾਂਤ ਦੇ ਨਵੀਨਤਮ

**ਤਾਲਿਕਾ-1 : ਚੀਨ ਅਤੇ ਭਾਰਤ ਦਾ ਓ ਡੀ ਆਈ ਸਟਾਕ (ਮਿਲੀਅਨ ਅਮਰੀਕੀ ਡਾਲਰ)**

| ਦੇਸ਼ | 1981 | 1985 | 1990 | 1995 | 2000 | 2005 | 2006 | 2007 | 2008 | 2009 | 2010 | 2011 |
|---|---|---|---|---|---|---|---|---|---|---|---|---|
| ਚੀਨ | 39 | 900 | 4,455 | 17,768 | 27,768 | 57,206 | 73,330 | 95,799 | 147,949 | 229,600 | 297,600 | 365,981 |
| ਭਾਰਤ | 80 | 93 | 124 | 495 | 1,733 | 9,741 | 27,036 | 44,080 | 62,451 | 77,207 | 92407 | 111257 |

*ਸਰੋਤ : ਯੂ ਐੱਨ ਸੀ ਟੀ ਏ ਡੀ (www.unctad.org/fdistatistics)*

| ਤਾਲਿਕਾ-2 :ਚੀਨ ਅਤੇ ਭਾਰਤ ਦੀ ਓ ਡੀ ਆਈ | | | | | | | | |
|---|---|---|---|---|---|---|---|---|
| | ਭਾਰਤ | | | | ਚੀਨ | | | |
| | 2001/01 ਤੋਂ 2006/07 (ਬਿਲੀਅਨ ਡਾਲਰ) | ਕੁੱਲ ਪ੍ਰਤਿਸ਼ਤ ਹਿੱਸਾ | 2008/09 ਤੋਂ 2011/12 (ਬਿਲੀਅਨ ਡਾਲਰ) | ਕੁੱਲ ਪ੍ਰਤਿਸ਼ਤ ਹਿੱਸਾ | 2004 ਤੋਂ 2007 (ਬਿਲੀਅਨ ਡਾਲਰ) | ਕੁੱਲ ਪ੍ਰਤਿਸ਼ਤ ਹਿੱਸਾ | 2008 ਤੋਂ 2010 (ਬਿਲੀਅਨ ਡਾਲਰ) | ਕੁੱਲ ਪ੍ਰਤਿਸ਼ਤ ਹਿੱਸਾ |
| **ਮੁੱਖ ਖੇਤਰ** | 1.06 | 0.64 | 4.94 | 8.53 | 16.93 | 26.0 | 25.93 | 14.30 |
| **ਉੱਪ ਖੇਤਰ** | 10.98 | 43.46 | 25.96 | 45.00 | 6.06 | 9.0 | 14.18 | 7.83 |
| **ਛੋਟਾ ਖੇਤਰ** | 13.22 | 52.00 | 26.93 | 46.54 | 42.34 | 65.0 | 141.14 | 77.87 |
| **ਕੁੱਲ** | **25.26** | | **57.86** | | **65.43** | | **181.24** | |

*ਸਰੋਤ : ਯੂ ਐੱਨ ਸੀ ਟੀ ਏ ਡੀ (www.unctad.org/fdistatistics)*

| ਤਾਲਿਕਾ-3 : ਭਾਰਤੀ ਕੰਪਨੀਆਂ ਦੁਆਰਾ ਅੰਤਰ-ਸਰਹੱਦੀ ਅਤੇ ਪ੍ਰਾਪਤੀ ਲਈ ਖਰੀਦ ਦੀ ਭੂਗੋਲਿਕ ਵੰਡ, 2000-2009 | | | | | | | | | | |
|---|---|---|---|---|---|---|---|---|---|---|
| **ਦੇਸ਼** | **2000** | **2001** | **2002** | **2003** | **2004** | **2005** | **2006** | **2007** | **2008** | **2009** | **ਕੁੱਲ** |
| **ਯੂ ਐੱਸ ਏ** | 22 | 12 | 9 | 17 | 20 | 35 | 43 | 62 | 76 | 27 | 323 |
| **ਯੂ ਕੇ** | 5 | 2 | 8 | 11 | 7 | 16 | 26 | 20 | 36 | 12 | 143 |
| **ਯੂ ਐੱਸ ਏ + ਯੂ ਕੇ** | 27 | 14 | 17 | 28 | 27 | 51 | 69 | 82 | 112 | 39 | 466 |
| **ਕਨੇਡਾ** | 0 | 0 | 0 | 0 | 0 | 2 | 5 | 9 | 7 | 9 | 32 |
| **ਹੋਰ** | 34 | 29 | 34 | 52 | 47 | 91 | 111 | 112 | 198 | 141 | 849 |
| **ਕੁੱਲ** | **61** | **43** | **51** | **80** | **74** | **144** | **185** | **203** | **317** | **189** | **1,347** |

*ਸਰੋਤ : ਥਾਮਸਨ ਵੰਨ ਬੈਂਕਰ (2010)*

ਪ੍ਰੀਖਣ ਭਾਰਤ ਅਤੇ ਚੀਨ ਦੀ ਓ ਡੀ ਆਈ ਨਾਲ ਸੰਬੰਧਿਤ ਹਨ (ਪ੍ਰਧਾਨ 2011, ਬਕਲੇ 2007, ਕੁਮਾਰ 2007 ਅਤੇ ਨੁੰਨੇਨਕੈਂਪ 2010)। ਭਾਰਤ ਦੇ ਸੰਬੰਧ ਵਿਚ ਮੋਢੀ ਅਧਿਐਨ ਜੈਪ੍ਰਕਾਸ਼ ਪ੍ਰਧਾਨ (2008, 2011, 2004) ਵਲੋਂ ਕੀਤੇ ਗਏ ਜਿਸ ਨੇ ਬਹੁਤ ਮਿਹਨਤ ਨਾਲ, ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜਿਆਂ ਨੂੰ ਇਕੱਤਰ ਕੀਤਾ ਜਿਸ ਵਿਚ ਮੀਡੀਆ ਅਤੇ ਸਰਕਾਰੀ ਸਰੋਤਾਂ ਤੋਂ ਪ੍ਰਾਪਤ ਅਣਛਪੇ ਅੰਕੜੇ ਵੀ ਸ਼ਾਮਿਲ ਹਨ। ਪ੍ਰਧਾਨ ਦਾ ਮੁੱਲੰਕਣ ਇਹ ਸੁਝਾਉਂਦਾ ਹੈ ਕਿ ਉੱਚ ਕਿਰਤ ਉਤਪਾਦਿਕਤਾ, ਖੋਜ ਤੇ ਵਿਕਾਸ ਦੇ ਖਰਚੇ, ਉਪਰ ਵਰਣਿਤ ਮੁਤਾਬਕ ਪ੍ਰਬੰਧਨ ਕੌਸ਼ਲ, ਨਿਰਯਾਤ ਅਤੇ 1991 ਤੋਂ ਬਾਅਦ ਦੇ ਉਦਾਰੀਕਰਨ ਦੇ ਤਰੀਕੇ ਉਹ ਸਾਰੇ ਤੱਤ ਹਨ ਜੋ ਭਾਰਤੀ ਨਿਰਮਾਣ ਇਕਾਈਆਂ ਦੇ ਵਿਦੇਸ਼ ਵਿਚ ਜਾਣ ਦੇ ਫ਼ੈਸਲੇ ਦਾ ਕਾਰਨ ਬਣਦੇ ਹਨ। ਇਹ ਬਹਿਸ ਦਾ ਮੁੱਦਾ ਹੈ ਕਿ ਇਹ ਨਤੀਜੇ ਉਸ ਪ੍ਰਸਤਾਵ ਦਾ ਸਮਰਥਨ ਕਰਦੇ ਹਨ ਜਾਂ ਨਹੀਂ ਕਿ ਵਿਦੇਸ਼ਾਂ ਵਿਚ ਕਾਰਜਸ਼ੀਲ ਭਾਰਤੀ ਫਰਮਾਂ ਓ ਐੱਲ ਆਈ ਸਿਧਾਂਤ ਮੁਤਾਬਕ ਮਲਕੀਅਤ ਦੇ ਫਾਇਦੇ ਰੱਖਦੀਆਂ ਹਨ ਜਾਂ ਨਹੀਂ। ਭਾਰਤੀ ਨਿਰਮਾਣ ਫਰਮਾਂ ਦੀ ਉੱਚ ਕਿਰਤ ਉਤਪਾਦਿਕਤਾ ਮੁਕਾਬਲਤਨ ਉਤਪਾਦਨ ਪ੍ਰਕਿਰਿਆ ਦੇ ਉੱਚ ਪੂੰਜੀ ਤੀਬਰਤਾ ਤੋਂ ਵਹਿੰਦੀ ਹੈ ਅਤੇ ਉਨ੍ਹਾਂ ਦੀ ਉਦਯੋਗਾਂ ਵਿਚ ਵੱਡੀ ਮੌਜੂਦਗੀ ਖ਼ਾਸ ਤੌਰ ਤੇ ਪੂੰਜੀ ਮੁਖੀ ਹੁੰਦੀ ਹੈ। ਭਾਰਤੀ ਨਿਰਮਾਣ ਖੇਤਰ ਦੀਆਂ ਇਹ ਦੋ ਵਿਸ਼ੇਸ਼ਤਾਈਆਂ ਜ਼ਿਆਦਾਤਰ ਉਦਾਰੀਕਰਨ ਤੋਂ ਪਹਿਲਾਂ ਦੇ ਆਯਾਤ ਵਿਕਲਪੀਕਰਨ ਉਦਯੋਗੀਕਰਨ (ਆਈ ਐੱਸ ਆਈ) ਦਾ ਨਤੀਜਾ ਹਨ ਜਿਸ ਨੂੰ ਸਾਹਿਤ ਵਿਚ ਵੱਡੇ ਪੱਧਰ 'ਤੇ ਦਰਜ ਕੀਤਾ ਗਿਆ ਹੈ (ਭਗਵਤੀ ਅਤੇ ਦੇਸਾਈ, 1970, ਪਾਨਾਗ੍ਰੀਆ 2008)। ਅਸਲ ਵਿਚ, ਭਾਰਤੀ ਨਿਰਮਾਣ ਖੇਤਰ ਦੇ ਜ਼ਿਆਦਾਤਰ ਉੱਪ-ਸਮੂਹ ਚੀਨ ਦੇ ਤੁਲਨਾਤਮਕ ਉਦਯੋਗਕ ਸਮੂਹਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਪੂੰਜੀ ਤੀਬਰਤਾ ਵਾਲੇ ਹਨ (ਬਾਲਾ ਸੁਬਰਾਮਨੀਅਮ ਅਤੇ ਸੈਪਸਫੋਰਡ 2007)।

ਭਾਰਤੀ ਫਰਮਾਂ ਦੁਆਰਾ ਓ ਡੀ ਆਈ ਦੇ ਪ੍ਰਧਾਨ ਵਲੋਂ ਕੀਤੇ ਮੁੱਲੰਕਣ ਵਿਚ ਸਭ ਤੋਂ ਉੱਤੇ ਪ੍ਰਬੰਧਨ ਕੌਸ਼ਲ ਹੈ। ਸਹੀ ਮਾਅਨਿਆਂ ਵਿਚ, ਭਾਰਤੀ ਫਰਮਾਂ ਦੀ ਪ੍ਰਬੰਧਨ ਤਜਰਬੇਕਾਰੀ ਇਕ ਮਲਕੀਅਤੀ ਫ਼ਾਇਦਾ ਹੈ ਜੋ ਫਰਮਾਂ ਦੇ ਵਿਦੇਸ਼ ਵਿਚ ਜਾਣ ਨੂੰ ਪ੍ਰਭਾਵਿਤ ਕਰਦਾ ਹੈ। ਪਰ ਪ੍ਰਬੰਧਨ ਸਮਰਥਾਵਾਂ, ਜਿਨ੍ਹਾਂ ਵਿਚ ਭਿੰਨ-ਭਿੰਨ ਪ੍ਰਕਾਰ ਦੇ ਗੁਣ ਸ਼ਾਮਿਲ ਹੁੰਦੇ ਹਨ, ਆਸਾਨੀ ਨਾਲ ਮਾਪੇ ਜਾਣ ਵਾਲੇ ਨਹੀਂ ਹਨ। ਪ੍ਰਧਾਨ ਇਨ੍ਹਾਂ ਨੂੰ ਫਰਮ ਦੀ ਉਮਰ, ਆਕਾਰ, ਖੋਜ ਤੇ ਵਿਕਾਸ, ਆਯਾਤ ਕੀਤੀ ਜਾਣ ਵਾਲੀ ਜਾਣਕਾਰੀ ਲਈ ਦਿਤੀ ਰਾਇਲਟੀ, ਵਿਕਰੀ ਦੇ ਖਰਚੇ ਅਤੇ ਉਦਯੋਗਾਂ ਦੀ ਮਾਲਕੀ ਦੀ ਕਿਸਮ 'ਤੇ ਆਧਾਰਤ ਪ੍ਰਤਿ ਇਕਾਈ ਅਸਾਸਿਆਂ ਨਾਲ ਨਿਰਧਾਰਤ ਕਰਦਾ ਹੈ। ਲਾਭ ਦੇ ਅੰਦਾਜ਼ਨ ਪੱਧਰ ਨੂੰ ਅਸਲ ਵਿਚੋਂ ਮਨਫ਼ੀ ਕਰ ਦਿਤਾ ਜਾਂਦਾ ਹੈ ਤਾਂ ਜੋ ਪ੍ਰਬੰਧਨ ਮੁਹਾਰਤ ਦੇ ਲਾਭ ਨਿਰਧਾਰਤ ਕੀਤੇ ਜਾ ਸਕਣ। ਇਹ ਪ੍ਰਬੰਧਨ ਕੌਸ਼ਲ ਦਾ ਅੰਦਾਜ਼ਾ ਲਾਉਣ ਦਾ ਇਕ ਵਧੀਆ ਤਰੀਕਾ ਹੈ ਜੋ ਪ੍ਰਬੰਧਕਾਂ ਵਿਚ ਨਿਹਿਤ ਹੈ ਜਿਸ ਵਿਚ ਉੱਦਮੀ ਕੌਸ਼ਲ ਸ਼ਾਮਿਲ ਹੁੰਦੇ ਹਨ ਜੋ ਫਰਮ ਦੀਆਂ ਵਿਸ਼ੇਸ਼ਤਾਈਆਂ ਨਾਲ ਸੰਬੰਧਿਤ ਨਹੀਂ ਹੁੰਦੇ। ਪਰ ਇਸ ਤਰੀਕੇ ਨਾਲ ਇਕ ਸਮੱਸਿਆ ਹੋ ਸਕਦੀ ਹੈ; ਇਹ ਸਿਰਫ਼ ਪੂੰਜੀ ਦੇ ਕੁੱਲ ਲਾਭ ਹੀ ਦਿਖਾ ਸਕਦਾ ਹੈ, ਕਹਿ ਸਕਦੇ ਹਾਂ ਉਜਰਤਾਂ ਦਾ ਕੁੱਲ। ਜੇ ਉਜਰਤ ਦੀ ਦਰ ਘੱਟ ਹੈ ਜਾਂ ਰੁਜ਼ਗਾਰ ਦਾ ਪੱਧਰ ਨੀਵਾਂ ਹੈ ਤਾਂ ਉਜਰਤਾਂ ਮਨਫ਼ੀ ਕਰਨ ਤੋਂ ਬਾਅਦ ਬਚਦੀ ਮਾਤਰਾ ਕਾਫ਼ੀ ਜ਼ਿਆਦਾ ਹੋਵੇਗੀ। ਦੂਸਰੇ ਤਰੀਕੇ ਨਾਲ ਸੋਚੀਏ, ਵੱਡੇ ਲਾਭ ਪ੍ਰਬੰਧਨ ਸਰਲਤਾ ਦੀ ਉੱਚੀ ਦਰ ਕਰਕੇ ਨਹੀਂ ਹੋਣਗੇ, ਪਰ ਇਹ ਪੂੰਜੀ

ਦੀ ਮਲਕੀਅਤ ਦੇ ਕੁੱਲ ਲਾਭ ਹੋ ਸਕਦੇ ਹਨ ਜਿਸ ਨੂੰ ਮਾਰਕਸੀ ਸ਼ਬਦਾਵਲੀ ਵਿਚ ਅਣਕਮਾਈ ਆਮਦਨ ਆਖਿਆ ਜਾਂਦਾ ਹੈ।

ਪ੍ਰਬੰਧਨ ਪ੍ਰਤਿਭਾ, ਜਿਸ ਵਿਚ ਸੰਗਠਨਾਤਮਕ ਸਮਰਥਾਵਾਂ ਸ਼ਾਮਿਲ ਹਨ, ਨੂੰ ਏ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ਕੁੱਲ ਕਾਰਕ (ਫੈਕਟਰ) ਉਤਪਾਦਕਤਾ ਦਾ ਸੂਚਕ) ਜੋ ਨਿਰਮਾਣ ਕੰਮਾਂ ਦੀ *ਕੌਬ-ਡਗਲਸ* ਕਿਸਮ 'ਤੇ ਆਧਾਰਤ ਹੁੰਦੀ ਹੈ ਜੋ ਨਿਰੰਤਰ ਲਾਭ 'ਤੇ ਨਿਰਭਰ ਕਰਦੀ ਹੈ। ਭਾਰਤੀ ਆਰਥਿਕਤਾ ਵਿਚ ਕੁੱਲ ਕਾਰਕ ਉਤਪਾਦਕਤਾ ਵਿਕਾਸ ਦੇ ਮੌਜੂਦਾ ਅੰਦਾਜ਼ੇ ਦਰਸਾਉਂਦੇ ਹਨ ਕਿ ਉਦਾਰਵਾਦ ਕਾਲਖੰਡ ਵਿਚ ਇਹ ਜ਼ਿਆਦਾ ਨਹੀਂ ਵਧਿਆ (ਦੇਬ ਕੁਸਮ 2101, ਗੋਲਦਾਰ ਅਤੇ ਕੁਮਾਰੀ 2002, ਸੇਨ 2007)। ਗੋਲਦਾਰ ਅਤੇ ਕੁਮਾਰ ਦੀ ਖੋਜ ਉਦਾਰੀਕਰਨ ਦੇ ਬਾਅਦ ਦੇ ਦੌਰ ਵਿਚ ਭਾਰਤੀ ਨਿਰਮਾਣ ਖੇਤਰ ਦੇ ਕੁੱਲ ਕਾਰਕ ਉਤਪਾਦਕਤਾ ਵਿਕਾਸ ਵਿਚ ਕਮੀ ਦਰਜ ਕਰਦੀ ਹੈ ਜੇ ਇਸ ਦੀ ਤੁਲਨਾ ਉਦਾਰੀਕਰਨ ਤੋਂ ਪਹਿਲਾਂ ਦੇ ਦੌਰ ਨਾਲ ਕਰੀਏ। ਉਹ ਇਸ ਕਮੀ ਦਾ ਕਾਰਨ ਭਾਰਤੀ ਨਿਰਮਾਣ ਫਰਮਾਂ ਵਲੋਂ ਸਮਰੱਥਾ ਦੇ ਘੱਟ ਇਸਤੇਮਾਲ ਨੂੰ ਮੰਨਦੇ ਹਨ। ਇਕ ਹੋਰ ਖੋਜ (ਮੁਖਰਜੀ ਅਤੇ ਮਜੂਮਦਾਰ, 2007) ਜੋ, 1980 ਤੋਂ 2000 ਸਾਲਾਂ ਦਰਮਿਆਨ ਸੰਗਠਿਤ ਭਾਰਤੀ ਨਿਰਮਾਣ ਉਦਯੋਗ ਵਿਚ ਤਕਨੀਕੀ ਬਦਲਾਅ ਦਾ ਇਕ ਵਿਸਤ੍ਰਿਤ ਮੁੱਲੰਕਣ ਪੇਸ਼ ਕਰਦੀ ਹੈ, ਵੀ ਇਸੇ ਨਤੀਜੇ 'ਤੇ ਅਪੜਦੀ ਹੈ।

ਜ਼ਿਆਦਾਤਰ ਨਿਰਮਾਣ ਇਕਾਈਆਂ ਦੇ ਮਾਮਲੇ ਵਿਚ ਤਕਨੀਕੀ ਕੁਸ਼ਲਤਾ ਦੀ ਗ਼ੈਰ-ਮੌਜੂਦਗੀ ਨੂੰ ਪ੍ਰਬੰਧਨ ਪ੍ਰਤਿਭਾ ਦੀ ਗ਼ੈਰ-ਮੌਜੂਦਗੀ ਨਹੀਂ ਸਮਝਣਾ ਚਾਹੀਦਾ ਜੋ ਨਿਵੇਸ਼ ਦੀ ਉਤਪਾਦਕਤਾ ਵਧਾਉਣ ਲਈ ਲੋੜੀਂਦਾ ਹੈ। ਇਹ ਸਿਰਫ਼ ਸਖ਼ਤ ਮਜ਼ਦੂਰੀ ਕਾਨੂੰਨਾਂ ਅਤੇ ਨੌਕਰਸ਼ਾਹਾਂ ਦੇ ਗਲ-ਘੋਟੂ ਵਤੀਰੇ ਕਰਕੇ ਹੀ ਹੈ ਕਿ ਪ੍ਰਬੰਧਕਾਂ ਨੇ ਪੂੰਜੀ ਮੁਖੀ ਤਕਨੀਕਾਂ ਅਪਣਾ ਕੇ ਲਾਭ ਨੂੰ ਵਧਾਉਣ ਦਾ ਰਾਹ ਚੁਣਿਆ ਹੈ।

ਪਹਿਲਾਂ ਵਰਣਿਤ ਅੰਕੜਿਆਂ ਦੇ ਨਤੀਜੇ ਸੁਝਾਉਂਦੇ ਹਨ ਕਿ ਵੱਡੇ ਲਾਭ ਵਾਲੀਆਂ ਫਰਮਾਂ ਵਿਦੇਸ਼ ਵਿਚ ਜਾਣਾ ਚਾਹੁੰਦੀਆਂ ਹਨ। ਪਰ ਜ਼ਰੂਰੀ ਨਹੀਂ ਵੱਡੇ ਲਾਭ ਵਾਲੀਆਂ ਸਾਰੀਆਂ ਫਰਮਾਂ ਅਜਿਹਾ ਕਰ ਸਕਣ। ਅਸਲ ਵਿਚ, ਇਹ ਸੰਭਵ ਹੈ ਵਿਦੇਸ਼ ਵਿਚ ਨਿਵੇਸ਼ ਕਰਨ ਵਾਲੀਆਂ ਬਹੁਤੀਆਂ ਫਰਮਾਂ ਵਲੋਂ ਨਿਵੇਸ਼ ਲਈ ਪੂੰਜੀ ਅੰਤਰਰਾਸ਼ਟਰੀ ਪੂੰਜੀ ਬਾਜ਼ਾਰ ਤੋਂ ਜੁਟਾਈ ਗਈ ਹੋਵੇ। ਵਿਦੇਸ਼ ਵਿਚ ਕੰਮ ਕਰਨ ਵਾਲੀਆਂ ਭਾਰਤੀ ਫਰਮਾਂ ਕੋਲ ਮਲਕੀਅਤ ਦਾ ਇਕ ਵਿਲੱਖਣ ਫ਼ਾਇਦਾ ਹੈ ਜਿਸ ਨੂੰ ਉੱਦਮਤਾ ਆਖਿਆ ਜਾ ਸਕਦਾ ਹੈ, ਜਿਸ ਵਿਚ ਪ੍ਰਬੰਧਨ ਕੁਸ਼ਲਤਾ, ਖ਼ਤਰੇ ਉਠਾਉਣ ਅਤੇ ਨਵੇਂ ਬਾਜ਼ਾਰਾਂ ਦੀ ਪੇਸ਼ੀਨਗੋਈ ਅਤੇ ਪਛਾਣ ਕਰਨਾ ਸ਼ਾਮਿਲ ਹੈ। ਇਹ ਉੱਦਮਤਾ ਦੇ ਕੁਝ ਗੁਣ ਹਨ। ਉੱਭਰ ਰਹੀਆਂ ਆਰਥਿਕਤਾਵਾਂ ਵਿਚਕਾਰ ਭਾਰਤੀ ਫਰਮਾਂ ਇਸ ਮਾਮਲੇ ਵਿਚ ਵਿਲੱਖਣ ਹੋ ਸਕਦੀਆਂ ਹਨ। ਭਾਰਤੀ ਪ੍ਰਬੰਧਕਾਂ ਦੇ ਇਹ ਵਿਲੱਖਣ ਗੁਣ ਕਿਥੋਂ ਆਉਂਦੇ ਹਨ?


## ਵਿਦੇਸ਼ ਜਾਣ ਵਾਲੀਆਂ ਫਰਮਾਂ ਦੇ ਵਿਲੱਖਣ ਗੁਣ

ਉਨ੍ਹਾਂ ਤੱਤਾਂ ਬਾਰੇ ਸਪੱਸ਼ਟ ਗੱਲ ਕਰਨਾ ਅਸੰਭਵ ਹੋਵੇਗਾ ਜੋ ਫਰਮਾਂ ਦੇ ਵਿਦੇਸ਼ ਜਾਣ ਨੂੰ ਪ੍ਰਭਾਵਿਤ ਕਰਦੇ ਹਨ (ਰਾਮਾਮੂਰਤੀ 2008, ਅਥਰੇ ਅਤੇ ਸਈਦ 2013, ਅਬੁਕੋਮਲਾ, 2009)। ਉੱਭਰਦੇ ਬਾਜ਼ਾਰਾਂ ਦੀਆਂ ਜ਼ਿਆਦਾਤਰ ਫਰਮਾਂ ਦੇ ਵਿਦੇਸ਼ ਵਿਚ ਨਿਵੇਸ਼ ਦਾ ਇਕ ਕਾਰਨ ਮੌਜੂਦਾ ਫਰਮਾਂ ਵਿਚ ਪਿਤਾ-ਪੁਰਖੀ ਤਕਨੀਕੀ ਸਮਰਥਾਵਾਂ ਨੂੰ ਹਾਸਲ ਕਰਨਾ ਹੁੰਦਾ ਹੈ – ਜੋ ਓ ਡੀ ਆਈ ਦਾ ਤਥਾਕਥਿਤ ਅਸਾਸੇ ਹਾਸਲ ਕਰਨ ਦਾ ਮੰਤਵ ਹੁੰਦਾ ਹੈ। ਮੌਜੂਦਾ ਫਰਮਾਂ ਦੇ ਪ੍ਰਾਪਤੀਆਂ ਲਈ ਪ੍ਰਬੰਧਕੀ ਕੁਸ਼ਲਤਾ ਦੀ ਲੋੜ ਹੁੰਦੀ ਹੈ, ਪਰ ਇਹ ਅਜਿਹੀ ਕੁਸ਼ਲਤਾ ਨਹੀਂ ਹੁੰਦੀ ਜਿਸ ਦਾ ਜ਼ਿਕਰ ਅਧਿਐਨ ਅੰਕੜਿਆਂ ਵਿਚ ਕੀਤਾ ਗਿਆ ਹੈ। ਉਹ ਵੱਖਰੀ ਕਿਸਮ ਦੀ ਹੁੰਦੀ ਹੈ ਜਿਸ ਵਿਚ ਚੁਣੀਆਂ ਫਰਮਾਂ ਕੋਲ ਮੌਜੂਦ ਅਸਾਸਿਆਂ ਦੀ ਕਿਸਮ ਅਤੇ ਉਤਪਾਦਕਤਾ, ਉਨ੍ਹਾਂ ਦੀਆਂ ਬਾਜ਼ਾਰ ਸੰਭਾਵਨਾਵਾਂ, ਵਿਦੇਸ਼ਾਂ ਵਿਚ ਕੰਮ ਕਰਨ ਦੇ ਜੋਖ਼ਮ ਅਤੇ ਸਾਰਿਆਂ ਤੋਂ ਉੱਤੇ ਵਿਦੇਸ਼ੀ ਧਰਤੀ ਵਿਚ ਪਰਿਚਾਲਨ ਦਾ ਪ੍ਰਬੰਧਨ ਕਰਨਾ ਹੈ।


ਨਾਲ ਹੀ, ਪ੍ਰਾਪਤ ਕੀਤੀਆਂ ਫਰਮਾਂ ਨੂੰ ਪੁਨਰਜੀਵਤ ਕਰਨਾ ਹੋਵੇਗਾ, ਉਨ੍ਹਾਂ ਕੋਲ ਉਤਪਾਦਨ ਮੁਖੀ ਫ਼ਾਇਦੇ ਹੋਣਗੇ, ਪਰ ਇਹ ਬੀਮਾਰ ਹੋ ਸਕਦੀਆਂ ਹਨ ਕਿਉਂਕਿ ਨਵੇਂ ਬਾਜ਼ਾਰ ਤਲਾਸ਼ਣ ਅਤੇ ਵਿਕਸਤ ਕਰਨ ਤੋਂ ਅਸਮਰਥ ਹੁੰਦੀਆਂ ਹਨ। ਵਿਦੇਸ਼ਾਂ ਵਿਚ ਨਿਵੇਸ਼ ਕਰਨ ਵਾਲੇ ਭਾਰਤੀ ਪ੍ਰਬੰਧਕਾਂ ਕੋਲ ਲਗਦਾ ਹੈ ਇਹ ਕੌਸ਼ਲ ਮੌਜੂਦ ਹੈ ਜਾਂ ਕੀਅਨਜ਼ ਦੇ ਸ਼ਬਦਾਂ ਵਿਚ ਉੱਦਮੀਆਂ ਦੇ ਮਨ ਦੀ ਲਹਿਰ ਸ਼ਾਮਿਲ ਹੈ। ਇਹ ਅਜਿਹੀ ਉੱਦਮੀ ਪ੍ਰਤਿਭਾ ਹੈ ਜਿਸ ਸਦਕਾ ਬਹੁਤ ਸਾਰੀਆਂ ਭਾਰਤੀ ਫਰਮਾਂ, ਖ਼ਾਸ ਕਰਕੇ ਟਾਟਾ ਨੇ ਅੰਤਰਰਾਸ਼ਟਰੀ ਬਾਜ਼ਾਰ ਵਿਚੋਂ ਵਿਦੇਸ਼ੀ ਨਿਵੇਸ਼ ਲਈ ਪੂੰਜੀ ਜੁਟਾਈ। ਨੈਥਨੀਅਲ ਲੈੱਫ ਦੇ ਸ਼ਬਦਾਂ ਵਿਚ:

*"ਉੱਦਮਤਾ ਤੋਂ ਉੱਚ ਜਾਣਕਾਰੀ, ਜ਼ਿਆਦਾ ਮਹੱਤਵਪੂਰਨ ਹੈ, ਕਲਪਨਾ ਦਾ ਝਲਕਾਰਾ ਪੈਂਦਾ ਹੈ ਜੋ ਨਵੇਂ ਮੌਕਿਆਂ ਦੇ ਜੋਖ਼ਮ ਅਤੇ ਅਨਿਸਚਿਤਤਾਵਾਂ ਘੱਟ ਕਰਦੀ ਹੈ, ਜਿਨ੍ਹਾਂ ਨੂੰ ਦੂਜੇ ਨਿਵੇਸ਼ਕਾਂ ਦੁਆਰਾ ਰੱਦ ਜਾਂ ਨਜ਼ਰਅੰਦਾਜ਼ ਕਰ ਦਿਤਾ ਜਾਂਦਾ ਹੈ।"*


ਉੱਦਮਤਾ 'ਤੇ ਕੀਤੇ ਗਏ ਅਧਿਐਨ ਇਸ ਨੂੰ ਮੁੱਖ ਤੌਰ ਤੇ ਦੋ ਸਮੂਹਾਂ ਵਿਚ ਵੰਡਦੇ ਹਨ – ਜ਼ਰੂਰਤ ਦੀ ਉੱਦਮਤਾ ਅਤੇ ਮੌਕੇ ਦੀ ਉੱਦਮਤਾ (ਕੋਸਟਰ ਅਤੇ ਰਾਜ, 2008)। ਪਹਿਲਾ ਉਦੋਂ ਹਰਕਤ ਵਿਚ ਆਉਂਦਾ ਹੈ ਜਦੋਂ ਰੁਜ਼ਗਾਰ ਦੇ ਮੌਕੇ ਘਟ ਜਾਂਦੇ ਹਨ ਅਤੇ ਨੌਕਰੀ ਲੱਭਣ



ਚਿੱਤਰ-1



*ਚਿੱਤਰ-2 (ਸਰੋਤ : ਦਿ ਇਕਨਾਮਿਸਟ, 2009)*




*ਸਰੋਤ : ਡੀਬਿਊਲ ਅਤੇ ਦੁਨਾਮੂ (2012)*

ਵਾਲਿਆਂ ਨੂੰ ਆਪਣੇ ਤੌਰ ਤੇ ਉਤਪਾਦਨ ਇਕਾਈਆਂ ਸਥਾਪਤ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਮੌਕਾ ਆਧਰਿਤ ਉੱਦਮਤਾ ਉਦੋਂ ਹੋਂਦ ਵਿਚ ਆਉਂਦੀ ਹੈ ਜਦੋਂ ਫਰਮਾਂ ਨਵੇਂ ਬਾਜ਼ਾਰਾਂ ਵਿਚ ਪੈਠ ਸਥਾਪਤ ਕਰਨ ਦੇ ਤੌਰ ਤਰੀਕੇ ਤਲਾਸ਼ਦੀਆਂ ਹਨ। ਉਦਾਰੀਕਰਨ ਦੇ ਦੌਰ ਤੋਂ ਬਾਅਦ ਵਿਦੇਸ਼ਾਂ ਵਿਚ ਕਾਰੋਬਾਰ ਕਰਨ ਵਾਲੀਆਂ ਫਰਮਾਂ ਮੌਕਾ ਆਧਾਰਿਤ ਸ਼੍ਰੇਣੀ ਵਿਚ ਸ਼ਾਮਿਲ ਹਨ।

ਭਾਰਤੀ ਫਰਮਾਂ ਦੇ ਉੱਦਮਤਾ ਵਾਲਾ ਸਹਿਜ ਗਿਆਨ ਅਤੇ ਕੁਸ਼ਲਤਾ ਦੀਆਂ ਜੜ੍ਹਾਂ ਭਾਰਤੀ ਆਰਥਿਕਤਾ ਦੇ ਅਨੇਕ ਵਿਲੱਖਣ ਲੱਛਣਾਂ ਵਿਚ ਲੱਭੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਸਭ ਤੋਂ ਪਹਿਲਾ ਹੈ ਇਤਿਹਾਸ ਤੋਂ ਪ੍ਰਾਪਤ ਵਿਰਾਸਤੀ ਭਾਰਤ ਦਾ ਵਪਾਰਕ ਉੱਦਮਤਾ ਦਾ ਇਕ ਲੰਬਾ ਇਤਿਹਾਸ ਹੈ ਜੋ ਜਾਤੀ ਅਤੇ ਸਮੁਦਾਇ ਮੁਖੀ ਹੈ। ਇਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਸਮੂਹ ਹਨ ਬਾਣੀਏ ਅਤੇ ਮਾਰਵਾੜੀ, ਜੋ ਮੁੱਖ ਤੌਰ ਤੇ ਵਪਾਰੀ ਅਤੇ ਸ਼ਾਹੂਕਾਰ ਹਨ ਜਿਨ੍ਹਾਂ ਦਾ ਬਰਤਾਨਵੀ ਬਸਤੀਵਾਦੀ ਦੌਰ ਸਮੇਂ ਭਾਰਤ ਦੇ ਵਿਦੇਸ਼ ਵਪਾਰ ਲਈ ਫ਼ੰਡ ਜੁਟਾਉਣ ਵਿਚ ਅਹਿਮ ਯੋਗਦਾਨ ਰਿਹਾ। ਪਾਰਸੀ, ਜਿਨ੍ਹਾਂ ਦੀ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਕੋਈ ਧਾਰਮਿਕ ਸਾਂਝ ਨਹੀਂ ਸੀ, ਆਪਣੇ ਆਪ ਵਿਚ ਇਕ ਜਮਾਤ ਸਨ। ਉਨ੍ਹਾਂ ਨੇ ਬਰਤਾਨਵੀ ਅਤੇ ਭਾਰਤੀ ਵਪਾਰਕ ਘਰਾਣਿਆਂ ਦਰਮਿਆਨ ਇਕ ਕੜੀ ਦਾ ਕੰਮ ਕੀਤਾ।

ਹਰੀਸ਼ ਦਾਮੋਦਰਨ (2008) ਭਾਰਤ ਦੇ ਵਪਾਰਕ ਘਰਾਣਿਆਂ ਬਾਰੇ ਇਕ ਖੋਜ ਵਿਚ ਪਾਰਸੀਆਂ ਦੇ ਬਰਤਾਨਵੀਆਂ ਨਾਲ ਵਿਸ਼ੇਸ਼ ਸੰਬੰਧਾਂ ਦਾ ਜ਼ਿਕਰ ਕਰਦਾ ਹੈ, *"ਹਿੰਦੂ ਜਾਂ ਮੁਸਲਿਮ ਮੁੱਖ ਧਾਰਾ ਦਾ ਅੰਗ ਨਾ ਹੋਵੇ,। ਕੋਈ ਰਾਜਨੀਤਕ ਇੱਛਾਵਾਂ ਨਾ ਰੱਖ ਕੇ ਅਤੇ ਭਰੂੱਚ, ਸੂਰਤ ਅਤੇ ਦਮਨ ਬੰਦਰਗਾਹਾਂ ਨੇੜੇ ਹੋਣ ਸਦਕਾ ਵਪਾਰਕ ਪ੍ਰਭਾਵ ਹੇਠ ਹੋਣ ਕਾਰਨ, ਪਾਰਸੀ ਸਥਾਨਕ ਦਲਾਲਾਂ ਅਤੇ ਜਹਾਜ਼ਰਾਨੀ ਵਾਲਿਆਂ ਵਜੋਂ ਸਭ ਤੋਂ ਜ਼ਿਆਦਾ ਆਦਰਸ਼ਕ ਸਮਝੇ ਜਾਂਦੇ ਸਨ"* (ਦਾਮੋਦਰਨ, 2008, ਪੰਨਾ 14)। ਬਰਤਾਨਵੀ ਈਸਟ ਇੰਡੀਆ ਕੰਪਨੀ ਨਾਲ ਉਨ੍ਹਾਂ ਦੇ ਵਪਾਰਕ ਸੰਬੰਧ ਵਿਆਪਕ ਸਨ ਜੋ 19ਵੀਂ ਸਦੀ ਵਿਚ ਚੀਨ ਅੰਦਰ ਅਫੀਮ ਦੇ ਮੁਨਾਫੇ ਵਾਲੇ ਵਪਾਰ ਤਕ ਫੈਲੇ ਹੋਏ ਸਨ।

ਪਾਰਸੀ ਅਤੇ ਬਾਣੀਆ, ਦੋਵਾਂ ਦੇ ਵਪਾਰਕ ਹਿਤ ਵਿਸ਼ਵ ਬਾਜ਼ਾਰ ਵਿਚ ਕਪਾਹ, ਚਾਹ, ਰੇਸ਼ਮ ਅਤੇ ਦੂਜੇ ਕੱਚੇ ਮਾਲ ਵਿਚ ਸਨ। ਬਸਤੀਵਾਦੀ ਸਮੇਂ ਦੌਰਾਨ ਭਾਰਤੀ ਵਪਾਰਕ ਉੱਦਮਾਂ ਦੀ ਇਕ ਵਿਸ਼ੇਸ਼ਤਾ ਭਾਰਤੀ ਵਪਾਰੀਆਂ ਦਾ ਦੋ ਸੱਭਿਅਤਾਵਾਂ – ਭਾਰਤੀ ਅਤੇ ਯੂਰਪੀਨ ਦਰਮਿਆਨ ਵਿਚਰਨ ਦੀ ਸਮਰੱਥਾ ਸੀ। ਜਿਵੇਂ ਕਿ ਤੀਰਥੰਕਰ ਰਾਇ (2011) ਲਿਖਦੇ ਹਨ, "ਭਾਰਤੀ, ਸਮੁਦਾਇਕ ਨੇਮਾਂ ਦੀ ਗ਼ੈਰ-ਰਸਮੀ ਦੁਨੀਆਂ ਅਤੇ ਕਾਰਪੋਰੇਟ ਕਾਨੂੰਨ ਦੀ ਰਸਮੀ ਦੁਨੀਆਂ ਯੂਰਪੀਨਾਂ ਦੇ ਮੁਕਾਬਲੇ ਜ਼ਿਆਦਾ ਸਹਿਜਤਾ ਨਾਲ ਵਿਚਰਦੇ ਰਹੇ, ਉਹ ਸਫਲਤਾ ਸਹਿਤ ਦੋਨਾਂ ਗੋਲਾਰਧਾਂ ਵਿਚ ਫੈਲ ਗਏ ਅਤੇ ਇਸ ਦਾ ਯੂਰਪੀਨਾਂ ਦੇ ਗਠਜੋੜ ਨੂੰ ਢਾਹ ਲਾਉਣ ਵਿਚ ਭਰਪੂਰ ਇਸਤੇਮਾਲ ਕੀਤਾ।"

ਭਾਰਤੀ ਫਰਮਾਂ ਵਿਚ ਉੱਦਮੀ ਪਤਿਭਾ ਨੂੰ ਵਿਕਸਤ ਕਰਨ ਵਿਚ ਜਿਸ ਦੂਜੇ ਤੱਤ ਦਾ ਯੋਗਦਾਨ ਹੈ, ਉਹ ਹੈ ਵਪਾਰਕ ਸਮੂਹਾਂ ਦੀ ਹੋਂਦ ਜੋ ਜ਼ਿਆਦਾਤਰ ਪਰਿਵਾਰ ਮੁਖੀ ਸਨ। 2000-2008 ਦੇ ਕਾਲਖੰਡ ਦੌਰਾਨ ਵਿਦੇਸ਼ੀ ਪ੍ਰਾਪਤੀ ਦਾ ਤਿੰਨ-ਚੌਥਾਈ, ਜਿਸ ਦਾ ਅੰਦਾਜ਼ਾ 1347 ਹੈ, ਉਹ ਸਮੂਹ ਨਾਲ ਜੁੜੀਆਂ ਫਰਮਾਂ ਵਲੋਂ ਕੀਤੇ ਗਏ, ਮੁਕਾਬਲਤਨ ਇਕਹਿਰੇ ਰੂਪ ਵਿਚ ਭੰਗ ਕਰਨ ਵਾਲੀਆਂ ਫਰਮਾਂ ਦੇ। ਇਹ ਵਪਾਰਕ ਸਮੂਹਾਂ ਦਾ ਇਕੱਲੇ ਰੂਪ ਵਿਚ ਕੰਮ ਕਰਨ ਵਾਲੀਆਂ ਫਰਮਾਂ ਦੇ ਦਬਦਬੇ ਨੂੰ ਦਰਸਾਉਂਦਾ ਹੈ ਜਿਸ ਨਾਲ ਉਹ ਬਾਜ਼ਾਰੀ ਬਾਹਰੀਕਰਨ ਦਾ ਨਿਪੁੰਨਤਾ ਨਾਲ ਅੰਦਰੂਨੀਕਰਨ ਕਰਨ ਦੇ ਕਾਬਲ ਹੋ ਜਾਂਦੇ ਹਨ (ਪ੍ਰਧਾਨ 2010, ਖੰਨਾ ਅਤੇ ਪਾਲੇਪੂ, 1997, ਖੰਨਾ ਅਤੇ ਯਤੇਹ 2007)। ਸਮੂਹਿਕ ਮੁਖੀ ਫਰਮਾਂ ਭਾਰਤ ਲਈ ਨਵੀਆਂ ਨਹੀਂ ਹਨ, ਉਹ ਦੂਸਰੀਆਂ ਉੱਭਰ ਰਹੀਆਂ ਆਰਥਿਕਤਾਵਾਂ ਵਿਚ ਵੀ ਮੌਜੂਦ ਹਨ, ਪਰ ਭਾਰਤੀ ਸਮੂਹਾਂ ਦੀ ਪਰਿਵਾਰ ਮੁਖੀ ਬਣਤਰ ਭਾਰਤੀ ਵਪਾਰਕ ਘਰਾਣਿਆਂ ਦੀ ਇਕ ਖ਼ਾਸ ਵਿਲੱਖਣਾ ਹੋ ਸਕਦੀ ਹੈ। ਸਮੂਹ ਵਿਚ ਸ਼ਾਮਿਲ ਇਕਾਈਆਂ ਭਿੰਨ-ਭਿੰਨ ਉਤਪਾਦ ਅਤੇ ਸੇਵਾਵਾਂ ਬਣਾਉਂਦੀਆਂ ਹਨ, ਪਰ ਉਹ ਜੋਖਮ ਸਾਂਝੇ ਤੌਰ 'ਤੇ ਝੱਲਦੀਆਂ ਹਨ, ਵਿਤ ਅਤੇ ਜਾਣਕਾਰੀ ਦੇ ਸੋਮੇ ਨੂੰ ਸਾਂਝੇ ਕਰਦੀਆਂ ਹਨ ਅਤੇ ਮਜ਼ਦੂਰੀ ਅਤੇ ਪ੍ਰਬੰਧਨ ਦੀ ਸਿਖਲਾਈ ਵਿਚ ਨਿਵੇਸ਼ ਕਰਦੀਆਂ ਹਨ। ਸਮੂਹ, ਵਿਕਸਤ ਪੂੰਜੀ ਬਾਜ਼ਾਰ ਅਤੇ ਸੰਸਥਾਨਾਂ ਦੀ ਭਰਪਾਈ ਕਰਦੇ ਹਨ ਜੋ ਵਿਕਸਤ ਦੇਸ਼ਾਂ ਵਿਚ ਜੋਖਮ ਉਠਾਉਣ ਅਤੇ ਯੋਜਨਾਬੰਦੀ ਵਿਚ ਸਹਾਇਕ ਹੁੰਦੇ ਹਨ। ਇਕ ਤੀਜਾ ਤੱਤ ਜਿਸ ਨੇ ਭਾਰਤੀ ਵਪਾਰ ਦੀ ਉੱਦਮੀ ਕਲਾ-ਕੌਸ਼ਲ ਵਿਚ ਯੋਗਦਾਨ ਪਾਇਆ ਹੈ, ਉਹ ਹੈ ਸਿੱਖਿਆ ਪ੍ਰਣਾਲੀ ਜੋ ਪੁਰਾਤਨ ਸਮਿਆਂ ਤੋਂ ਅੱਜ ਤਕ ਭਾਰਤ ਲਈ ਵਿਲੱਖਣ ਰਹੀ ਹੈ। ਜਿਵੇਂ ਕਿ ਤੀਰਥੰਕਰ ਰਾਇ (2011) ਕਹਿੰਦੇ ਹਨ, '

*'ਭਾਰਤ ਵਿਚ ਬਸਤੀਵਾਦੀ ਕਾਲ ਦੌਰਾਨ ਸਿੱਖਿਆ ਪ੍ਰਣਾਲੀ ਜਾਤ-ਆਧਾਰਿਤ ਸੀ, "ਸਾਰਿਆਂ ਲਈ ਸਿੱਖਿਆ ਦੀ ਮੰਗ ਦੀ ਇਤਿਹਾਸਕ ਪੱਧਤੀ ਸਾਰੇ ਪੱਧਰਾਂ 'ਤੇ ਕੁਝ ਖ਼ਾਸ ਜਾਤਾਂ ਅਤੇ ਭਾਈਚਾਰਿਆਂ ਪ੍ਰਤਿ ਪੱਖਪਾਤੀ ਸੀ ਕਿਉਂਕਿ*

*ਇਨ੍ਹਾਂ ਲੋਕਾਂ ਦੀ ਪੜ੍ਹਨ-ਲਿਖਣ ਦੀਆਂ ਸੇਵਾਵਾਂ ਨਾਲ ਵਿਰਾਸਤੀ ਸਾਂਝ ਸੀ। ਉਹ ਸਮੂਹ, ਜਿਨ੍ਹਾਂ ਦਾ ਲਿਖਣ-ਪੜ੍ਹਨ ਦੇ ਕਿੱਤਿਆਂ, ਦਵਾਈ, ਅਧਿਆਪਨ ਅਤੇ ਪੁਜਾਰੀਵਾਦ ਨਾਲ ਬਸਤੀਵਾਦੀ ਸਮਿਆਂ ਤੋਂ ਪਹਿਲਾਂ ਦਾ ਸੰਪਰਕ ਸੀ, ਉਹ ਸਿੱਖਿਆ, ਦਵਾਈਆਂ ਅਤੇ ਜਨਤਕ ਪ੍ਰਸ਼ਾਸਨ ਵਿਚ ਬਸਤੀਵਾਦੀ ਸਾਰਿਆਂ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਦੀਆਂ ਜਮਾਤਾਂ ਅਤੇ ਜਾਤਾਂ ਨੇ ਨਵੇਂ ਸਕੂਲਾਂ ਅਤੇ ਕਾਲਜਾਂ ਦਾ ਦਿਲਚਸਪੀ ਨਾਲ ਇਸਤੇਮਾਲ ਕੀਤਾ, ਜਦ ਕਿ ਦੂਜੀਆਂ ਜਮਾਤਾਂ ਅਤੇ ਜਾਤਾਂ ਬਹੁਤ ਘੱਟ ਗਿਣਤੀ ਵਿਚ ਸਕੂਲਾਂ ਅੰਦਰ ਗਈਆਂ, ਸਕੂਲਾਂ ਨੂੰ ਛੱਡਣ ਦਾ ਰੁਝਾਨ ਵੀ ਇਨ੍ਹਾਂ ਵਿਚ ਜ਼ਿਆਦਾ ਸੀ। ਪੜ੍ਹਨ-ਲਿਖਣ ਦੀਆਂ ਸੇਵਾਵਾਂ, ਸੇਵਾ ਦੇ ਕਿੱਤੇ ਦੀ ਚੋਣ ਦੀ ਪਹਿਲ ਅਤੇ ਸਿੱਟੇ ਵਜੋਂ ਸਿੱਖਿਆ ਦੀ ਪਹਿਲ ਦੇ ਮਾਮਲੇ ਵਿਚ ਪਰਿਵਾਰ ਇਤਿਹਾਸ ਦਾ ਆਪਸੀ ਸੰਬੰਧ, ਖ਼ਾਸ ਕਰ ਕੇ ਤਿੰਨ ਬੰਦਰਗਾਹ ਵਾਲੇ ਸ਼ਹਿਰਾਂ – ਮਦਰਾਸ, ਬੰਬਈ ਤੇ ਕਲਕੱਤਾ 'ਚ ਕਾਫ਼ੀ ਨਜ਼ਦੀਕ ਸੀ।"*

ਸਿੱਖਿਆ ਪ੍ਰਣਾਲੀ ਜਾਤੀ ਆਧਾਰਿਤ ਸੀ ਅਤੇ ਇਸ ਵਿਚ ਕਿੱਤਿਆਂ ਵਿਚ ਦਾਖ਼ਲ ਹੋਣ ਵਾਲਿਆਂ ਦਾ ਦਬਦਬਾ ਸੀ। ਇਸੇ ਕਰਕੇ ਹੀ ਕੁਲੀਨ ਜਾਤੀ ਸਮੂਹ ਮੁਢਲੀ ਤੋਂ ਉੱਚ ਸਿੱਖਿਆ ਤਕ ਪਹੁੰਚ ਗਏ ਅਤੇ ਪ੍ਰਣਾਲੀ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ। ਆਮ ਜਨਤਾ ਲਈ ਮੁਢਲੀ ਸਿੱਖਿਆ ਨਜ਼ਰਅੰਦਾਜ਼ ਕਰ ਦਿਤੀ ਗਈ। ਇਹ ਜਾਤੀ ਆਧਾਰਿਤ ਸਿੱਖਿਆ ਹੀ ਹੈ ਜੋ ਮੁਖ ਤੌਰ ਤੇ ਸਿਵਲ ਸਰਵਿਸ ਅਤੇ ਕਿੱਤਾ ਮੁਖੀ ਹੈ, ਜਿਸ ਨੇ ਸੇਵਾਵਾਂ ਦੀ ਆਰਥਿਕਤਾ ਅਤੇ ਸੇਵਾਵਾਂ ਦੇ ਸਮੂਹ ਵਿਚ ਸਾਫਟਵੇਅਰ ਵਿਕਾਸ ਦਾ ਮੁੱਢ ਬੰਨ੍ਹ ਦਿਤਾ, ਜੋ ਭਾਰਤ ਦੇ ਵਿਦੇਸ਼ਾਂ ਵਿਚ ਪ੍ਰਮੁੱਖ ਨਿਵੇਸ਼ਕਾਰ ਹਨ। ਇਕ ਚੌਥਾ ਪੱਖ ਜਿਸ ਨੇ ਭਾਰਤੀ ਵਪਾਰਕ ਘਰਾਣਿਆਂ ਦੇ ਪ੍ਰਬੰਧਕੀ ਨਿਪੁੰਨਤਾ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ, ਉਹ ਹੈ ਯੂ ਕੇ ਅਤੇ ਅਮਰੀਕਾ ਵਿਚ ਪਰਵਾਸੀ ਭਾਰਤੀਆਂ ਦੀ ਹੋਂਦ। ਪਿਛਲੇ ਦਹਾਕੇ ਦੇ ਅਖੀਰੀ ਭਾਗ ਨਾਲ ਸੰਬੰਧਿਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਯੂ ਕੇ ਵਿਚ 1.6 ਮਿਲੀਅਨ ਭਾਰਤੀ ਸਨ ਜੋ ਦੇਸ਼ ਦੀ ਕੁੱਲ ਵਸੋਂ ਦਾ 1.8 ਪ੍ਰਤਿਸ਼ਤ ਬਣਦੇ ਹਨ ਅਤੇ ਅਮਰੀਕਾ ਵਿਚ 2.8 ਮਿਲੀਅਨ ਭਾਰਤੀ ਸਨ ਜੋ ਅਮਰੀਕਾ ਦੀ ਵਸੋਂ ਦਾ 0.9 ਪ੍ਰਤਿਸ਼ਤ ਸਨ। ਅਮਰੀਕਾ ਅਤੇ ਯੂ ਕੇ, ਦੋਵਾਂ ਵਿਚ ਵਸਣ ਵਾਲੇ ਪੇਸ਼ੇਵਰ, ਦੇਵੇਸ਼ ਕਪੂਰ (2010) ਦੇ ਸ਼ਬਦਾਂ ਵਿਚ 'ਪ੍ਰਤਿਸ਼ਠਿਤ ਵਿਚੋਲਿਆਂ ਦਾ ਕੰਮ ਕਰਦੇ ਹਨ; ਉਹ ਵਿਦੇਸ਼ੀ ਅਤੇ ਭਾਰਤੀ ਫਰਮਾਂ ਦਰਮਿਆਨ ਵਿਚੋਲੇ ਦਾ ਕਾਰਜ ਨਿਭਾਉਂਦੇ ਹਨ ... ਜਗਦੀਸ਼ ਭਗਵਤੀ (1974) ਦੇ ਸ਼ਬਦਾਂ ਵਿਚ ਬਹੁਤ ਸਾਰੇ ਪਰਵਾਸੀ 'ਆਉਣ ਜਾਣ ਵਾਲੇ ਪਰਵਾਸੀ' ਵਜੋਂ ਵੀ ਵਿਚਰਦੇ ਹਨ, ਉਹ ਅਕਸਰ ਹੀ ਭਾਰਤ ਅਤੇ ਆਪਣੇ ਨਿਵਾਸ ਦੇ ਦੇਸ਼ ਵਿਚਕਾਰ ਯਾਤਰਾ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਦੋਨਾਂ ਦੇਸ਼ਾਂ ਅੰਦਰ ਵਪਾਰਕ ਹਿਤ ਹੁੰਦੇ ਹਨ। ਇਹ ਸਾਰਾ ਕੁਝ ਭਾਰਤੀ ਵਪਾਰਕ ਫਰਮਾਂ ਦੀ ਪ੍ਰਬੰਧਨ ਕੁਸ਼ਲਤਾ ਨੂੰ ਵਧਾਉਂਦਾ ਹੈ, ਖ਼ਾਸ ਕਰਕੇ ਆਰਥਿਕਤਾ ਦੇ ਸੇਵਾਵਾਂ ਦੇ ਖੇਤਰ ਵਿਚ ਜਿਵੇਂ ਵਿਤ, ਬਾਜ਼ਾਰ ਚੌਕਸੀ ਅਤੇ ਸਾਫਟ-ਵੇਅਰ ਉਦਯੋਗ।

ਵਿਦੇਸ਼ਾਂ ਵਿਚ ਇਸ ਸ਼ਾਨਦਾਰ ਭਾਰਤੀ ਨਿਵੇਸ਼ ਦੀਆਂ ਦੋ ਹੋਰ ਵਿਆਖਿਆਵਾਂ ਵੀ ਹੋ ਸਕਦੀਆਂ ਹਨ। ਪਹਿਲਾ, ਘਰੇਲੂ ਨਾਲੋਂ ਵਿਦੇਸ਼ ਦੇ ਵਪਾਰਕ ਵਾਤਾਵਰਨ ਅੰਦਰ ਕੰਮ ਕਰਨਾ ਵੱਧ ਸੁਖਾਲਾ ਹੋ ਸਕਦਾ ਹੈ। ਮੀਡੀਆ ਦੀਆਂ ਹਾਲੀਆ ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤੀ ਵਪਾਰੀਆਂ ਦੀ ਸੁਸਤ ਸਰਕਾਰੀ ਮਸ਼ੀਨਰੀ ਕਰਕੇ ਉਪਜੀ ਨਿਰਾਸ਼ਾ, ਖ਼ਾਸ ਕਰਕੇ ਜਿਨ੍ਹਾਂ ਨੇ ਨੌਕਰਸ਼ਾਹਾਂ ਨਾਲ 'ਕਾਰਜਕਾਰੀ ਸੰਬੰਧ' ਵੀ ਬਣਾ ਲਏ ਹੋਣ, ਵੀ ਇਸ ਵਿਚਾਰ ਨੂੰ ਬਲ ਦਿੰਦੀ ਹੈ (ਕ੍ਰੈਬਟਰੀ, 2012)।

ਦੂਜਾ, ਮੁਨਾਫ਼ੇ ਵਾਲੇ ਘਰੇਲੂ ਭਾਰਤੀ ਬਾਜ਼ਾਰ ਦੀ ਹਾਜ਼ਰੀ ਵਿਚ ਵਿਦੇਸ਼ੀ ਬਾਜ਼ਾਰ ਦੀ ਖਿੱਚ ਵਿਚ 19ਵੀਂ ਸਦੀ ਦੇ ਦੂਜੇ ਅੱਧ ਦੇ ਬਰਤਾਨਵੀ ਤਜਰਬਿਆਂ ਦੀ ਗੂੰਜ ਹੈ। 1870-1914 ਦੇ ਸਮੇਂ ਦੌਰਾਨ ਬਰਤਾਨੀਆ ਨੇ ਵੱਡੀ ਮਾਤਰਾ ਵਿਚ ਆਪਣੀਆਂ ਬਸਤੀਆਂ ਵਿਚ ਨਿਵੇਸ਼ ਪੂੰਜੀ ਦਾ ਨਿਰਯਾਤ ਕੀਤਾ, 1914 ਵਿਚ ਬਰਤਾਨੀਆ ਦਾ ਵਿਦੇਸ਼ਾਂ ਵਿਚ ਕੁੱਲ ਸਟਾਕ ਅੰਦਾਜ਼ਨ 20 ਬਿਲੀਅਨ ਡਾਲਰ ਸੀ। ਪੂੰਜੀ ਦਾ ਇਹ ਨਿਰਯਾਤ ਹੋਇਆ ਭਾਵੇਂ ਕਿ ਦੇਸ਼ ਵਿਚ ਬੇਰੁਜ਼ਗਾਰੀ ਸੀ ਅਤੇ ਵਪਾਰਕ ਸੰਤੁਲਨ ਵਿਚ ਵੱਡਾ ਘਾਟਾ ਸੀ। ਬਰਤਾਨੀਆ ਦੇ ਵਿਦੇਸ਼ਾਂ ਵਿਚ ਨਿਵੇਸ਼ ਪ੍ਰਾਪਤ ਕਰਨ ਵਾਲੀਆਂ ਉਨ੍ਹਾਂ ਦੀਆਂ ਬਸਤੀਆਂ ਸਨ; ਉਨ੍ਹਾਂ ਨੇ ਨਿਰਯਾਤ ਦੀ ਆਮਦਨ ਨਾਲ ਦੇਣਦਾਰੀਆਂ ਚੁਕਾਈਆਂ ਅਤੇ ਬਰਤਾਨੀਆ ਨੇ ਵਿਦੇਸ਼ਾਂ ਵਿਚ ਕੀਤੇ ਨਿਵੇਸ਼ ਦੇ ਮੁਨਾਫ਼ੇ ਨਾਲ ਬਸਤੀਆਂ ਤੋਂ ਆਯਾਤ ਕੀਤੇ ਕੱਚੇ ਮਾਲ ਦਾ ਭੁਗਤਾਨ ਕੀਤਾ। ਇਹ ਦ੍ਰਿਸ਼ 1980ਵਿਆਂ ਵਿਚ ਦੁਹਰਾਇਆ ਗਿਆ ਅਤੇ ਇਸ ਨੇ ਉਨ੍ਹਾਂ ਲੋਕਾਂ ਵਿਚਾਲੇ ਅੱਛੀ ਖਾਸੀ ਬਹਿਸ ਛੇੜ ਦਿਤੀ ਜੋ ਬਰਤਾਨੀਆ ਦੇ ਪੂੰਜੀ ਨਿਰਯਾਤ ਨੂੰ ਮੁਨਾਫ਼ੇ ਦੀਆਂ ਦਰਾਂ ਵਿਚ ਫ਼ਰਕ ਅਤੇ ਘਰੇਲੂ ਇਕਾਈਆਂ ਅਤੇ ਵਿਦੇਸ਼ੀ ਬਾਂਡ ਦਰਮਿਆਨ ਜੋਖ਼ਮ ਦਾ ਨਤੀਜਾ ਸਮਝਦੇ ਸਨ (ਤੇਮਿਨ, 1987) ਅਤੇ ਦੂਜੇ ਜੋ ਇਸ ਦਾ ਕਾਰਨ ਘਰੇਲੂ ਬਾਜ਼ਾਰਾਂ ਵਿਚ ਵੱਖ-ਵੱਖ ਤਰ੍ਹਾਂ ਦੇ ਵਿਗਾੜਾਂ ਨੂੰ ਸਮਝਦੇ ਸਨ (ਪੋਲਾਰਡ, 1985; ਬਾਲਾ ਸੁਬਰਾਮਨੀਅਮ, 1989)। ਬਰਤਾਨਵੀ ਘਰੇਲੂ ਬਾਜ਼ਾਰ ਦੇ ਵਿਗਾੜ ਜੋ ਪੂੰਜੀ ਨਿਰਯਾਤ ਦਾ ਕਾਰਨ ਬਣੇ, ਵਿਚ ਢਾਂਚਾਗਤ ਕਠੋਰਤਾ, ਟ੍ਰੇਡ ਯੂਨੀਅਨ ਦੀਆਂ ਸ਼ਕਤੀਆਂ ਅਤੇ ਜਲਦੀ ਨਾਲ ਪੇਸ਼ਾ ਬਦਲਣ ਪ੍ਰਤਿ ਗ਼ੈਰ-ਦਿਲਚਸਪੀ ਸ਼ਾਮਿਲ ਸਨ। ਅਜਿਹੇ ਵਿਗਾੜ ਅਤੇ ਕਠੋਰਤਾਵਾਂ ਮੌਜੂਦ ਭਾਰਤੀ ਆਰਥਿਕਤਾ ਦੀ ਵੀ ਵਿਸ਼ੇਸ਼ਤਾ ਬਣ ਗਏ ਜਾਪਦੇ ਹਨ ਅਤੇ ਭਾਰਤੀ ਓ ਡੀ ਆਈ ਫਰਮਾਂ ਦੇ ਵਿਕਾਸ ਦਾ ਕਾਰਨ ਬਣ ਸਕਦੇ ਹਨ।

ਕੁੱਲ ਮਿਲਾ ਕੇ, ਭਾਰਤੀ ਉੱਦਮੀਆਂ ਕੋਲ ਜੋ ਕਲਾ ਕੌਸ਼ਲ ਹਨ, ਜੋ ਉਨ੍ਹਾਂ ਵਲੋਂ ਵਿਦੇਸ਼ਾਂ ਅੰਦਰ ਨਿਵੇਸ਼ ਕਰਨ ਵਿਚ ਸਹਾਈ ਹੁੰਦੇ ਹਨ, ਇਹ ਦੇਸ਼ ਦੇ ਇਤਿਹਾਸ ਤੋਂ ਪ੍ਰਾਪਤ ਵਿਰਾਸਤ ਹਨ – ਬਸਤੀਵਾਦੀ ਦਿਨਾਂ ਤੋਂ ਪ੍ਰਾਪਤ ਉੱਦਮੀ ਅਤੇ ਵਪਾਰ ਦੇ ਕਲਾ ਕੌਸ਼ਲ ਅਤੇ ਇੰਜੀਨੀਅਰਿੰਗ ਅਤੇ ਮਾਨਵੀ ਕਲਾਵਾਂ ਜੋ ਹਾਲੀਆ ਸਮੇਂ ਵਿਚ ਆਜ਼ਾਦੀ ਪ੍ਰਾਪਤੀ ਦੇ ਬਾਅਦ ਵਾਲੇ ਸਾਲਾਂ ਵਿਚ ਪ੍ਰਾਪਤ ਹੋਈਆਂ। ਇਹ ਕਲਾ ਕੌਸ਼ਲ ਵਿਗਿਆਨ ਰਾਜ ਦੇ ਦਿਨਾਂ ਵਿਚ ਘੁਟ ਕੇ ਰਹਿ ਗਏ ਜੋ 1991 ਤਕ ਤਿੰਨ ਦਹਾਕੇ ਤੋਂ ਵੱਧ ਸਮਾਂ ਚੱਲਿਆ। ਆਰਥਿਕ ਉਦਾਰੀਕਰਨ ਦੇ ਵਸੀਲਿਆਂ ਨੇ ਜਿੰਨ ਬੋਤਲ ਤੋਂ ਬਾਹਰ ਕੱਢ ਦਿਤਾ। ਉਨ੍ਹਾਂ ਨੇ ਉੱਦਮੀਆਂ ਨੂੰ ਕਾਨੂੰਨਾਂ ਅਤੇ ਨੇਮਾਂ ਦੀ ਪਾਲਣਾ ਕਰਨ ਦੇ ਨੀਰਸ ਅਤੇ ਰੁੱਖੇ ਕੰਮ ਤੋਂ ਆਜ਼ਾਦ ਕਰ ਦਿਤਾ ਅਤੇ ਵਿਸ਼ਵੀਕਰਨ ਦੀ ਦੁਨੀਆਂ ਵਿਚ ਮੁਕਾਬਲੇ ਦੇ ਬਾਜ਼ਾਰਾਂ ਵਲੋਂ ਪੇਸ਼

***ਬਾਕੀ ਸਫ਼ਾ 11 ਉੱਤੇ***

# ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼ : ਨੀਤੀ ਪਰਿਵਰਤਨ ਤੇ ਰਾਜ ਭਿੰਨਤਾ

ਸੋਜਿਨ ਸ਼ਿਨ

ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਨਿਵਾਸੀ ਹਸਤੀ ਵਲੋਂ ਕਿਸੇ ਆਰਥਿਕਤਾ ਵਿਚ 'ਸਰਹੱਦ ਦੇ ਆਰ ਪਾਰ' ਨਿਵੇਸ਼ ਵਜੋਂ ਵੀ ਜਾਣਿਆ ਜਾਂਦਾ ਹੈ ਜਿਸ ਦਾ ਉਦੇਸ਼ ਕਿਸੇ ਦੂਜੀ ਆਰਥਿਕਤਾ ਵਿਚ ਲੰਮੇ ਸਮੇਂ ਤਕ ਹਿੱਤ ਸੁਰੱਖਿਅਤ ਰੱਖਣਾ ਹੁੰਦਾ ਹੈ (ਓ ਈ ਸੀ ਡੀ, 2013)। ਦੂਜੇ ਸ਼ਬਦਾਂ ਵਿਚ, ਭਾਰਤ ਵਾਸਤੇ ਸਿੱਧਾ ਵਿਦੇਸ਼ੀ ਨਿਵੇਸ਼ ਪਰਵਾਸੀ ਭਾਰਤੀ ਹਸਤੀ/ਵਿਅਕਤੀ ਵਲੋਂ ਕਿਸੇ ਭਾਰਤੀ ਕੰਪਨੀ ਵਿਚ ਕੀਤਾ ਜਾਣ ਵਾਲਾ ਪੂੰਜੀ ਨਿਵੇਸ਼ ਹੈ (ਭਾਰਤ ਸਰਕਾਰ, 2014:7)। ਨਾ ਸਿਰਫ਼ ਅਸਾਸਿਆਂ ਦੀ ਮਲਕੀਅਤ ਹਾਸਲ ਕਰਨਾ, ਵਿਦੇਸ਼ ਨਿਵੇਸ਼ਕਾਰ ਮੇਜ਼ਬਾਨ ਦੇਸ਼ ਦੇ ਉੱਦਮਾਂ ਦੇ ਪ੍ਰਬੰਧਨ ਵਿਚ ਫ਼ੈਸਲੇ ਲੈਣ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਇਨ੍ਹਾਂ ਦੋ ਹਾਲਤਾਂ ਦੇ ਸੰਦਰਭ ਵਿਚ ਲੰਮੇ ਸਮੇਂ ਦਾ ਨਿਵੇਸ਼ ਅਤੇ ਪ੍ਰਬੰਧਨ ਵਿਚ ਭਾਗੀਦਾਰੀ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮੇਜ਼ਬਾਨ ਦੇਸ਼ ਲਈ ਨਿਵੇਸ਼ ਸੂਚੀ ਨਿਵੇਸ਼ ਦੇ ਮੁਕਾਬਲੇ ਅੰਤਰਰਾਸ਼ਟਰੀ ਪੂੰਜੀ ਨੂੰ ਸਹਾਇਕ ਮੰਨਿਆ ਜਾਂਦਾ ਹੈ। ਨਿਵੇਸ਼ ਸੂਚੀ ਦੀਆਂ ਥੋੜ੍ਹੇ ਸਮੇਂ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦੇ ਦੋ ਵਿਰੋਧੀ ਪਹਿਲੂਆਂ ਦੇ ਬਾਵਜੂਦ, *ਲਾਭਕਾਰੀ ਜਾਂ ਨੁਕਸਾਨਦੇਹ* – ਇਸ ਦੇ ਆਰਥਿਕ ਵਿਕਾਸ ਨਾਲ ਸੰਬੰਧਾਂ ਦੇ ਚਲਦਿਆਂ, ਬਹੁਤ ਸਾਰੀਆਂ ਉੱਭਰ ਰਹੀਆਂ ਆਰਥਿਕਤਾਵਾਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਤੋਂ ਆਪਣੇ ਆਰਥਿਕ ਵਿਕਾਸ ਲਈ ਫ਼ਾਇਦੇ ਉਠਾਉਂਦੀਆਂ ਨਜ਼ਰ ਆ ਰਹੀਆਂ ਹਨ (ਮੋਰਨ, 1998)।

ਪਿਛਲੇ ਦੋ ਦਹਾਕਿਆਂ ਵਿਚ ਭਾਰਤ ਅਤੇ ਚੀਨ ਜਿਹੀਆਂ ਉੱਭਰ ਰਹੀਆਂ ਬਾਜ਼ਾਰ ਆਰਥਿਕਤਾਵਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ (ਵੇਖੋ ਯੂ ਐੱਨ ਸੀ ਟੀ ਏ ਡੀ, 2010)। ਮੇਜ਼ਬਾਨ ਦੇਸ਼ ਵਜੋਂ ਚੀਨ ਵਰਤਮਾਨ ਵਿਚ ਸਭ ਤੋਂ ਵੱਡੀ ਸੰਭਾਵਨਾ ਹੈ ਅਤੇ ਅੰਤਰਦੇਸ਼ੀ ਨਿਗਮਾਂ ਲਈ ਭਾਰਤ ਤੀਜਾ ਸਭ ਤੋਂ ਆਮ ਪਹੁੰਚ ਸਥਾਨ ਹੈ (ਯੂ ਐੱਨ ਸੀ ਟੀ ਏ ਡੀ, 2013 : 22)। ਇਨ੍ਹਾਂ ਦੋ ਉੱਭਰ ਰਹੀਆਂ ਬਾਜ਼ਾਰ ਆਰਥਿਕਤਾਵਾਂ ਨੇ ਨੀਤੀਆਂ ਵਿਚ ਬਦਲਾਅ ਅਤੇ ਪ੍ਰਸ਼ਾਸਨਿਕ ਵਿਧੀਆਂ ਦਾ ਸਰਲੀਕਰਨ ਕਰਕੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕੀਤਾ ਹੈ। ਇਸ ਪੱਧਤੀ ਪਿੱਛੇ ਅਹਿਮ ਕਾਰਨ ਸਿੱਧਾ ਵਿਦੇਸ਼ੀ ਨਿਵੇਸ਼ ਦੀਆਂ ਲਾਭਕਾਰੀ ਵਿਸ਼ੇਸ਼ਤਾਈਆਂ ਤੋਂ ਉਪਜਦੇ ਹਨ; ਰੁਜ਼ਗਾਰ ਪੈਦਾ ਕਰਨਾ, ਪੂੰਜੀਗਤ ਵਸਤਾਂ ਅਤੇ ਸਹੂਲਤਾਂ ਮੁਹੱਈਆ ਕਰਵਾਉਣੀਆਂ, ਉਤਪਾਦਨ ਨੂੰ ਹੁਲਾਰਾ ਦੇਣ ਲਈ ਤਕਨੀਕ ਦਾ ਅਦਾਨ ਪ੍ਰਦਾਨ, ਨਿਵੇਸ਼ਕਾਂ ਦੀ ਪ੍ਰਬੰਧਨ ਵਿਚ ਭਾਗੀਦਾਰੀ ਨਾਲ ਕੰਪਨੀਆਂ ਦੀ ਪਾਰਦਰਸ਼ਤਾ ਵਿਚ ਸੁਧਾਰ ਲਿਆਉਣਾ ਅਤੇ ਮੇਜ਼ਬਾਨ ਦੇਸ਼ ਵਿਚ ਘਰੇਲੂ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਜਿਵੇਂ ਕਿ ਏਸ਼ੀਅਨ ਵਿਕਾਸ ਦੇ ਕੁਝ ਮਾਡਲ, ਜਿਵੇਂ ਦੱਖਣੀ ਕੋਰੀਆ, ਤਾਇਵਾਨ, ਹਾਂਗਕਾਂਗ ਅਤੇ ਸਿੰਗਾਪੁਰ ਨੇ ਦਿਖਾਇਆ ਹੈ ਕਿ ਉਹ ਆਪਣੇ ਆਰਥਿਕ ਵਿਕਾਸ ਲਈ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ ਦਾ ਕਿਵੇਂ ਲਾਭਕਾਰੀ ਉਪਯੋਗ ਕਰ ਸਕਦੇ ਹਨ। ਹੋਰ, ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਨੂੰ ਕਿਸੇ ਵੱਡੇ ਆਰਥਿਕ ਸੰਕਟ ਦੀ ਹਾਲਤ ਵਿਚ ਵਿਦੇਸ਼ੀ ਸਿੱਕੇ ਦੀ ਇਕ ਖ਼ਾਸ ਮਾਤਰਾ ਨੂੰ ਬਣਾਏ ਰੱਖਣ ਕਰਕੇ ਮੁਦਰਾ ਅਤੇ ਆਈ ਐੱਮ ਐੱਫ ਦੇ ਬਚਾਅ ਕਰਜ਼ਿਆਂ ਨੂੰ ਘੱਟ ਕਰਨ ਵਜੋਂ ਜਾਣਿਆ ਜਾਂਦਾ ਹੈ (ਕਰੂਗਰ ਅਤੇ ਇਤੋ, 2000:7)।

## ਭਾਰਤ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਨੀਤੀ ਨਿਜ਼ਾਮ ਵਿਚ ਬਦਲਾਅ

ਭਾਰਤ ਦੇ ਮਾਮਲੇ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦੇ ਹਾਮੀ ਆਰਥਿਕ ਸੰਸਥਾਨਾਂ ਵਿਚ ਲਗਾਤਾਰ ਬਦਲਾਅ ਹੋਏ ਹਨ ਕਿਉਂਕਿ 1970ਵਿਆਂ ਦੇ ਅੱਧ ਤੋਂ ਬਾਜ਼ਾਰ ਵਿਸ਼ਵ ਬਾਜ਼ਾਰ ਵਿਚ ਸੰਗਠਿਤ ਹੋ ਗਏ ਹਨ (ਮੁਖਰਜੀ, 2014 ਏ)। ਸਿੱਧੇ ਵਿਦੇਸ਼ੀ ਨਿਵੇਸ਼ ਦਾ ਨੀਤੀਗਤ ਨਿਜ਼ਾਮ ਤਿੰਨ ਵੱਖ-ਵੱਖ ਪੜਾਵਾਂ ਵਿਚ ਵਿਕਸਤ ਹੋਇਆ ਹੈ। ਸਿੱਧੇ ਵਿਦੇਸ਼ੀ ਨਿਵੇਸ਼ ਦਾ ਵਿਰੋਧੀ (1969-75), (2) ਚੋਣਵਾਂ ਸਿੱਧਾ ਵਿਦੇਸ਼ੀ ਨਿਵੇਸ਼ (1975-91), ਤੇ (3) ਸਿੱਧੇ ਵਿਦੇਸ਼ੀ ਨਿਵੇਸ਼ ਦਾ ਪੱਖੀ (1991 ਤੋਂ ਅਗਾਂਹ) (ਸ਼ਿਨ, 2014)। ਸਿੱਧੇ ਵਿਦੇਸ਼ੀ ਨਿਵੇਸ਼ ਦੇ ਵਿਰੋਧੀ ਕਾਲ ਵਿਚ, ਉਦੋਂ ਦੀ ਸਰਕਾਰ ਨੇ 1969 ਵਿਚ ਘਰੇਲੂ ਬੈਂਕਾਂ ਦਾ ਰਾਸ਼ਟਰੀਕਰਨ ਆਰੰਭ ਕਰ ਦਿਤਾ ਤਾਂ ਜੋ ਗਰੀਬ ਤਬਕੇ ਦੀ ਰਾਜਸੀ ਹਮਾਇਤ ਪ੍ਰਾਪਤ ਕੀਤੀ ਜਾ ਸਕੇ। ਇਸ ਦੇ ਨਾਲ ਹੀ 'ਵਿਦੇਸ਼ੀ ਮੁਦਰਾ ਨਿਯਮਨ ਐਕਟ (ਐੱਫ ਈ ਆਰ ਏ) ਵਿਦੇਸ਼ੀ ਮੁਦਰਾ ਦੇ ਨਿਯਮਨ ਲਈ ਲਾਗੂ ਕੀਤਾ ਗਿਆ। ਇਸ ਐਕਟ ਦੀ ਮੁੱਖ ਵਿਸ਼ੇਸ਼ਤਾ ਸੀ ਕਿ ਵਿਦੇਸ਼ੀ ਮੁਦਰਾ ਦੇ ਮਾਮਲੇ ਵਿਚ ਕੇਂਦਰ ਸਰਕਾਰ ਦੀ ਏਕਾਧਿਕਾਰ ਵਾਲੀ ਭੂਮਿਕਾ ਸੀ। ਮਿਸਾਲ ਦੇ ਲਈ, ਰਿਜ਼ਰਵ ਬੈਂਕ ਤੋਂ ਬਿਨਾਂ ਕੋਈ ਵੀ ਰਾਜ ਦੀ ਏਜੰਸੀ ਵਿਦੇਸ਼ੀ ਮੁਦਰਾ ਦੇ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਹੀਂ ਸੀ ਕਰ ਸਕਦੀ ਕਿਉਂਕਿ ਕੇਂਦਰ ਸਰਕਾਰ ਵਲੋਂ ਇਹ ਅਧਿਕਾਰ ਸਿਰਫ਼ ਰਿਜ਼ਰਵ ਬੈਂਕ ਨੂੰ ਹੀ ਦਿਤਾ ਗਿਆ ਸੀ। ਪਰ, 'ਚੋਣਵੇਂ ਵਿਦੇਸ਼ੀ ਨਿਵੇਸ਼' ਦੇ ਕਾਲਖੰਡ ਦੌਰਾਨ ਨਿਯਮਨ ਵਿਚ ਢਿੱਲ ਦੇਣ ਕਾਰਨ ਭਾਰਤ ਦੀ ਆਰਥਿਕਤਾ ਵਿਚ ਬਦਲਾਅ ਹੋਇਆ। ਉਦੋਂ ਦੀ ਸਰਕਾਰ ਨੇ ਵਿਦੇਸ਼ੀ ਪੂੰਜੀ ਦੀ ਭਾਰਤੀ ਉਦਯੋਗਾਂ ਵਿਚ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ। 1976 ਦਾ ਵਰ੍ਹਾ ਭਾਰਤ ਦੀ ਆਰਥਿਕ ਬਣਤਰ ਲਈ ਇਕ ਵੱਡਾ ਮੋੜ ਸਾਬਤ ਹੋਇਆ, ਜਿਵੇਂ ਕਿ

ਫਰੈਂਕ (1977) ਨੇ ਕਿਹਾ :

*ਵੱਡੇ ਅਤੇ ਵਿਦੇਸ਼ੀ ਪੂੰਜੀ ਦੇ ਹਿਤਾਂ ਨੂੰ ਸੁਰੱਖਿਅਤ ਕਰਨ ਲਈ ਪ੍ਰਸ਼ਾਸਨ ਦਾ ਪੁਨਰਗਠਨ ਕੀਤਾ ਜਾ ਰਿਹਾ ਹੈ, ਜੋ ਦੂਜੇ ਆਰਥਿਕ ਖੇਤਰਾਂ ਅਤੇ ਰਾਜਨੀਤਕ ਹਿਤਾਂ ਨਾਲੋਂ ਨਿਵੇਕਲਾ ਹੈ (ਪੰਨਾ 473)।*

ਅਜਿਹੇ ਬਦਲਾਅ ਸਪੱਸ਼ਟ ਹੋ ਗਏ ਜਦੋਂ ਰਾਜੀਵ ਗਾਂਧੀ ਸਰਕਾਰ ਵਲੋਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦਾ ਸਮਰਥਨ ਕੀਤਾ ਗਿਆ। 1980ਵਿਆਂ ਦੇ ਸ਼ੁਰੂ ਦੀ ਵਿਸ਼ਵ ਮੰਦੀ ਅਤੇ ਤੇਲ ਕੀਮਤਾਂ ਵਿਚ ਵਾਧੇ ਤੋਂ ਉਪਜੇ ਆਰਥਿਕ ਸੰਕਟ ਦੇ ਚਲਦਿਆਂ, ਰਾਜੀਵ ਗਾਂਧੀ ਨੇ ਵਿਦੇਸ਼ੀ ਨਿਵੇਸ਼ ਦੇ ਸੰਭਾਵਿਤ ਲਾਭਾਂ ਦਾ ਅਨੁਮਾਨ ਲਾ ਲਿਆ ਸੀ। ਉਸ ਨੇ ਜ਼ਿਕਰ ਕੀਤਾ :

*ਵਿਦੇਸ਼ੀ ਨਿਵੇਸ਼ ਬਾਰੇ ਸਾਡੀ ਨੀਤੀ ਸਪੱਸ਼ਟ ਹੈ। ਇਹ ਕੋਈ ਖੁੱਲ੍ਹੇ ਬੂਹੇ ਵਾਲੀ ਨੀਤੀ ਨਹੀਂ। ਅਸੀਂ ਆਪਣੀਆਂ ਸ਼ਰਤਾਂ ਅਨੁਸਾਰ ਵਿਦੇਸ਼ੀ ਨਿਵੇਸ਼ ਦੀ ਆਗਿਆ ਦਿੰਦੇ ਹਾਂ ਜਿਸ ਵਿਚ ਇਕ ਖ਼ਾਸ ਪ੍ਰਤਿਸ਼ਤ ਵਿਚ ਵੱਖ-ਵੱਖ ਖੇਤਰਾਂ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਸ਼ਾਮਿਲ ਹੈ। ਇਹ ਪ੍ਰਤਿਸ਼ਤ ਉੱਚ ਤਕਨੀਕੀ ਖੇਤਰਾਂ ਵਿਚ ਨਰਮ ਵੀ ਕੀਤੀ ਜਾ ਸਕਦੀ ਹੈ ਜਾਂ ਜਦੋਂ ਨਿਰਯਾਤ ਖੇਤਰ ਵਿਚ ਵਧੇਰੇ ਯੋਗਦਾਨ ਦੀ ਗੱਲ ਹੋਵੇ ... ਪਿਛਲੇ ਕਾਫ਼ੀ ਵਰ੍ਹਿਆਂ ਤੋਂ ਬਾਹਰੀ ਉਧਾਰ ਦਾ ਬਹੁਤ ਫੈਲਾਅ ਹੋਇਆ ਹੈ, ਜੋ ਸਾਡੀਆਂ ਵਧ ਰਹੀਆਂ ਲੋੜਾਂ ਅਤੇ ਜਜ਼ਬ ਕਰਨ ਦੀ ਸਮਰੱਥਾ ਦੇ ਸੂਚਕ ਹਨ। ਪਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਕਾਫ਼ੀ ਘਟ ਰਹੀ ਹੈ। ਫਿਰ ਵੀ, ਕਰਜ਼ੇ ਦੇ ਮੁਕਾਬਲੇ ਸਿੱਧੇ ਨਿਵੇਸ਼ ਦੇ ਕੁਝ ਫ਼ਾਇਦੇ ਹਨ। ਕਰਜ਼ਾ ਵਾਪਸ ਕਰਨਾ ਪੈਂਦਾ ਹੈ, ਭਾਵੇਂ ਨਿਵੇਸ਼ ਲਾਭਕਾਰੀ ਹੋਵੇ ਜਾਂ ਨਾ। ਨਿਵੇਸ਼ ਤੋਂ ਬਰਾਮਦ ਹੁੰਦੀ ਹੈ ਪਰ ਜਦੋਂ ਉਤਪਾਦਨ ਸ਼ੁਰੂ ਹੋ ਜਾਵੇ, ਉਹ ਵੀ ਤਾਂ ਜਦੋਂ ਮੁਨਾਫ਼ਾ ਹੋਵੇ ... ਅਸੀਂ ਵਿਦੇਸ਼ੀ ਨਿਵੇਸ਼ ਦੀ ਵੱਡੀ ਆਮਦ ਨੂੰ ਜਜ਼ਬ ਕਰ ਸਕਦੇ ਹਾਂ, ਜਿਸ ਦਾ ਵਿਧੀਆਂ ਦੇ ਸਰਲੀਕਰਨ ਅਤੇ ਗ਼ੈਰ ਜ਼ਰੂਰੀ ਰੁਕਾਵਟਾਂ ਨੂੰ ਹਟਾਉਣ ਨਾਲ ਸਾਡੀ ਆਰਥਿਕਤਾ ਨੂੰ ਫ਼ਾਇਦਾ ਹੋਵੇਗਾ (ਗਾਂਧੀ, 1988)।*

ਅਖ਼ੀਰ, 1990ਵਿਆਂ ਦੀਆਂ ਵਿੱਤੀ ਮੁਸ਼ਕਿਲਾਂ ਕਰਕੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦੇ ਮਾਮਲੇ ਵਿਚ ਨਵੀਆਂ ਆਰਥਿਕ ਨੀਤੀਆਂ ਲਿਆਂਦੀਆਂ ਗਈਆਂ। ਮੋਨਟੇਕ ਸਿੰਘ ਆਹਲੂਵਾਲੀਆ, ਜੋ 1991 ਤੋਂ 1996 ਤਕ ਵਿੱਤ ਮੰਤਰੀ ਰਹੇ, ਵਲੋਂ ਤਿਆਰ ਕੀਤਾ ਨੀਤੀ ਪਰਚਾ ਆਰਥਿਕ ਸੁਧਾਰਾਂ ਦਾ ਅਸਲੀ ਨਮੂਨਾ ਬਣ ਗਿਆ ਜਿਨ੍ਹਾਂ ਨੂੰ 1991 ਵਿਚ ਲਾਗੂ ਕੀਤਾ ਗਿਆ। ਇਸ ਵਿਚ ਵਿਦੇਸ਼ੀ ਨਿਵੇਸ਼ਕਾਂ ਦੀ ਪੂੰਜੀ ਭਾਗੀਦਾਰੀ ਨੂੰ ਘਰੇਲੂ ਖੇਤਰ ਦੀਆਂ ਕੰਪਨੀਆਂ ਦੀ ਅਦਾ ਕੀਤੀ ਪੂੰਜੀ ਦੇ ਖੇਤਰ ਵਿਚ 40 ਪ੍ਰਤਿਸ਼ਤ ਤੋਂ ਵਧਾ ਕੇ 51 ਪ੍ਰਤਿਸ਼ਤ ਕਰਨ ਦਾ ਸੁਝਾਅ ਦਿਤਾ ਗਿਆ। ਇਹ ਨੀਤੀ ਬਦਲਾਅ, ਜੋ ਭੁਗਤਾਨ ਦੇ ਸੰਤੁਲਨ ਸੰਕਟ ਤੋਂ ਉਤਸਾਹਿਤ ਸਨ, ਨੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦਾ ਰਾਹ ਖੋਲ੍ਹ ਦਿਤਾ (ਮੁਖਰਜੀ, 2014, ਬੀ)।

ਸਿੱਧੇ ਵਿਦੇਸ਼ੀ ਨਿਵੇਸ਼ ਦੇ ਕਾਲ ਤੋਂ ਪਹਿਲਾਂ, ਐੱਫ ਡੀ ਆਈ ਆਮਦ ਦੇ ਖੇਤਰ ਵਿਚ ਮਹੱਤਵਪੂਰਨ ਨੀਤੀਗਤ ਬਦਲਾਅ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (ਐੱਫ ਈ ਐੱਮ ਏ) ਦਾ 1999 ਵਿਚ ਲਾਗੂ ਹੋਣਾ ਸੀ। 1973 ਵਿਚ ਲਾਗੂ ਹੋਏ ਐੱਫ ਈ ਆਰ ਏ ਦੇ ਮੁਕਾਬਲੇ, ਐੱਫ ਈ ਐੱਮ ਏ ਕੁਝ ਰਾਜ ਏਜੰਸੀਆਂ, ਜਿਵੇਂ ਐੱਸ ਈ ਬੀ ਆਈ, ਨੂੰ ਰਿਜ਼ਰਵ ਬੈਂਕ ਤੋਂ ਇਲਾਵਾ ਵਿਦੇਸ਼ੀ ਮੁਦਰਾ ਕਾਰੋਬਾਰ ਲਈ ਮਾਨਤਾ ਦਿੰਦਾ ਹੈ। ਐੱਸ ਈ ਬੀ ਆਈ ਅਤੇ ਆਰ ਬੀ ਆਈ ਮੁੱਖ ਤੌਰ ਤੇ ਵਿਦੇਸ਼ੀ ਸੰਸਥਾਗਤ ਨਿਵੇਸ਼ (ਐੱਫ ਆਈ ਆਈ) ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਨਾਲ ਸੰਬੰਧਿਤ ਹਨ ਜਿਹੜੇ ਸਵੈਚਾਲਿਤ ਵਿਧੀ ਨਾਲ ਮੁੱਲਾਂਕਿਤ ਹੁੰਦੇ ਰਹਿੰਦੇ ਹਨ ਅਤੇ ਜਿਨ੍ਹਾਂ ਲਈ ਮਨਜ਼ੂਰੀ ਦੀ ਲੋੜ ਨਹੀਂ ਪੈਂਦੀ। ਸਵੈਚਾਲਿਤ ਰਸਤੇ ਅਧੀਨ, ਵੱਖ-ਵੱਖ ਉਦਯੋਗਿਕ ਖੇਤਰਾਂ ਵਿਚ ਵਿਦੇਸ਼ੀ ਨਿਵੇਸ਼ਕਾਂ ਨੂੰ, ਦੂਜੇ ਤਰੀਕਿਆਂ ਦੇ ਮੁਕਾਬਲੇ ਆਸਾਨੀ ਨਾਲ ਵਪਾਰ ਕਰਨ ਦੀ ਆਗਿਆ ਮਿਲ ਜਾਂਦੀ ਹੈ। ਨਹੀਂ ਤਾਂ, ਉਦਯੋਗਿਕ ਸਹਾਇਤਾ ਲਈ ਸਕਤਰੇਤ (ਐੱਸ ਆਈ ਏ) ਜੋ ਵਣਜ ਅਤੇ ਉਦਯੋਗ ਮੰਤਰਾਲਾ ਅਧੀਨ ਕੰਮ ਕਰਦਾ ਹੈ ਅਤੇ ਵਿਦੇਸ਼ੀ ਨਿਵੇਸ਼ ਪ੍ਰੋਤਸਾਹਨ ਬੋਰਡ ਜੋ ਵਿੱਤ ਮੰਤਰਾਲਾ ਅਧੀਨ ਕੰਮ ਕਰਦਾ ਹੈ, ਉਨ੍ਹਾਂ ਪ੍ਰਸਤਾਵਾਂ ਦਾ ਮੁੱਲੰਕਣ ਕਰਦੇ ਹਨ ਜੋ ਸਵੈਚਾਲਿਤ ਰਸਤੇ ਤੋਂ ਬਾਹਰ ਰਹਿ ਜਾਂਦੇ ਹਨ। ਇਸ ਤਰ੍ਹਾਂ, ਐੱਫ ਈ ਐੱਮ ਏ ਲਾਗੂ ਹੋਣ ਤੋਂ ਲੈ ਕੇ, ਪ੍ਰਸਤਾਵਾਂ ਦੀ ਮਨਜ਼ੂਰੀ ਜਾਂ ਗ਼ੈਰ-ਮਨਜ਼ੂਰੀ ਦੇ ਮਾਮਲੇ ਵਿਚ ਐੱਫ ਆਈ ਪੀ ਬੀ ਦੀ ਭੂਮਿਕਾ ਬਹੁਤ ਅਹਿਮ ਹੋ ਗਈ ਹੈ। ਐੱਫ ਆਈ ਪੀ ਬੀ ਦੇ ਮੁਤਾਬਕ, ਇਹ ਪ੍ਰਸਤਾਵਾਂ ਲਈ ਇਕਹਿਰੀ ਖਿੜਕੀ ਦੀ ਸਹੂਲਤ ਪ੍ਰਦਾਨ ਕਰਦਾ ਹੈ ਜਿਸ ਦੁਆਰਾ ਵਿਦੇਸ਼ੀ ਨਿਵੇਸ਼ਕ ਵੱਖ-ਵੱਖ ਏਜੰਸੀਆਂ ਕੋਲ ਮਨਜ਼ੂਰੀ ਲਈ ਪ੍ਰਸਤਾਵ ਭੇਜਣ ਦੀ ਬਜਾਇ ਆਪਣਾ ਸਮਾਂ ਬਚਾ ਸਕਦੇ ਹਨ, ਜਿਸ ਨਾਲ ਲਾਲ ਫੀਤਾਸ਼ਾਹੀ ਨੂੰ ਵੀ ਨੱਥ ਪਵੇਗੀ। ਭਾਰਤ ਦੇ ਵਰਤਮਾਨ ਪ੍ਰਧਾਨ ਮੰਤਰੀ ਨੇ ਪ੍ਰਭਾਵੀ ਸ਼ਾਸਨ ਅਤੇ ਸੁਖਾਲੇ ਸ਼ਾਸਨ 'ਤੇ ਜ਼ੋਰ ਦਿੰਦਿਆਂ 'ਆਓ, ਭਾਰਤ ਵਿਚ ਬਣਾਓ' ਦਾ ਨਾਅਰਾ ਦਿਤਾ ਹੈ ਜਿਸ ਦਾ ਮੰਤਵ ਭਾਰਤ ਨੂੰ ਵਿਦੇਸ਼ੀ ਨਿਵੇਸ਼ਕਾਂ ਲਈ ਵਿਸ਼ਵ ਧੁਰਾ ਬਣਾਉਣਾ ਹੈ। ਉਨ੍ਹਾਂ ਨੇ ਐੱਫ ਡੀ ਆਈ ਸ਼ਬਦ ਨੂੰ 'ਪਹਿਲਾਂ ਭਾਰਤ ਵਿਕਸਤ ਕਰੋ' ਵਿਚ ਵਰਤਦਿਆਂ ਸੁਸ਼ਾਸਨ ਦੇ ਤਿੰਨ ਥੰਮ੍ਹਾਂ 'ਤੇ ਜ਼ੋਰ ਦਿਤਾ ਹੈ – ਲਾਇਸੰਸ ਰਾਜ ਹਟਾ ਕੇ ਵਪਾਰ ਕਰਨ ਦੀ ਸਹੂਲਤ ਅਤੇ ਵਿਨਿਯਮਨ, ਜਿਸ ਨਾਲ ਰੱਖਿਆ, ਨਿਰਮਾਣ ਅਤੇ ਰੇਲਵੇ ਆਦਿ ਖੇਤਰਾਂ ਵਿਚ ਢਾਂਚਾਗਤ ਨਿਵੇਸ਼ ਅਤੇ ਉਦਯੋਗਿਕ ਲਾਂਘੇ ਬਣਾਉਣ ਵਿਚ ਮਦਦ ਮਿਲੇਗੀ।" ਨਿਰਮਾਣ ਅਤੇ ਢਾਂਚਾਗਤ ਖੇਤਰਾਂ ਸਮੇਤ, ਸਰਕਾਰ ਵਲੋਂ ਅਨੇਕ ਖੇਤਰਾਂ, ਜਿਵੇਂ ਹਵਾਬਾਜ਼ੀ, ਬਾਇਓਟੈਕ, ਰਸਾਇਣ, ਨਿਰਮਾਣ, ਖਾਣਾਂ, ਤੇਲ ਅਤੇ ਗੈਸ, ਦਵਾਈਆਂ, ਨਵਿਆਉਣ-ਯੋਗ ਊਰਜਾ ਉਦਯੋਗ ਆਦਿ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਲਈ ਰੇਖਾਂਕਿਤ ਕੀਤਾ ਹੈ। ਸਰਕਾਰ ਦਾ ਇਹ ਉੱਦਮ ਭਾਰਤੀ ਉਦਯੋਗ ਵਿਚ ਐੱਫ ਡੀ ਆਈ ਦੇ ਲਾਭਕਾਰੀ ਪ੍ਰਭਾਵਾਂ ਵਿਚ ਦ੍ਰਿੜ੍ਹ ਵਿਸ਼ਵਾਸ ਨੂੰ ਦਰਸਾਉਂਦਾ ਹੈ।

## ਰਾਜਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦੇ ਵੱਖ-ਵੱਖ ਪੱਧਰ

ਅਸਲ ਵਿਚ, 2011 ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਕੁੱਲ ਆਮਦ ਲਗਭਗ 32 ਬਿਲੀਅਨ ਅਮਰੀਕੀ ਡਾਲਰ ਸੀ ਜੋ ਕੁੱਲ ਘਰੇਲੂ ਉਤਪਾਦ ਦਾ ਲਗਭਗ 3 ਪ੍ਰਤਿਸ਼ਤ ਬਣਦਾ ਹੈ (ਯੂ ਐੱਨ ਸੀ ਟੀ ਏ ਡੀ, 2013)। ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਜਿਹੇ ਪ੍ਰਮੁੱਖ ਕੇਂਦਰੀ ਆਗੂਆਂ ਦੇ ਵਿਚਾਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਅੰਦਰ ਵਿਆਪਕ ਆਰਥਿਕ ਸੁਧਾਰਾਂ ਦੀ ਹਮਾਇਤ ਕਰਦੇ ਹਨ। ਕੇਂਦਰੀ ਸਰਕਾਰ ਦੀ ਤਕੜੀ ਹਮਾਇਤ ਦੇ ਬਾਵਜੂਦ, ਰਾਜ ਪੱਧਰ 'ਤੇ ਸਿੱਧਾ ਵਿਦੇਸ਼ੀ ਨਿਵੇਸ਼

| ਤਾਲਿਕਾ–1 | | | |
|---|---|---|---|
| ਰਿਜ਼ਰਵ ਬੈਂਕ ਦੇ ਖੇਤਰੀ ਦਫ਼ਤਰਾਂ ਤੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਪੂੰਜੀ ਦੀ ਆਮਦ (ਅਪ੍ਰੈਲ 2000 – ਜੂਨ 2014) ਬਾਰੇ ਵੇਰਵਾ | | | |
| ਰਿਜ਼ਰਵ ਬੈਂਕ ਦਾ ਖੇਤਰੀ ਦਫ਼ਤਰ | ਪ੍ਰਮੁੱਖ ਰਾਜ | ਸੰਚਿਤ ਆਮਦ (ਕਰੋੜ ਰੁਪਏ) | ਕੁੱਲ ਆਮਦ ਦਾ ਪ੍ਰਤਿਸ਼ਤ |
| ਮੁੰਬਈ | ਮਹਾਂਰਾਸ਼ਟਰ | 320,281 | 30 |
| ਨਵੀਂ ਦਿੱਲੀ | ਦਿੱਲੀ | 214,820 | 20 |
| ਚੇਨੱਈ | ਤਮਿਲਨਾਡੂ | 69,161 | 6 |
| ਬੰਗਲੌਰ | ਕਰਨਾਟਕ | 62,431 | 6 |
| ਅਹਿਮਦਾਬਾਦ | ਗੁਜਰਾਤ | 45,292 | 4 |
| ਹੈਦਰਾਬਾਦ | ਆਂਧਰ ਪ੍ਰਦੇਸ਼ | 43,817 | 4 |
| ਕੋਲਕਾਤਾ | ਪੱਛਮੀ ਬੰਗਾਲ | 13,532 | 1 |
| – | – | – | – |
| ਭੁਬਨੇਸ਼ਵਰ | ਓਡੀਸ਼ਾ | 1,962 | 0.2 |

*ਸਰੋਤ: ਉਦਯੋਗਿਕ ਨੀਤੀ ਅਤੇ ਪ੍ਰੋਤਸਾਹਨ ਵਿਭਾਗ, ਭਾਰਤ ਸਰਕਾਰ ਦੀ ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਤੱਥਾਂ 'ਤੇ ਆਧਾਰਿਤ ਰਿਪੋਰਟ।*

ਆਕਰਸ਼ਿਤ ਕਰਨ ਵਿਚ ਕਾਫ਼ੀ ਅਸਮਾਨਤਾਵਾਂ ਹਨ। ਤਾਲਿਕਾ–1 ਵਿਚ ਅਪ੍ਰੈਲ 2000 ਤੋਂ ਜੂਨ 2014 ਦਰਮਿਆਨ ਭਾਰਤ ਦੇ ਚੋਣਵੇਂ ਰਾਜਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਸੰਚਿਤ ਆਮਦ ਨੂੰ ਦਰਸਾਇਆ ਗਿਆ ਹੈ। ਮਿਸਾਲ ਦੇ ਲਈ, ਮਹਾਂਰਾਸ਼ਟਰ ਅਤੇ ਦਿੱਲੀ ਨੇ ਕਾਫ਼ੀ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕੀਤਾ ਹੈ, ਜੋ ਭਾਰਤ ਵਿਚ ਕੁੱਲ ਆਮਦ ਦਾ ਲਗਭਗ ਅੱਧਾ ਬਣਦਾ ਹੈ। ਅਨੇਕ ਰਾਜਾਂ, ਜਿਵੇਂ ਤਮਿਲਨਾਡੂ, ਕਰਨਾਟਕ, ਗੁਜਰਾਤ ਅਤੇ ਆਂਧਰ ਪ੍ਰਦੇਸ਼ ਦਰਮਿਆਨੇ ਦਰਜੇ ਵਿਚ ਆਉਂਦੇ ਹਨ ਜਦ ਕਿ ਕਈ ਦੂਸਰੇ ਰਾਜ ਜਿਵੇਂ ਪੱਛਮੀ ਬੰਗਾਲ ਅਤੇ ਓਡੀਸ਼ਾ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਪੱਧਰ ਸਭ ਤੋਂ ਘੱਟ ਹੈ।

ਇਕ ਗੰਭੀਰ ਸਵਾਲ ਖੜ੍ਹਾ ਹੋ ਜਾਂਦਾ ਹੈ। ਕੁਝ ਰਾਜ ਸਰਕਾਰਾਂ ਜ਼ਿਆਦਾ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਅਤੇ ਵੱਡੇ ਪੱਧਰ 'ਤੇ ਨਿਵੇਸ਼ ਪੱਖੀ ਵਾਤਾਵਰਨ ਸਿਰਜਣ ਵਿਚ ਕਿਉਂ ਸਫਲ ਹਨ ਜਦ ਕਿ ਦੂਸਰੇ ਨਹੀਂ, ਭਾਵੇਂ ਕਿ ਨੀਤੀਗਤ ਨਿਜ਼ਾਮ ਲਗਾਤਾਰ ਕੇਂਦਰੀ ਪੱਧਰ 'ਤੇ ਸਿੱਧੇ ਵਿਦੇਸ਼ੀ ਨਿਵੇਸ਼ ਪੱਖੀ ਬਣਦਾ ਰਿਹਾ ਹੈ।

ਦਿਲਚਸਪ ਗੱਲ ਹੈ, ਕਈ ਰਾਜ, ਜਿਵੇਂ ਓਡੀਸ਼ਾ ਜਿਸ ਦੀ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਹੈ, ਵਿਚ ਸਮਾਜ ਵਲੋਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਦਾ ਜਬਰਦਸਤ ਵਿਰੋਧ ਵੇਖਣ ਨੂੰ ਮਿਲਿਆ ਹੈ। ਮਿਸਾਲ ਦੇ ਲਈ, ਦੱਖਣੀ ਕੋਰੀਆ ਦੀ ਪੋਹਾਂਗ ਸਟੀਲ ਕੰਪਨੀ (ਪੀ ਓ ਐੱਸ ਸੀ ਓ) ਨੂੰ ਓਡੀਸ਼ਾ ਦੇ ਜਗਤਸਿੰਘਪੁਰ ਜ਼ਿਲ੍ਹੇ ਵਿਚ ਜ਼ਮੀਨ ਪ੍ਰਾਪਤ ਕਰਨ ਲਈ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਦੀ ਬੇਨਤੀ 'ਤੇ, ਪੋਸਕੋ ਪ੍ਰਾਜੈਕਟ ਦੀ ਸਥਿਤੀ ਬਾਰੇ ਜਾਣਨ ਲਈ ਇਕ ਕਾਰਜਕਾਰੀ ਕਮੇਟੀ ਬਣਾਈ ਗਈ। ਉਸ ਦੀ ਰਿਪੋਰਟ ਮੁਤਾਬਕ ਓਡੀਸ਼ਾ ਸਰਕਾਰ ਨੇ ਉਸ ਕਦਮ ਨੂੰ ਨਜ਼ਰਅੰਦਾਜ਼ ਕਰ ਦਿਤਾ ਜਿਸ ਤਹਿਤ ਪ੍ਰਾਪਤ ਕਰਨ ਤੋਂ ਪਹਿਲਾਂ ਸਥਾਨਕ ਪਿੰਡ ਵਾਸੀਆਂ ਦੀ ਸਹਿਮਤੀ ਲੈਣਾ ਜ਼ਰੂਰੀ ਸੀ (ਪਿੰਗਲ, ਪਾਂਡੇ, ਅਤੇ ਸੁਰੇਸ਼, 2010 : 3–5)। ਮਦਰਾਸ ਹਾਈਕੋਰਟ ਦੇ ਇਕ ਜੱਜ, ਜੋ ਪੜਤਾਲ ਪ੍ਰਕਿਰਿਆ ਨਾਲ ਨੇੜਿਉਂ ਸੰਬੰਧਿਤ ਸੀ, ਦਾ ਕਹਿਣਾ ਹੈ ਕਿ ਜਗਤਸਿੰਘਪੁਰ ਵਿਚ ਪੋਸਕੋ ਪ੍ਰਾਜੈਕਟ ਦੇ ਸਮਾਜਿਕ ਵਿਰੋਧ ਦੇ ਕਾਰਨ ਪਿੱਛੇ ਰਾਜ ਸਰਕਾਰ ਦੀ ਅਮਨ ਕਾਨੂੰਨ ਮਸ਼ੀਨਰੀ ਦਾ ਬਿਖਰ ਜਾਣਾ ਸੀ। ਇਸ ਤਰ੍ਹਾਂ ਹੀ, ਟਾਟਾ ਨੂੰ ਸਿੰਗੂਰ (ਪੱਛਮੀ ਬੰਗਾਲ) ਆਪਣੇ ਨੈਨੋ ਪ੍ਰਾਜੈਕਟ ਲਈ ਜ਼ਮੀਨ ਪ੍ਰਾਪਤ ਕਰਨ ਵਾਸਤੇ ਸਮਾਜਿਕ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਾਵੇਂ ਕਿ ਟਾਟਾ ਇਕ ਘਰੇਲੂ ਨਿਵੇਸ਼ਕ ਹੈ, ਪੱਛਮੀ ਬੰਗਾਲ ਵਿਚ ਜ਼ਮੀਨ ਪ੍ਰਾਪਤੀ ਲਈ ਇਸ ਦਾ ਸੰਘਰਸ਼ ਰਾਜ ਸਰਕਾਰ ਵਲੋਂ ਪੁਨਰਵਾਸ ਦੇ ਮੁੱਦੇ ਅਤੇ ਜ਼ਮੀਨ ਪ੍ਰਾਪਤੀ ਲਈ ਕੀਮਤ ਨਿਰਧਾਰਤ ਕਰਨ ਵਿਚ ਇਸ ਦੀ ਨਾਕਾਮੀ ਅਤੇ ਮਜਬੂਰੀ ਦੇ ਲਖਾਇਕ ਹਨ (ਵੇਖੋ ਚੰਦਰਾ, 2000)।

ਸਿੱਟੇ ਵਜੋਂ, ਸਮਾਜਿਕ ਸਮੂਹਾਂ ਦੇ ਵਿਰੋਧ ਨਾਲ ਨਜਿੱਠਣ ਲਈ ਵੱਖ-ਵੱਖ ਰਾਜ ਸਮਰਥਾਵਾਂ ਪ੍ਰਭਾਵੀ ਸੁਸ਼ਾਸਨ ਲਈ ਇਕ ਬੁਝਾਰਤ ਪੇਸ਼ ਕਰ ਦਿੰਦੀਆਂ ਹਨ। ਦੂਜੇ ਸ਼ਬਦਾਂ ਵਿਚ, ਰਾਜਾਂ ਦਰਮਿਆਨ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿਚ ਵੱਡੇ ਖੱਪੇ, ਰਾਜਾਂ ਵਲੋਂ ਪ੍ਰਸ਼ਾਸਨਿਕ ਮੁਸ਼ਕਿਲਾਂ ਅਤੇ ਸਮਾਜਿਕ ਵਿਰੋਧ ਨਾਲ ਸਿੱਝਣ ਲਈ ਸਮਰੱਥਾ ਦੇ ਵੱਖ-ਵੱਖ ਪੱਧਰ ਉਜਾਗਰ ਕਰਦੇ ਹਨ, ਭਾਵੇਂ ਕਿ ਭਾਰਤ ਦੇ ਬਹੁਤ ਸਾਰੇ ਰਾਜਾਂ ਦਰਮਿਆਨ ਸਿੱਧੇ ਵਿਦੇਸ਼ੀ ਨਿਵੇਸ਼ ਖਿੱਚਣ ਲਈ ਮੁਕਾਬਲੇਬਾਜ਼ੀ ਹੈ। ਰਾਜਾਂ ਦੀ ਐੱਫ ਡੀ ਆਈ ਸੰਚਿਤ ਕਰਨ ਲਈ ਅਜਿਹੀ ਬਿਖਰੀ ਹੋਈ ਕਾਰਗੁਜ਼ਾਰੀ ਦਾ ਵੱਖ-ਵੱਖ ਸਮਾਜਿਕ ਰਾਜਨੀਤਕ ਸੰਦਰਭਾਂ ਵਿਚ ਮੁੱਲੰਕਣ ਕੀਤਾ ਜਾਣਾ ਸਮੇਂ ਦੀ ਲੋੜ ਹੈ।

*(ਲੇਖਿਕਾ ਰੀਸਰਚ ਐਸੋਸੀਏਟ, ਇੰਸਟੀਚਿਊਟ ਆਫ਼ ਸਾਊਥ ਏਸ਼ੀਅਨ ਸਟੱਡੀਜ਼, ਨੈਸ਼ਨਲ ਯੂਨੀਵਰਸਿਟੀ ਆਫ਼ ਸਿੰਗਾਪੁਰ ਹੈ।)*

***ਸਫ਼ਾ 8 ਦੀ ਬਾਕੀ***

ਕੀਤੀਆਂ ਚੁਨੌਤੀਆਂ ਨਾਲ ਨਜਿੱਠਣ ਅਤੇ ਜੋਖ਼ਮ ਉਠਾਉਣ ਲਈ ਵਾਤਾਵਰਨ ਮੁਹੱਈਆ ਕਰਵਾਇਆ।

## ਅੰਤਿਕਾ

ਇਤਿਹਾਸ ਅਤੇ ਭਾਰਤ ਦੀਆਂ ਆਰਥਿਕ ਨੀਤੀਆਂ ਦੀ ਉਤਪਤੀ ਦੇ ਕਾਰਨਾਂ ਸਦਕਾ ਭਾਰਤ ਤੋਂ ਬਾਹਰ ਐਫ ਡੀ ਆਈ ਵਿਲੱਖਣ ਹੈ ਅਤੇ ਦੂਜੀਆਂ ਉੱਭਰ ਰਹੀਆਂ ਆਰਥਿਕਤਾਵਾਂ ਨਾਲੋਂ ਨਿਵੇਕਲੀ ਹੈ। ਇਸ ਪਰਚੇ ਵਿਚ ਦਲੀਲ ਦਿਤੀ ਗਈ ਹੈ ਕਿ ਭਾਰਤ ਦੇ ਵਿਦੇਸ਼ੀ ਐੱਫ ਡੀ ਆਈ ਦੇ ਵਿਕਾਸ ਦਾ ਸਭ ਤੋਂ ਪ੍ਰਮੁੱਖ ਕਾਰਨ ਇਸ ਕੋਲ ਕੁਦਰਤ ਤੋਂ ਵਰਸੋਏ ਵਪਾਰ ਕਰਨ ਵਾਲੇ ਉੱਦਮੀਆਂ ਦੀ ਜਮਾਤ ਦਾ ਹੋਣਾ ਹੈ। ਇਹ ਪਰਚਾ ਉੱਦਮੀ ਜਮਾਤ ਦੀਆਂ ਜੜ੍ਹਾਂ ਅਤੇ ਆਰਥਿਕ ਅਤੇ ਸਮਾਜਿਕ ਪੱਖਾਂ ਬਾਰੇ ਚਰਚਾ ਕਰਦਾ ਹੈ ਜਿਨ੍ਹਾਂ ਨੇ ਉਸ ਨੂੰ ਅਜਿਹੀਆਂ ਉੱਦਮੀ ਕਲਾਵਾਂ ਨਾਲ ਨਿਵਾਜ਼ਿਆ ਹੈ ਜੋ ਉੱਭਰ ਰਹੀਆਂ ਆਰਥਿਕਤਾਵਾਂ ਦੀਆਂ ਫਰਮਾਂ ਕੋਲ ਨਹੀਂ ਹਨ। 1990ਵਿਆਂ ਦੌਰਾਨ ਕਾਨੂੰਨ ਨੇਮਾਂ ਅਤੇ ਪਾਬੰਦੀਆਂ ਨੂੰ ਖਤਮ ਕੀਤੇ ਜਾਣ ਨਾਲ ਉੱਦਮੀਆਂ ਦੇ ਮਨ ਦੀ ਲਹਿਰ ਪੁਨਰ ਜੀਵਤ ਹੋ ਉੱਠੀ ਅਤੇ ਉਨ੍ਹਾਂ ਦੀ ਵਪਾਰ ਅਤੇ ਨਿਵੇਸ਼ ਦੁਆਰਾ ਵਿਸ਼ਵ ਆਰਥਿਕਤਾ ਵਿਚ ਭਾਗ ਲੈਣ ਦੀਆਂ ਆਸਾਂ ਨੂੰ ਵੀ ਬੂਰ ਪੈਣ ਲੱਗਿਆ ਹੈ। ਵਿਦੇਸ਼ਾਂ ਵਿਚ ਨਿਵੇਸ਼ ਕਰਨ ਵਾਲੀਆਂ ਭਾਰਤੀ ਫਰਮਾਂ ਕੋਲ ਸੰਗਠਨ, ਨਿਵੇਸ਼ ਦੀ ਪਛਾਣ, ਬਾਜ਼ਾਰ ਦੇ ਮੌਕਿਆਂ ਅਤੇ ਉੱਦਮੀ ਪ੍ਰਤਿਭਾ ਦੇ ਮਲਕੀਅਤੀ ਫ਼ਾਇਦਿਆਂ ਨੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੰਮ ਕਰਨ ਦੀ ਸਮਰੱਥਾ ਦਿਤੀ। ਪਰਚੇ ਵਿਚ ਚਿੰਨ੍ਹਤ ਕੀਤੇ ਗਏ ਇਨ੍ਹਾਂ ਤੇ ਦੂਜੇ ਗੁਣਾਂ ਨੂੰ ਸੌਖਿਆਂ ਮਾਪਿਆ ਨਹੀਂ ਜਾ ਸਕਦਾ। ਇਸ ਵਿਸ਼ੇ 'ਤੇ ਅਗਲੇਰੇ ਅਧਿਐਨ ਇਨ੍ਹਾਂ ਅਧਿਐਨਾਂ 'ਤੇ ਆਧਾਰਿਤ ਕਰਨੇ ਪੈਣਗੇ।

*(ਲੇਖਕ ਲਾਂਸਕਾਸਟਰ ਯੂਨੀਵਰਸਿਟੀ ਮੈਨੇਜਮੈਂਟ ਸਕੂਲ, ਨਿਕੋਲਸ ਫੋਰਸਾਂਸ ਨਾਲ ਸੰਬੰਧਿਤ ਹੈ।)*

*e-mail :v.balasubramanyam@lancaster.ac.uk*

# ਭਾਰਤੀ ਰਾਜਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ 'ਚ ਖੇਤਰੀ ਅਬਰਾਬਰੀ

ਐੱਸ ਆਰ ਕੇਸ਼ਵਾ

## ਭੂਮਿਕਾ

ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਸਾਰੀ ਦੁਨੀਆਂ ਅੰਦਰ ਦੂਸਰੇ ਪੂੰਜੀਗਤ ਸਾਧਨਾਂ ਨਾਲੋਂ ਅਹਿਮੀਅਤ ਦਿਤੀ ਜਾਂਦੀ ਹੈ। ਐੱਫ ਡੀ ਆਈ ਨੂੰ ਤਰਜੀਹ ਦਿਤੀ ਜਾਂਦੀ ਹੈ ਕਿਉਂਕਿ ਇਹ ਗ਼ੈਰ-ਕਰਜ਼ੇ ਵਾਲੀ ਵਿੱਤੀ ਪੂੰਜੀ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਮੇਜ਼ਬਾਨ ਦੇਸ਼ ਅੰਦਰ ਨਿਵੇਸ਼ ਨੂੰ ਵਧਾਉਂਦਾ ਹੈ ਜੋ ਬਹੁ-ਪ੍ਰਭਾਵ ਸਦਕਾ ਰੁਜ਼ਗਾਰ, ਆਮਦਨ ਅਤੇ ਬਚਤ ਵਿਚ ਵਾਧੇ ਦਾ ਕਾਰਨ ਬਣਦਾ ਹੈ। ਇਹ ਆਧੁਨਿਕ ਮਸ਼ੀਨਰੀ, ਉੱਚ ਤਕਨੀਕ, ਹੁਨਰ, ਪ੍ਰਬੰਧਨ ਦੇ ਤਰੀਕੇ ਤੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ, ਮੇਜ਼ਬਾਨ ਆਰਥਿਕਤਾ ਅੰਦਰ ਤਿਆਰ ਵਸਤਾਂ ਦੇ ਨਿਰਯਾਤ ਅਤੇ ਸੇਵਾਵਾਂ ਨੂੰ ਹੁਲਾਰਾ ਦਿੰਦਾ ਹੈ। ਇਹ ਖਪਤਕਾਰਾਂ ਨੂੰ ਇਕ ਤੋਂ ਵੱਧ ਵਿਕਲਪ ਦਿੰਦਾ ਹੈ ਕਿਉਂਕਿ ਕੰਪਨੀਆਂ ਉੱਚ ਗੁਣਵੱਤਾ ਵਾਲੀਆਂ ਵਸਤਾਂ ਖਪਤਕਾਰਾਂ ਨੂੰ ਮੁਹੱਈਆ ਕਰਵਾਉਣ ਲਈ ਆਪਸੀ ਮੁਕਾਬਲੇ-ਬਾਜ਼ੀ ਕਰਦੀਆਂ ਹਨ। ਮੁਕਾਬਲਾ ਘਰੇਲੂ ਏਕਾਧਿਕਾਰ ਦੀ ਸਮਾਪਤੀ ਅਤੇ ਕੀਮਤਾਂ ਵਿਚ ਕਮੀ ਸੁਨਿਸਚਿਤ ਕਰਦਾ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਮੇਜ਼ਬਾਨ ਆਰਥਿਕਤਾ ਦੇ ਕਾਰਪੋਰੇਟ ਟੈਕਸ ਮਾਲੀਏ ਵਿਚ ਵੀ ਹਿੱਸਾ ਪਾਉਂਦਾ ਹੈ।

ਸਿੱਧੇ ਵਿਦੇਸ਼ੀ ਨਿਵੇਸ਼ ਦੇ ਹਾਂ ਪੱਖੀ ਪਹਿਲੂ ਸਿਧਾਂਤਕ ਤੌਰ ਤੇ ਠੀਕ ਲਗਦੇ ਹਨ, ਪਰ ਜਦੋਂ ਜ਼ਮੀਨੀ ਹਕੀਕਤਾਂ ਦਾ ਸਾਹਮਣਾ ਹੁੰਦਾ ਹੈ ਤਾਂ ਇਹ ਅੰਸ਼ਿਕ ਤੌਰ ਤੇ ਸੱਚ ਸਾਬਤ ਹੁੰਦੇ ਹਨ। ਕਿਸੇ ਵੇਲੇ ਹੋ ਸਕਦਾ ਹੈ ਸਿੱਧਾ ਵਿਦੇਸ਼ੀ ਨਿਵੇਸ਼ ਨਾ ਤਾਂ ਆਧੁਨਿਕ ਤਕਨੀਕ ਲਿਆਵੇ ਤੇ ਨਾ ਹੀ ਵਾਅਦੇ ਮੁਤਾਬਕ ਰੁਜ਼ਗਾਰ ਪੈਦਾ ਕਰੇ। ਪਰ, ਬਹੁਤ ਸਾਰੀਆਂ ਆਰਥਿਕਤਾਵਾਂ ਸਿੱਧੇ ਵਿਦੇਸ਼ੀ ਨਿਵੇਸ਼ ਦੇ ਹਾਂ ਪੱਖੀ ਪਹਿਲੂਆਂ ਦੇ ਭਰਮ ਵਿਚ ਆ ਜਾਂਦੀਆਂ ਹਨ। ਸਰਕਾਰਾਂ ਅਨੇਕ ਰਿਆਇਤਾਂ ਅਤੇ ਲਾਭਾਂ ਦਾ ਐਲਾਨ ਕਰਕੇ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਲਈ ਇਕ ਦੂਜੇ ਨਾਲ ਮੁਕਾਬਲੇਬਾਜ਼ੀ ਕਰਦੀਆਂ ਹਨ। ਉਹ ਨਾ ਸਿਰਫ਼ ਜ਼ਮੀਨ, ਪਾਣੀ, ਬਿਜਲੀ ਅਤੇ ਦੂਜੀਆਂ ਜਨਤਕ ਸਹੂਲਤਾਂ ਘੱਟ ਦਰਾਂ 'ਤੇ ਮੁਹੱਈਆ ਕਰਵਾਉਂਦੀਆਂ ਹਨ, ਸਗੋਂ ਕਰ, ਅਣਵੰਡੇ ਲਾਭ ਤੇ ਰਿਆਇਤ, ਵਾਧੂ ਭੱਤਾ ਆਦਿ ਰਿਆਇਤਾਂ ਦੇ ਕੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਦੀਆਂ ਹਨ।

ਪਰ, ਵੱਡੇ ਪੱਧਰ 'ਤੇ ਦਿਤੀਆਂ ਜਾਣ ਵਾਲੀਆਂ ਰਿਆਇਤਾਂ ਅਤੇ ਪ੍ਰੋਤਸਾਹਨਾਂ ਦੇ ਬਾਵਜੂਦ ਵੀ, ਸਾਰੀਆਂ ਆਰਥਿਕਤਾਵਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦਾ ਪਸਾਰ ਬਰਾਬਰ ਹੋਇਆ। ਕੁੱਝ ਕੁ ਆਰਥਿਕਤਾਵਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦਾ ਜ਼ਿਆਦਾ ਜਮਾਵੜਾ ਹੈ, ਜਿਸ ਨਾਲ ਦੁਨੀਆਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਵਿਚ ਖੇਤਰੀ ਅਸੰਤੁਲਨ ਪੈਦਾ ਹੋਏ ਹਨ। ਇਹ ਭਾਰਤੀ ਰਾਜਾਂ ਬਾਰੇ ਵੀ ਸੱਚ ਹੈ ਕਿਉਂਕਿ ਇਥੇ ਵੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਮਾਮਲੇ ਵਿਚ ਅਜਿਹੇ ਖੇਤਰੀ ਅਸੰਤੁਲਨ ਵੇਖਣ ਨੂੰ ਮਿਲ ਰਹੇ ਹਨ।

## ਪ੍ਰਮੁੱਖ ਲਾਭਦਾਇਕ ਨਿਰਧਾਰਕ

ਉਹ ਮਹੱਤਵਪੂਰਨ ਕਾਰਨ, ਜਿਸ ਕਰਕੇ ਕੁਝ ਰਾਜਾਂ ਵਿਚ ਜ਼ਿਆਦਾ ਸਿੱਧਾ ਵਿਦੇਸ਼ੀ ਨਿਵੇਸ਼ ਹੋਇਆ, ਜਿਸ ਦੇ ਸਿੱਟੇ ਵਜੋਂ ਖੇਤਰੀ ਅਸਾਵਾਂਪਨ ਵਧਿਆ, ਉਹ ਕਾਰਨ ਨਿਵੇਸ਼ਕਾਂ ਵਲੋਂ ਫ਼ੈਸਲਾ ਲੈਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਿਚੋਂ ਲੱਭਿਆ ਜਾ ਸਕਦਾ ਹੈ।

ਅੰਤਰਰਾਸ਼ਟਰੀ ਵਿਤ ਨਿਗਮ (2001) ਅਜਿਹੇ ਤੱਤਾਂ ਵਜੋਂ ਬਾਜ਼ਾਰ ਦਾ ਆਕਾਰ ਅਤੇ ਇਸ ਦੇ ਵਿਕਾਸ ਦੀਆਂ ਸੰਭਾਵਨਾਵਾਂ, ਰਾਜਨੀਤਕ ਅਤੇ ਆਰਥਿਕ ਸਥਿਰਤਾ, ਸੰਬੰਧਾਂ ਦਾ ਜੋੜ ਅਤੇ ਦੂਜੇ ਮਹੱਤਵਪੂਰਨ ਬਾਜ਼ਾਰਾਂ ਨਾਲ ਨੇੜਤਾ, ਸਿੱਖਿਅਤ ਮਜ਼ਦੂਰਾਂ ਦੀ ਉਪਲਬਧਤਾ ਅਤੇ ਮਜ਼ਦੂਰੀ ਦਾ ਢਾਂਚਾ ਅਤੇ ਨਾਲ ਹੀ ਉਦਯੋਗਿਕ ਅਤੇ ਸੰਸਥਾਗਤ ਬੁਨਿਆਦ ਦੀ ਪਛਾਣ ਕਰਦਾ ਹੈ ਜੋ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਨੂੰ ਪ੍ਰਭਾਵਿਤ ਕਰਦੇ ਹਨ।

ਡੰਨਿੰਗ (1993) ਦਾ ਅਧਿਐਨ ਦਰਸਾਉਂਦਾ ਹੈ ਕਿ ਬਾਜ਼ਾਰ ਦਾ ਆਕਾਰ, ਮਜ਼ਦੂਰੀ ਦੀ ਲਾਗਤ, ਕੁਦਰਤੀ ਸਾਧਨਾਂ ਦੀ ਉਪਲਬਧਤਾ, ਭੌਤਿਕ ਅਤੇ ਮਨੁੱਖੀ ਬੁਨਿਆਦੀ ਢਾਂਚੇ ਦੀ ਗੁਣਵੱਤਾ, ਪ੍ਰੋਤਸਾਹਨ, ਵਿਸ਼ਾਲ ਆਰਥਿਕ ਵਾਤਾਵਰਨ ਅਤੇ ਸੰਸਥਾਗਤ ਢਾਂਚਾ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਪ੍ਰਮੁੱਖ ਤੱਤ ਹਨ।

ਵਿਦੇਸ਼ੀ ਵਪਾਰ ਦਾ ਭਾਰਤੀ ਸੰਸਥਾਨ (1944) (1) ਆਮ ਅਮਨ ਕਾਨੂੰਨ (2) ਬੁਨਿਆਦੀ ਢਾਂਚਾ (3) ਅਨੁਕੂਲ ਉਦਯੋਗਿਕ ਸੰਬੰਧ (4) ਸਿੱਖਿਅਤ ਅਤੇ ਉਤਪਾਦਕ ਕਾਮਿਆਂ ਦੀ ਸ਼ਕਤੀ (5) ਸਮਾਜਿਕ ਢਾਂਚੇ ਦੀ ਉਪਲਬਧਤਾ (6) ਨਿਵੇਸ਼ਕ ਪੱਖੀ ਵਾਤਾਵਰਨ (7) ਰਾਜਨੀਤਕ ਸਥਿਰਤਾ (8) ਸਮਾਂਬੱਧ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ (9) ਘੱਟ ਤੋਂ ਘੱਟ ਨੌਕਰਸ਼ਾਹੀ ਅਤੇ (10) ਪ੍ਰੋਤਸਾਹਨ ਅਤੇ ਰਿਆਇਤਾਂ ਦੀ ਪਛਾਣ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਜੋਂ ਕਰਦਾ ਹੈ।

## ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਧੂਹ ਪਾਉਣ ਲਈ ਅੰਤਰਰਾਜੀ ਮੁਕਾਬਲਾ

ਬਹੁ-ਗਿਣਤੀ ਭਾਰਤੀ ਰਾਜ, ਜੋ ਇਹ ਮੰਨ ਕੇ ਚਲਦੇ ਹਨ ਕਿ ਸਿੱਧੇ ਵਿਦੇਸ਼ੀ ਨਿਵੇਸ਼

ਵਿਕਾਸ ਪ੍ਰਕਿਰਿਆ ਨੂੰ ਹੁਲਾਰਾ ਦੇਵੇਗਾ, ਵਲੋਂ ਵੱਖ-ਵੱਖ ਤਰ੍ਹਾਂ ਦੇ ਪ੍ਰੋਤਸਾਹਨ ਦੇ ਕੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਪ੍ਰੋਤਸਾਹਨਾਂ ਵਿਚ ਬੈਂਕਾਂ ਤੋਂ ਰਿਆਇਤੀ ਵਿਆਜ ਦਰਾਂ 'ਤੇ ਕਰਜ਼ੇ, ਵੱਖ-ਵੱਖ ਤਰ੍ਹਾਂ ਦੀਆਂ ਵਿਕਰੀ ਕਰ ਅਤੇ ਆਬਕਾਰੀ ਕਰ ਦੀਆਂ ਰਿਆਇਤਾਂ, ਕਰ ਮੁਲਤਵੀ ਕਰਨ ਦੀਆਂ ਸਕੀਮਾਂ ਅਤੇ ਬਿਜਲੀ ਅਤੇ ਹੋਰ ਸਹੂਲਤਾਂ ਲਈ ਘਟੇ ਹੋਏ ਕਰ, ਇਕ ਖ਼ਾਸ ਸਮੇਂ ਲਈ ਜਾਇਦਾਦ ਕਰ ਨੂੰ ਘੱਟ ਕਰਨ ਜਾਂ ਛੋਟ ਦੇਣੀ ਆਦਿ ਸ਼ਾਮਿਲ ਹਨ।

ਰਾਜਾਂ ਵਲੋਂ ਅਕਸਰ (ਖਿੱਤਾ) ਉਦਯੋਗਾਂ ਦੀ ਪਛਾਣ ਕੀਤੀ ਗਈ ਅਤੇ ਵਪਾਰ ਆਰੰਭ ਕਰਨ ਲਈ ਤਿਆਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਗਿਆ ਜਿਸ ਦੇ ਨਤੀਜੇ ਵਜੋਂ ਉਦਯੋਗਿਕ, ਖੇਤੀਬਾੜੀ ਪ੍ਰਾਸੈਸਿੰਗ ਅਤੇ ਸੂਚਨਾ ਤਕਨੀਕ ਦੇ ਕੇਂਦਰ ਹੋਂਦ ਵਿਚ ਆਏ। ਰਾਜਾਂ ਵਲੋਂ ਇਕਹਿਰੀ ਖਿੜਕੀ ਪ੍ਰਣਾਲੀ ਦੀ ਵੀ ਸ਼ੁਰੂਆਤ ਕੀਤੀ ਗਈ ਜਿਸ ਦੀ ਸ਼ੁਰੂਆਤ ਜ਼ਮੀਨ ਦਾ ਪੰਜੀਕਰਨ ਅਤੇ ਦੂਸਰੀਆਂ ਇਜਾਜ਼ਤਾਂ ਨਾਲ ਹੋਈ। ਉਨ੍ਹਾਂ ਨੇ ਲੰਮੀ ਪ੍ਰਕਿਰਿਆ ਨੂੰ ਸੌਖਾ ਕਰਨ, ਭ੍ਰਿਸ਼ਟਾਚਾਰ ਘਟਾਉਣ ਅਤੇ ਪਾਰਦਰਸ਼ਤਾ ਲਿਆਉਣ ਲਈ ਬਹੁਤ ਸਾਰੀਆਂ ਵਿਧੀਆਂ ਦਾ ਸਰਲੀਕਰਨ ਕਰ ਦਿਤਾ ਗਿਆ।

## ਭਾਰਤੀ ਰਾਜਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ

ਇਨ੍ਹਾਂ ਸਾਰੇ ਉਪਰਾਲਿਆਂ ਦੇ ਬਾਵਜੂਦ, ਭਾਰਤੀ ਰਾਜਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਵਿਚ ਵੱਡੀਆਂ ਅਸਮਾਨਤਾਵਾਂ ਹਨ। ਲੇਖਕ ਵਲੋਂ ਭਾਰਤੀ ਰਾਜਾਂ ਨੂੰ ਉੱਚ ਵਿਦੇਸ਼ੀ ਨਿਵੇਸ਼ ਰਾਜ, ਦਰਮਿਆਨੇ ਵਿਦੇਸ਼ੀ ਨਿਵੇਸ਼ ਰਾਜ ਅਤੇ ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ ਜਿਸ ਦਾ ਆਧਾਰ ਅਪ੍ਰੈਲ 2000 ਤੋਂ ਅਪ੍ਰੈਲ 2013 ਤਕ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਹੈ (ਤਾਲਿਕਾ-1)। ਭਾਰਤ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਮੁੱਖ ਤੌਰ ਤੇ ਛੇ ਰਾਜਾਂ ਵਿਚ ਕੇਂਦਰਿਤ ਹੈ ਜਿਵੇਂ ਕਿ ਮਹਾਂਰਾਸ਼ਟਰ, ਨਵੀਂ ਦਿੱਲੀ, ਤਮਿਲਨਾਡੂ, ਕਰਨਾਟਕ, ਗੁਜਰਾਤ ਅਤੇ ਆਂਧਰ ਪ੍ਰਦੇਸ਼। ਉਨ੍ਹਾਂ ਨੇ ਅਪ੍ਰੈਲ 2000 ਤੋਂ ਜੂਨ 2014 ਦੌਰਾਨ 693641 ਕਰੋੜ ਰੁਪਏ ਦਾ ਸਿੱਧਾ ਵਿਦੇਸ਼ੀ ਨਿਵੇਸ਼ ਖਿੱਚਿਆ ਜੋ ਭਾਰਤ ਵਿਚ ਹੋਏ ਕੁੱਲ ਵਿਦੇਸ਼ੀ ਨਿਵੇਸ਼ ਦਾ 70 ਪ੍ਰਤਿਸ਼ਤ ਬਣਦਾ ਹੈ। ਅਪ੍ਰੈਲ 2000 ਤੋਂ ਜੂਨ 2014 ਦਰਮਿਆਨ ਇਕੱਲੇ ਮਹਾਂਰਾਸ਼ਟਰ ਵਿਚ 30 ਪ੍ਰਤਿਸ਼ਤ (320281 ਕਰੋੜ ਰੁਪਏ) ਵਿਦੇਸ਼ੀ ਨਿਵੇਸ਼ ਆਇਆ। ਮਹਾਂਰਾਸ਼ਟਰ ਵਿਚ ਇਕੱਲੇ ਮੁੰਬਈ ਅੰਦਰ ਜ਼ਿਆਦਾਤਰ ਵਿਦੇਸ਼ੀ ਨਿਵੇਸ਼ ਹੋਇਆ। ਇਸ ਕਰਕੇ ਮੁੰਬਈ ਨਾ ਸਿਰਫ਼ ਵਪਾਰਕ ਸਰਮਾਇਆ ਰਾਜਧਾਨੀ ਹੈ, ਸਗੋਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਪੂੰਜੀ ਦੀ ਵੀ ਰਾਜਧਾਨੀ ਹੈ।

ਮਹਾਂਰਾਸ਼ਟਰ ਤੋਂ ਬਾਅਦ ਨਵੀਂ ਦਿੱਲੀ 214820 ਕਰੋੜ ਰੁਪਏ (20 ਪ੍ਰਤਿਸ਼ਤ), ਤਮਿਲਨਾਡੂ, ਗੁਜਰਾਤ 45,292 ਕਰੋੜ ਰੁਪਏ (4 ਪ੍ਰਤਿਸ਼ਤ) ਅਤੇ ਤੇਲੰਗਾਨਾ ਅਤੇ ਆਂਧਰ ਪ੍ਰਦੇਸ਼ 43813 ਕਰੋੜ ਰੁਪਏ (4 ਪ੍ਰਤਿਸ਼ਤ) ਦਾ ਨੰਬਰ ਆਉਂਦਾ ਹੈ।

ਅਪ੍ਰੈਲ 2000 ਤੋਂ ਜੂਨ 2014 ਦਰਮਿਆਨ ਜਿਨ੍ਹਾਂ ਰਾਜਾਂ ਵਿਚ 4500 ਕਰੋੜ ਤੋਂ 40000 ਕਰੋੜ ਰੁਪਏ ਦਾ ਸਿੱਧਾ ਵਿਦੇਸ਼ੀ ਨਿਵੇਸ਼ ਹੋਇਆ ਉਨ੍ਹਾਂ ਨੂੰ ਦਰਮਿਆਨੀ ਦਰਜੇ ਵਾਲੇ ਵਿਦੇਸ਼ੀ ਨਿਵੇਸ਼ ਵਾਲੇ ਰਾਜ ਗਰਦਾਨਿਆ ਗਿਆ। ਇਨ੍ਹਾਂ ਰਾਜਾਂ ਵਿਚ ਪੱਛਮੀ ਬੰਗਾਲ, ਸਿੱਕਮ, ਰਾਜਸਥਾਨ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ

ਤਾਲਿਕਾ-1

| ਰਿਜ਼ਰਵ ਬੈਂਕ ਦੇ ਪੰਜੀਕ੍ਰਿਤ ਦਫ਼ਤਰ | ਰਾਜ | 2013-14 (ਅਪ੍ਰੈਲ-ਮਾਰਚ) | ਨਿਵੇਸ਼ ਆਮਦ ਅਪ੍ਰੈਲ 2000-ਜੂਨ 2014) | ਪ੍ਰਤਿਸ਼ਤ ਕੁੱਲ ਆਮਦ |
|---|---|---|---|---|
| **ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | |
| ਮੁੰਬਈ | ਮਹਾਂਰਾਸ਼ਟਰ, ਦਾਦਰਾ ਅਤੇ ਨਗਰ ਹਵੇਲੀ, ਦਮਨ ਅਤੇ ਦਿਉ | 20,595 | 320,281 | 30 |
| ਨਵੀਂ ਦਿੱਲੀ | ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੇ ਕੁਝ ਹਿੱਸੇ | 38,190 | 214,820 | 20 |
| ਚੇਨੱਈ | ਤਮਿਲਨਾਡੂ, ਪੁੱਡੂਚੇਰੀ | 12,595 | 69,161 | 6 |
| ਬੰਗਲੌਰ | ਕਰਨਾਟਕ | 11,422 | 62,431 | 6 |
| ਅਹਿਮਦਾਬਾਦ | ਗੁਜਰਾਤ | 5,282 | 45,292 | 4 |
| ਹੈਦਰਾਬਾਦ | ਆਂਧਰ ਪ੍ਰਦੇਸ਼ | 4,024 | 43,817 | 4 |
| **ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | |
| ਕੋਲਕਾਤਾ | ਪੱਛਮੀ ਬੰਗਾਲ, ਸਿੱਕਮ, ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ | 2,659 | 13,532 | 1 |
| ਜੈਪੁਰ | ਰਾਜਸਥਾਨ | 233 | 6,360 | 0.6 |
| ਚੰਡੀਗੜ੍ਹ | ਚੰਡੀਗੜ੍ਹ, ਪੰਜਾਬ, ਹਰਿਆਣਾ ਹਿਮਾਚਲ ਪ੍ਰਦੇਸ਼ | 562 | 6,148 | 0.6 |
| ਭੋਪਾਲ | ਮੱਧ ਪ੍ਰਦੇਸ਼, ਛੱਤੀਸਗੜ੍ਹ | 708 | 5,595 | 0.5 |
| ਕੋਚੀ | ਕੇਰਲ, ਲਕਸ਼ਦੀਪ | 411 | 4,875 | 0.4 |
| **ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | |
| ਪਣਜੀ | ਗੋਆ | 103 | 3,660 | 0.4 |
| ਭੁਬਨੇਸ਼ਵਰ | ਓਡੀਸ਼ਾ | 288 | 1,926 | 0.2 |
| ਕਾਨ੍ਹਪੁਰ | ਉੱਤਰ ਪ੍ਰਦੇਸ਼, ਉੱਤਰਾਂਚਲ | 150 | 1,962 | 0.2 |
| ਗੁਹਾਟੀ | ਅਸਮ, ਅਰੁਣਾਚਲ ਪ੍ਰਦੇਸ਼, ਮਣੀਪੁਰ, ਮੇਘਾਲਿਆ, ਮਿਜ਼ੋਰਮ ਨਾਗਾਲੈਂਡ, ਤ੍ਰਿਪੁਰਾ | 4 | 352 | 0 |
| ਪਟਨਾ | ਬਿਹਾਰ | 9 | 228 | 0 |
| ਅਣਦੱਸੇ ਖੇਤਰ | | 50,283 | 286,604 | 26 |
| ਕੁੱਲ ਜੋੜ | | 147,518 | 1,076,093 | 100 ਪ੍ਰਤਿਸ਼ਤ |

ਸਰੋਤ : ਐੱਸ ਈ ਏ ਵੈੱਬਸਾਈਟ ਤੋਂ ਹਾਸਲ ਕੀਤੇ ਅੰਕੜਿਆਂ ਅਨੁਸਾਰ

ਪ੍ਰਦੇਸ਼, ਛੱਤੀਸਗੜ੍ਹ ਅਤੇ ਕੇਰਲ ਸ਼ਾਮਿਲ ਹਨ।

ਜਿਨ੍ਹਾਂ ਰਾਜਾਂ ਵਿਚ ਅਪ੍ਰੈਲ 2000 ਤੋਂ ਜੂਨ 2014 ਦਰਮਿਆਨ 4500 ਕਰੋੜ ਤੋਂ ਘੱਟ ਸਿੱਧਾ ਵਿਦੇਸ਼ੀ ਨਿਵੇਸ਼ ਹੋਇਆ, ਉਨ੍ਹਾਂ ਦੀ ਨਿਮਨ ਸੂਚੀ ਵਿਚ ਗੋਆ, ਓਡੀਸ਼ਾ, ਅਸਮ, ਅਰੁਣਾਚਲ ਪ੍ਰਦੇਸ਼, ਮਣੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ, ਬਿਹਾਰ ਅਤੇ ਝਾਰਖੰਡ ਸ਼ਾਮਿਲ ਹਨ। ਰਾਜਾਂ ਦੇ ਰਾਜਧਾਨੀ ਵਾਲੇ ਸ਼ਹਿਰਾਂ ਵਲੋਂ ਰਾਜ ਵਿਚ ਸਭ ਤੋਂ ਵੱਧ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕੀਤਾ ਗਿਆ। ਇਹ ਸਪੱਸ਼ਟ ਹੈ ਕਿ ਕਰ ਅਤੇ ਦੂਜੀਆਂ ਵਿੱਤੀ ਰਿਆਇਤਾਂ ਦੇ ਬਾਵਜੂਦ, ਸਿੱਧਾ ਵਿਦੇਸ਼ੀ ਨਿਵੇਸ਼ ਸਿਰਫ਼ ਕੁਝ ਰਾਜਾਂ ਤਕ ਹੀ ਸੀਮਤ ਹੈ, ਉਹ ਵੀ ਇਨ੍ਹਾਂ ਰਾਜਾਂ ਦੇ ਸਿਰਫ਼ ਕੁਝ ਸ਼ਹਿਰਾਂ ਤਕ ਹੀ। ਇਸ ਅਬਰਾਬਰੀ ਦੇ ਕਾਰਨ ਜਾਣਨ ਲਈ ਇਨ੍ਹਾਂ ਰਾਜਾਂ ਦੀ ਵਿਆਪਕ ਆਰਥਿਕਤਾ ਦੇ ਪੈਮਾਨਿਆਂ ਦਾ ਮੁੱਲੰਕਣ ਕੀਤਾ ਜਾ ਰਿਹਾ ਹੈ।

ਤਾਲਿਕਾ–2

| ਰਾਜ | ਕੁੱਲ ਜਨਸੰਖਿਆ ਦੀ ਪ੍ਰਤਿਸ਼ਤ ਜਨਸੰਖਿਆ | ਘਣਤਾ (ਪ੍ਰਤਿ ਵਰਗ ਕਿਲੋਮੀਟਰ) | ਸਾਖਰਤਾ (ਪ੍ਰਤਿਸ਼ਤ) | ਯੂਨੀਵਰਸਿਟੀ ਪ੍ਰਤਿਸ਼ਤ (2011–12) | ਕਾਲਜ (ਸੰਖਿਆ) | ਵਿਦਿਆਰਥੀਆਂ ਦੇ ਦਾਖ਼ਲੇ (ਸੰਖਿਆ) |
|---|---|---|---|---|---|---|
| **ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | |
| ਮਹਾਂਰਾਸ਼ਟਰ | 9.29 | 365 | 82.91 | 44 | 4603 | 1955226 |
| ਦਿੱਲੀ | 1.38 | 11,297 | 86.34 | 25 | 184 | 278770 |
| ਤਮਿਲਨਾਡੂ | 5.96 | 555 | 80.33 | 59 | 2309 | 1482277 |
| ਪੁੱਡੂਚੇਰੀ | 0.10 | 2.598 | 86.55 | 4 | 83 | 35122 |
| ਕਰਨਾਟਕ | 5.05 | 319 | 75.6 | 43 | 3281 | 1001473 |
| ਗੁਜਰਾਤ | 4.99 | 308 | 79.31 | 37 | 1805 | 893648 |
| ਆਂਧਰ ਪ੍ਰਦੇਸ਼ | 7.00 | 308 | 67.66 | 47 | 4814 | 1847479 |
| **ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | |
| ਪੱਛਮੀ ਬੰਗਾਲ | 7.55 | 1,029 | 77.08 | 26 | 899 | 944075 |
| ਰਾਜਸਥਾਨ | 5.67 | 201 | 67.06 | 45 | 2652 | 789479 |
| ਚੰਡੀਗੜ੍ਹ | 0.09 | 9,252 | 86.43 | 3 | 24 | 64510 |
| ਮੱਧ ਪ੍ਰਦੇਸ਼ | 6.00 | 236 | 70.63 | 33 | 2061 | 928939 |
| ਛੱਤੀਸਗੜ੍ਹ | 2.11 | 189 | 71.04 | 17 | 530 | 304381 |
| ਕੇਰਲ | 2.76 | 859 | 93.91 | 17 | 962 | 404121 |
| ਲਕਸ਼ਦੀਪ | 0.01 | 2,013 | 92.28 | 0 | 3 | 410 |
| **ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | |
| ਗੋਆ | 0.12 | 394 | 87.4 | 2 | 49 | 278770 |
| ਓਡੀਸ਼ਾ | 3.47 | 269 | 73.45 | 19 | 1089 | 510418 |
| ਉੱਤਰ ਪ੍ਰਦੇਸ਼ | 16.49 | 828 | 69.72 | 58 | 4849 | 2564886 |
| ਅਰੁਣਾਚਲ ਪ੍ਰਦੇਸ਼ | 0.11 | 17 | 66.95 | 3 | 26 | 16068 |
| ਮਣੀਪੁਰ | 0.22 | 122 | 79.85 | 3 | 79 | 33755 |
| ਮੇਘਾਲਿਆ | 0.24 | 132 | 75.48 | 10 | 61 | 41633 |
| ਨਾਗਾਲੈਂਡ | 0.16 | 119 | 80.11 | 4 | 57 | 20026 |
| ਤ੍ਰਿਪੁਰਾ | 0.30 | 350 | 87.75 | 3 | 39 | 32800 |
| ਉਤਰਾਂਚਲ ਪ੍ਰਦੇਸ਼ | 0.84 | 189 | 79.63 | 20 | 395 | 294485 |
| ਅਸਮ | 2.58 | 397 | 73.18 | 9 | 485 | 268451 |
| ਬਿਹਾਰ | 8.58 | 1,102 | 63.82 | 20 | 649 | 690776 |
| ਝਾਰਖੰਡ | 2.72 | 414 | 67.63 | 12 | 234 | 274450 |
| ਭਾਰਤ | **100** | **382** | **74.04** | **642** | **34908** | **15956428** |

*ਸਰੋਤ: ਆਰਥਿਕ ਸਰਵੇਖਣ, ਜਨਗਣਨਾ ਰਿਪੋਰਟ ਅਤੇ ਮਨੁੱਖੀ ਸਰੋਤ ਮੰਤਰਾਲਾ ਦੀ ਸਾਲਾਨਾ ਰਿਪੋਰਟ ਤੋਂ ਸੰਕਲਿਤ*

## ਸਿੱਧਾ ਵਿਦੇਸ਼ੀ ਨਿਵੇਸ਼ ਵਿਚ ਖੇਤਰੀ ਅਸਮਾਨਤਾਵਾਂ ਦੇ ਕਾਰਨ

ਭਾਰਤ ਵਿਚ ਐੱਫ ਡੀ ਆਈ ਦੇ ਖੇਤਰੀ ਅਸੰਤੁਲਨ ਦੇ ਬਹੁਤ ਸਾਰੇ ਕਾਰਨ ਹਨ ਅਤੇ ਉਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਵਿਸ਼ਾਲ ਬਾਜ਼ਾਰ, ਹੁਨਰਮੰਦ ਕਾਮਿਆਂ ਦੀ ਉਪਲਬਧਤਾ, ਆਰਥਿਕ ਵਿਕਾਸ, ਵਧੀਆ ਬੁਨਿਆਦੀ ਢਾਂਚਾ, ਉੱਚ ਆਰਥਿਕ ਸੁਤੰਤਰਤਾ ਅਤੇ ਵਪਾਰ ਕਰਨ ਲਈ ਸੁਖਾਲਾ ਵਾਤਾਵਰਨ। ਜਨਸੰਖਿਆ, ਘਣਤਾ, ਸਾਖਰਤਾ ਅਤੇ ਉੱਚ ਸਿੱਖਿਆ ਸੰਸਥਾਨਾਂ ਵਿਚ ਦਾਖ਼ਲਾ ਅਤੇ ਸਿੱਧਾ ਵਿਦੇਸ਼ੀ ਨਿਵੇਸ਼ – ਐੱਫ ਡੀ ਆਈ ਵਿਸ਼ਾਲ ਬਾਜ਼ਾਰ ਕਰਕੇ ਆਕਰਸ਼ਿਤ ਹੁੰਦੀ ਹੈ ਜਿਸ ਦੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ – ਜਨਸੰਖਿਆ, ਹੁਨਰਮੰਦ ਕਾਮਿਆਂ ਅਤੇ ਸੰਬੰਧਿਤ ਰਾਜਾਂ ਵਿਚ ਵਿਸ਼ਵਵਿਦਿਆਲਿਆਂ ਅਤੇ ਕਾਲਜਾਂ ਦੀ ਉਪਲਬਧਤਾ (ਤਾਲਿਕਾ–2)। ਭਾਵੇਂ ਕਿ ਕੁਝ ਵਿਦਿਆਰਥੀ ਉੱਚ ਸਿੱਖਿਆ ਲਈ ਦੂਜੇ ਰਾਜਾਂ ਜਾਂ ਵਿਦੇਸ਼ਾਂ ਵਿਚ ਜਾਂਦੇ ਹਨ, ਜ਼ਿਆਦਾਤਰ ਵਿਦਿਆਰਥੀ ਆਪਣੇ-ਆਪਣੇ ਰਾਜਾਂ ਵਿਚ ਹੀ ਦਾਖ਼ਲਾ ਲੈਂਦੇ ਹਨ।

ਐੱਫ ਡੀ ਆਈ ਵਿਸ਼ਾਲ ਬਾਜ਼ਾਰ ਵਲੋਂ ਆਕਰਸ਼ਿਤ ਕੀਤੀ ਜਾਂਦੀ ਹੈ ਜਿਸ ਦੀ ਪਛਾਣ ਉਸ ਦੇਸ਼ ਦੀ ਜਨਸੰਖਿਆ ਹੁੰਦੀ ਹੈ। ਭਾਰਤੀ ਰਾਜਾਂ ਦੇ ਮਾਮਲੇ ਵਿਚ ਸਭ ਤੋਂ ਵੱਧ ਜਨਸੰਖਿਆ ਉੱਤਰ ਪ੍ਰਦੇਸ਼ (16.49 ਪ੍ਰਤਿਸ਼ਤ) ਵਿਚ ਵਸਦੀ ਹੈ ਪਰ ਇਸ ਰਾਜ ਵਿਚ ਬਹੁਤ ਹੀ ਨਿਗੂਣਾ ਵਿਦੇਸ਼ੀ ਨਿਵੇਸ਼ ਹੋਇਆ ਹੈ। ਅਜਿਹਾ ਹਾਲ ਹੀ ਬਿਹਾਰ (8.58 ਪ੍ਰਤਿਸ਼ਤ) ਅਤੇ ਰਾਜਸਥਾਨ (6.69 ਪ੍ਰਤਿਸ਼ਤ) ਦਾ ਹੈ।

ਪਰ, ਜਨਸੰਖਿਆ ਦੇ ਆਕਾਰ ਦਾ ਮਹਾਰਾਸ਼ਟਰ (9.29 ਪ੍ਰਤਿਸ਼ਤ) ਤੇ ਹਾਂ ਪੱਖੀ ਪ੍ਰਭਾਵ ਪਿਆ ਹੈ, ਜੋ ਦੇਸ਼ ਦਾ ਦੂਜਾ ਸਭ ਤੋਂ ਵੱਧ ਵਸੋਂ ਵਾਲਾ ਰਾਜ ਹੈ। ਇਹ ਦੇਸ਼ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਪ੍ਰਾਪਤ ਕਰਨ ਵਾਲਾ ਨੰਬਰ ਇਕ ਰਾਜ ਹੈ। ਉੱਚ ਵਿਦੇਸ਼ੀ ਨਿਵੇਸ਼ ਵਾਲੇ ਦੂਸਰੇ ਰਾਜ ਤਮਿਲਨਾਡੂ (5.96 ਪ੍ਰਤਿਸ਼ਤ), ਕਰਨਾਟਕ (5.05 ਪ੍ਰਤਿਸ਼ਤ) ਅਤੇ ਗੁਜਰਾਤ (4.99 ਪ੍ਰਤਿਸ਼ਤ) ਹਨ ਜੋ ਦਿੱਲੀ (1.38 ਪ੍ਰਤਿਸ਼ਤ) ਅਤੇ ਪੁੱਡੂਚੇਰੀ (0.10 ਪ੍ਰਤਿਸ਼ਤ) ਦੇ ਮੁਕਾਬਲੇ ਔਸਤ ਵਸੋਂ ਵਾਲੇ ਰਾਜ ਹਨ। ਇਕ ਰਾਜ ਅੰਦਰ

ਪੈਦਾ ਕੀਤੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਆਸਾਨੀ ਨਾਲ ਦੂਜੇ ਰਾਜਾਂ ਵਿਚ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ, ਇਸ ਕਰਕੇ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਲਈ ਕਿਸੇ ਰਾਜ ਦੀ ਜਨਸੰਖਿਆ ਅਹਿਮ ਮਾਪਦੰਡ ਨਹੀਂ ਹੈ।

ਜਨਸੰਖਿਆ ਦੀ ਘਣਤਾ ਇਕ ਵਰਗ ਕਿਲੋਮੀਟਰ ਦੇ ਦਾਇਰੇ ਅੰਦਰ ਰਹਿਣ ਵਾਲੀ ਜਨਸੰਖਿਆ ਨੂੰ ਉਜਾਗਰ ਕਰਦੀ ਹੈ। ਜਿੰਨੀ ਜ਼ਿਆਦਾ ਘਣਤਾ ਹੋਵੇਗੀ, ਉਦਯੋਗਾਂ ਅਤੇ ਦੂਸਰੇ ਬੁਨਿਆਦੀ ਢਾਂਚੇ ਦੇ ਪ੍ਰਜੈਕਟਾਂ ਲਈ ਜ਼ਮੀਨ ਪ੍ਰਾਪਤ ਕਰਨ ਦੀ ਸੰਭਾਵਨਾ ਓਨੀ ਹੀ ਘੱਟ ਹੋਵੇਗੀ। ਉੱਚ ਜਨਸੰਖਿਆ (11297) ਘਣਤਾ ਹੋਣ ਦੇ ਬਾਵਜੂਦ ਦਿੱਲੀ ਵੱਡੀ ਮਾਤਰਾ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰ ਰਹੀ ਹੈ ਕਿਉਂਕਿ ਦਿੱਲੀ ਦੇ ਉੱਪ ਨਗਰੀ ਖੇਤਰਾਂ ਵਿਚ ਉਦਯੋਗ ਲਗਾਏ ਜਾ ਰਹੇ ਹਨ, ਜੋ ਭਾਵੇਂ ਦੂਸਰੇ ਰਾਜਾਂ ਵਿਚ ਹਨ ਪਰ ਇਨ੍ਹਾਂ ਖੇਤਰਾਂ ਨੂੰ ਰਾਸ਼ਟਰੀ ਰਾਜਧਾਨੀ ਖੇਤਰਾਂ ਵਜੋਂ ਮਾਨਤਾ ਦਿਤੀ ਗਈ ਹੈ। ਮਿਸਾਲ ਦੇ ਲਈ, ਨੋਇਡਾ ਅਤੇ ਗਾਜ਼ੀਆਬਾਦ ਉੱਤਰ ਪ੍ਰਦੇਸ਼ ਵਿਚ ਹਨ ਜਦ ਕਿ ਗੁੜਗਾਉਂ, ਫ਼ਰੀਦਾਬਾਦ, ਬਹਾਦਰਗੜ੍ਹ, ਹਰਿਆਣਾ ਵਿਚ ਹਨ। ਦੂਜੇ ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਦੇ ਮਾਮਲੇ ਵਿਚ ਘਣਤਾ 308 ਤੋਂ 555 ਵਿਅਕਤੀ ਪ੍ਰਤਿ ਵਰਗ ਕਿਲੋਮੀਟਰ ਹੈ। ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ ਜਨਸੰਖਿਆ ਦੀ ਘਣਤਾ 189 ਤੋਂ 9252 ਦੇ ਵਿਚਕਾਰ ਹੈ। ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ ਜਨਸੰਖਿਆ ਦੀ ਘਣਤਾ ਔਸਤ-17 ਤੋਂ 1102 ਦੇ ਵਿਚਕਾਰ ਹੈ।

ਇਹ ਸਮਝਿਆ ਜਾ ਸਕਦਾ ਹੈ ਕਿ ਜਨਸੰਖਿਆ ਦੀ ਘਣਤਾ ਦਾ ਕਿਸੇ ਰਾਜ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ 'ਤੇ ਬਹੁਤ ਹੀ ਨਿਗੂਣਾ ਅਸਰ ਪੈਂਦਾ ਹੈ। ਸਾਖਰਤਾ ਇਕ ਹੋਰ ਅਹਿਮ ਸੂਚਕ ਹੈ ਜਿਸ ਨੂੰ ਗਿਆਨ ਲਈ ਪ੍ਰਤਿਨਿਧਤਾ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ। ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ, ਆਂਧਰ ਪ੍ਰਦੇਸ਼ (67.68 ਪ੍ਰਤਿਸ਼ਤ) ਨੂੰ ਛੱਡ ਕੇ, ਬਾਕੀ ਸਾਰੇ ਰਾਜਾਂ ਦੀ ਸਾਖਰਤਾ ਦਰ ਰਾਸ਼ਟਰੀ ਔਸਤ (74.04 ਪ੍ਰਤਿਸ਼ਤ) ਨਾਲੋਂ ਵੱਧ ਹੈ। ਦਰਮਿਆਨੇ ਦਰਜੇ ਦੇ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਨੂੰ ਛੱਡ ਕੇ, ਬਾਕੀ ਸਾਰੇ ਰਾਜਾਂ ਦੀ ਸਾਖਰਤਾ ਦਰ ਰਾਸ਼ਟਰੀ ਔਸਤ ਨਾਲੋਂ ਵੱਧ ਹੈ। ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ - ਓਡੀਸ਼ਾ, ਉੱਤਰ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਅਸਮ, ਬਿਹਾਰ ਅਤੇ ਝਾਰਖੰਡ ਦੀ ਸਾਖਰਤਾ ਦਰ ਰਾਸ਼ਟਰੀ ਔਸਤ ਨਲੋਂ ਘੱਟ ਹੈ।

ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ 259 ਵਿਸ਼ਵਵਿਦਿਆਲੇ (40.3 ਪ੍ਰਤਿਸ਼ਤ), 17079 ਕਾਲਜ (48.9 ਪ੍ਰਤਿਸ਼ਤ) ਅਤੇ 7493995 ਵਿਦਿਆਰਥੀਆਂ (46.9 ਪ੍ਰਤਿਸ਼ਤ) ਨੇ ਉੱਚ ਸਿੱਖਿਆ ਵਿਚ ਦਾਖ਼ਲੇ ਲਏ ਹਨ, ਜਦ ਕਿ ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ 141 ਵਿਸ਼ਵਵਿਦਿਆਲੇ (21.5 ਪ੍ਰਤਿਸ਼ਤ) ਨੇ ਉੱਚ ਸਿੱਖਿਆ ਵਿਚ ਦਾਖ਼ਲਾ ਲਿਆ ਹੈ ਅਤੇ ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਅੰਦਰ 163 ਵਿਸ਼ਵਵਿਦਿਆਲੇ (25.3 ਪ੍ਰਤਿਸ਼ਤ) 8012 ਕਾਲਜ (22.9 ਪ੍ਰਤਿਸ਼ਤ) ਅਤੇ 5026518 ਵਿਦਿਆਰਥੀਆਂ (31.5 ਪ੍ਰਤਿਸ਼ਤ) ਨੇ ਉੱਚ ਸਿੱਖਿਆ ਲਈ ਨਾਮ ਦਰਜ ਕਰਵਾਇਆ।

ਤਾਲਿਕਾ-3

| ਰਾਜ | ਨਿਰੋਲ ਰਾਜ ਘਰੇਲੂ ਉਤਪਾਦ 2012-13 (ਕਰੋੜ) ਵਰਤਮਾਨ ਕੀਮਤਾਂ | ਕੀਮਤਾਂ ਪ੍ਰਤਿ ਵਿਅਕਤੀ ਨਿਰੋਲ ਰਾਜ ਘਰੇਲੂ ਉਤਪਾਦ 2012-13 (ਰੁਪਏ) ਵਰਤਮਾਨ ਕੀਮਤਾਂ | ਰੇਲਵੇ ਲਾਈਨ 2011-12 (ਕਿਲੋਮੀਟਰ) | ਸੜਕਾਂ ਦੀ ਲੰਬਾਈ 2011-12 (ਕਿਲੋਮੀਟਰ) | ਹਵਾਈ ਅੱਡੇ ਅੰਤਰਰਾਸ਼ਟਰੀ+ ਘਰੇਲੂ (ਸੰਖਿਆ) 2011-12 |
|---|---|---|---|---|---|
| ਮਹਾਂਰਾਸ਼ਟਰ | 1239104 | 107670 | 5,602 | 4,257 | 3+9 |
| ਦਿੱਲੀ | 332521 | 192587 | 183 | 80 | 1+0 |
| ਤਮਿਲਨਾਡੂ | 671192 | 98550 | 4,062 | 4,943 | 3+3 |
| ਪੁੱਡੂਚੇਰੀ | 15887 | 122654 | 11 | 53 | ਐੱਨ ਏ |
| ਕਰਨਾਟਕ | 466810 | 77309 | 3,073 | 4,396 | 2+4 |
| ਗੁਜਰਾਤ | 584367 | 96976 | 5,271 | 4,032 | 1+7 |
| ਆਂਧਰ ਪ੍ਰਦੇਸ਼ | 678524 | 78958 | 5,264 | 4,537 | 1+2 |
| **ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | |
| ਪੱਛਮੀ ਬੰਗਾਲ | 567594 | 62509 | 3,937 | 2681 | 1+2 |
| ਰਾਜਸਥਾਨ | 410834 | 59097 | 5,784 | 7,130 | 1+0 |
| ਚੰਡੀਗੜ੍ਹ | 232613 | 50691 | 16 | 24 | 1+0 |
| ਮੱਧ ਪ੍ਰਦੇਸ਼ | 333010 | 44989 | 4,955 | 5,064 | 2+4 |
| ਛੱਤੀਸਗੜ੍ਹ | 131796 | 50691 | 1,187 | 2,289 | 0+2 |
| ਕੇਰਲ | 309332 | 88527 | 1,050 | 1,457 | 3+0 |
| **ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | |
| ਗੋਆ | 29888 | 161822 | 69 | 269 | 1+0 |
| ਓਡੀਸ਼ਾ | 210683 | 49241 | 2,461 | 3,704 | 0+7 |
| ਉੱਤਰ ਪ੍ਰਦੇਸ਼ | 683651 | 33137 | 8,763 | 7818 | 1+0 |
| ਅਰੁਣਾਚਲ ਪ੍ਰਦੇਸ਼ | 11218 | 78145 | 1 | 2,027 | 0+2 |
| ਮਣੀਪੁਰ | 10489 | 36474 | 1 | 1,317 | 0+1 |
| ਮੇਘਾਲਿਆ | 15884 | 59517 | ਐੱਨ ਏ | 1,171 | 1+0 |
| ਨਾਗਾਲੈਂਡ | 13682 | 65908 | 13 | 494 | 0+1 |
| ਤ੍ਰਿਪੁਰਾ | 22453 | 60963 | 151 | 400 | 0+3 |
| ਉੱਤਰਾਂਚਲ ਪ੍ਰਦੇਸ਼ | 99157 | 97528 | 345 | 2042 | 0+2 |
| ਅਸਮ | 126149 | 40475 | 2,434 | 2,940 | 1+3 |
| ਬਿਹਾਰ | 287129 | 28774 | 3,612 | 4,106 | 1+2 |
| ਝਾਰਖੰਡ | 141644 | 44045 | 1,984 | 2,170 | 0+3 |
| **ਭਾਰਤ** | **8372744** | **67839** | **64,460** | **76818** | **24+64** |

*ਸਰੋਤ : ਆਰਥਿਕ ਸਰਵੇਖਣ ਅਤੇ ਏਅਰਪੋਰਟਸ ਅਥਾਰਿਟੀ ਆਫ਼ ਇੰਡੀਆ ਦੀ ਵੈੱਬਸਾਈਟ ਦੇ ਅੰਕੜਿਆਂ ਤੋਂ ਸੰਕਲਿਤ*

ਇਸ ਤਰ੍ਹਾਂ, ਇਹ ਸਪੱਸ਼ਟ ਹੈ ਕਿ ਹੁਨਰਮੰਦ ਮਜ਼ਦੂਰਾਂ ਦੀ ਉਪਲਬਧਤਾ ਦਾ ਕਿਸੇ ਰਾਜ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ 'ਤੇ ਹਾਂ ਪੱਖੀ ਅਸਰ ਪੈਂਦਾ ਹੈ।

## ਆਰਥਿਕ ਵਿਕਾਸ, ਬੁਨਿਆਦੀ ਢਾਂਚਾ ਅਤੇ ਸਿੱਧਾ ਵਿਦੇਸ਼ੀ ਨਿਵੇਸ਼

ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਦਾ ਨਿਰੋਲ ਰਾਜ ਘਰੇਲੂ ਉਤਪਾਦ, ਪ੍ਰਤਿ ਵਿਅਕਤੀ ਆਮਦਨ ਅਤੇ ਬੇਹਤਰ ਬੁਨਿਆਦੀ ਢਾਂਚਾ ਵੀ ਉੱਚਤਮ ਹੈ ਜਿਸ ਨੂੰ ਰੇਲਵੇ, ਸੜਕਾਂ ਦੀ ਲੰਬਾਈ ਦੇ ਸੰਦਰਭ ਵਿਚ ਦਰਮਿਆਨੇ ਅਤੇ ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ (ਤਾਲਿਕਾ-3)।

ਦਰਮਿਆਨੇ ਵਿਦੇਸ਼ੀ ਨਿਵੇਸ਼ ਪ੍ਰਾਪਤ ਕਰਨ ਵਾਲੇ ਰਾਜ, ਜਿਵੇਂ ਪੱਛਮੀ ਬੰਗਾਲ, ਕੇਰਲ ਅਤੇ ਮੱਧ ਪ੍ਰਦੇਸ਼ ਆਰਥਿਕ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿਚ ਵਧੀਆ ਕੰਮ ਕਰ ਰਹੇ ਹਨ ਜਿਸ ਨਾਲ ਇਨ੍ਹਾਂ ਰਾਜਾਂ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ ਨੇ ਰਫ਼ਤਾਰ ਫੜੀ ਹੈ। ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ (ਗੋਆ, ਉੱਤਰਾਂਚਲ ਅਤੇ ਅਰੁਣਾਚਲ ਪ੍ਰਦੇਸ਼ ਨੂੰ ਛੱਡ ਕੇ) ਪ੍ਰਤਿ ਵਿਅਕਤੀ ਆਮਦਨ ਦੂਜੇ ਰਾਜਾਂ ਨਾਲੋਂ ਘੱਟ ਹੈ। ਓਡੀਸ਼ਾ, ਉੱਤਰ ਪ੍ਰਦੇਸ਼, ਅਸਮ, ਬਿਹਾਰ ਅਤੇ ਝਾਰਖੰਡ ਵਿਚ ਰੇਲਵੇ ਲਾਈਨਾਂ ਅਤੇ ਸੜਕਾਂ ਦੀ ਲੰਬਾਈ ਜ਼ਿਆਦਾ ਹੈ ਪਰ ਰਾਜਾਂ ਦੇ ਆਕਾਰ ਦੇ ਲਿਹਾਜ ਤੋਂ ਇਹ ਲੰਬਾਈ ਔਸਤ ਹੈ। ਆਰਥਿਕ ਵਿਕਾਸ, ਬੁਨਿਆਦੀ ਢਾਂਚਾ ਅਤੇ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ ਦਰਮਿਆਨ ਇਕ ਹਾਂ-ਪੱਖੀ ਸੰਬੰਧ ਹੈ। ਇਹ ਸੰਬੰਧ ਰਾਜਾਂ ਵਿਚ ਵਿਕਾਸ ਨੂੰ ਹੁਲਾਰਾ ਦਿੰਦਾ ਹੈ ਪਰ ਖੇਤਰੀ ਅਸਮਾਨਤਾ ਨੂੰ ਹੋਰ ਵਧਾ ਦਿੰਦਾ ਹੈ।

## ਆਰਥਿਕ ਵਿਕਾਸ ਦੀ ਸੂਚੀ ਅਤੇ ਸਿੱਧਾ ਵਿਦੇਸ਼ੀ ਨਿਵੇਸ਼

ਆਰਥਿਕ ਸੁਤੰਤਰਤਾ ਦਰਜੇ ਦੀ ਸੂਚੀ ਰਾਸ਼ਟਰਾਂ ਅਤੇ ਰਾਜ ਸਰਕਾਰ ਦੀਆਂ ਵਿਤ ਉਤਪਾਦਨ ਪ੍ਰਕਿਰਿਆਵਾਂ ਦੀ ਗਿਣਤੀ ਅਤੇ ਦਰ 'ਤੇ ਆਧਾਰਤ ਦਰਜਾਬੰਦੀ ਕਰਦੀ ਹੈ। ਇਸੇ ਮੁਤਾਬਕ, ਕੁੱਲ ਆਰਥਿਕ ਸੁਤੰਰਤਾ ਦੇ ਮਾਮਲੇ ਵਿਚ (ਤਾਲਿਕਾ-4) ਗੁਜਰਾਤ ਨੂੰ ਪਹਿਲਾ ਦਰਜਾ ਪ੍ਰਾਪਤ ਹੈ, ਕਿਰਤ ਅਤੇ ਵਪਾਰ ਦੇ ਨਿਯਮਨ ਵਿਚ ਵੀ ਇਸ ਦਾ ਪਹਿਲਾ ਨੰਬਰ ਹੈ, ਪਰ ਸਰਕਾਰ ਦੇ ਆਕਾਰ ਦੇ ਹਿਸਾਬ ਨਾਲ ਇਹ ਦੂਜੇ ਦਰਜੇ 'ਤੇ ਹੈ ਅਤੇ ਕਾਨੂੰਨੀ ਢਾਂਚਾ ਅਤੇ ਸੁਰੱਖਿਆ ਦੇ ਲਿਹਾਜ ਨਾਲ ਇਸ ਦਾ ਚੌਥਾ ਦਰਜਾ ਹੈ। ਇਥੋਂ ਤਕ ਕਿ ਉੱਚ ਵਿਦੇਸ਼ੀ ਨਿਵੇਸ਼ ਦੀ ਆਮਦ ਵਾਲੇ ਸਾਰੇ ਰਾਜ ਸਿਖਰਲੇ 11 ਦਰਜਿਆਂ ਵਿਚ ਸ਼ਾਮਿਲ ਹਨ, ਜਦ ਕਿ ਤਮਿਲਨਾਡੂ ਦਾ ਦੂਜਾ, ਆਂਧਰ ਪ੍ਰਦੇਸ਼ ਦਾ ਤੀਜਾ, ਕਰਨਾਟਕ ਦਾ ਨੌਂਵਾਂ ਅਤੇ ਮਹਾਂਰਾਸ਼ਟਰ ਦਾ ਗਿਆਰ੍ਹਵਾਂ ਦਰਜਾ ਹੈ। ਸਭ ਤੋਂ ਵੱਡੀ ਹੈਰਾਨੀ ਮਹਾਂਰਾਸ਼ਟਰ ਦੀ ਹੈ ਜੋ ਆਰਥਿਕ ਸੁਤੰਰਤਾ ਦੀ ਸੂਚੀ ਵਿਚ ਗਿਆਰ੍ਹਵੇਂ ਦਰਜੇ 'ਤੇ ਹੈ, ਜਿਸ ਨੇ ਭਾਰਤ ਦੇ ਕੁੱਲ ਵਿਦੇਸ਼ੀ ਨਿਵੇਸ਼ ਦਾ 30 ਪ੍ਰਤਿਸ਼ਤ ਆਕਰਸ਼ਿਤ ਕੀਤਾ ਹੈ।

ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਵਿਚ ਹਿਮਾਚਲ ਪ੍ਰੇਦਸ਼ ਪੰਜਵੇਂ, ਮੱਧ ਪ੍ਰਦੇਸ਼ ਛੇਵੇਂ, ਚੰਡੀਗੜ੍ਹ ਅੱਠਵੇਂ, ਕੇਰਲ ਦਸਵੇਂ, ਪੰਜਾਬ ਤੇਰ੍ਹਵੇਂ ਅਤੇ ਪੱਛਮੀ ਬੰਗਾਲ ਸਤਾਰ੍ਹਵੇਂ ਥਾਂ 'ਤੇ ਹੈ। ਇਸ ਪ੍ਰਕਾਰ ਸਿੱਧਾ ਵਿਦੇਸ਼ੀ ਨਿਵੇਸ਼ ਹੌਲੀ-ਹੌਲੀ ਵਧ ਰਿਹਾ ਹੈ। ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਦੀ ਆਰਥਿਕ ਸੁਤੰਤਰਤਾ ਵਾਲੀ ਸੂਚੀ ਤਸੱਲੀਬਖਸ਼ ਨਹੀਂ ਹੈ।

ਇਸ ਕਰਕੇ, ਆਰਥਿਕ ਸੁਤੰਤਰਤਾ ਸੂਚੀ ਦਾ ਰਾਜਾਂ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ 'ਤੇ ਔਸਤ ਜਿਹਾ ਅਸਰ ਹੈ।

## ਬਿਜਲੀ ਅਤੇ ਸਿੱਧਾ ਵਿਦੇਸ਼ੀ ਨਿਵੇਸ਼

ਢੁੱਕਵੀ ਅਤੇ ਭਰਪੂਰ ਮਾਤਰਾ ਵਿਚ ਬਿਜਲੀ ਦੀ ਉਪਲਬਧਤਾ ਸਿੱਧਾ ਵਿਦੇਸ਼ੀ ਨਿਵੇਸ਼ ਨੂੰ

**ਬਾਕੀ ਸਫ਼ਾ 23 ਉੱਤੇ**

ਤਾਲਿਕਾ-4

ਆਰਥਿਕ ਸੁਤੰਤਰਤਾ ਸੂਚੀ, 2013

| ਰਾਜ | ਕੁੱਲ ਆਰਥਿਕ ਸੁਤੰਤਰਤਾ ਦਰਜਾਬੰਦੀ | | ਕਿਰਤ ਅਤੇ ਵਪਾਰ ਦਾ ਨਿਯਮਨ | | ਕਾਨੂੰਨੀ ਢਾਂਚਾ ਅਤੇ ਸੁਰੱਖਿਆ | | ਸਰਕਾਰ ਦਾ ਆਕਾਰ | |
|---|---|---|---|---|---|---|---|---|
| | ਕੁੱਲ | ਦਰਜਾ | ਖੇਤਰ 5 | ਦਰਜਾ | ਖੇਤਰ 2 | ਦਰਜਾ | ਖੇਤਰ 1 | ਦਰਜਾ |
| **ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | | | |
| ਮਹਾਂਰਾਸ਼ਟਰ | 0.42 | 11 | 0.43 | 6 | 0.16 | 17 | 0.68 | 3 |
| ਤਮਿਲਨਾਡੂ | 0.54 | 2 | 0.51 | 2 | 0.55 | 2 | 0.57 | 10 |
| ਕਰਨਾਟਕ | 0.43 | 9 | 0.44 | 5 | 0.35 | 11 | 0.49 | 16 |
| ਗੁਜਰਾਤ | 0.65 | 1 | 0.87 | 1 | 0.39 | 9 | 0.69 | 2 |
| ਆਂਧਰ ਪ੍ਰਦੇਸ਼ | 0.50 | 3 | 0.40 | 8 | 0.50 | 4 | 0.59 | 6 |
| **ਦਰਮਿਆਨੇ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | | | |
| ਪੱਛਮੀ ਬੰਗਾਲ | 0.35 | 17 | 0.29 | 17 | 0.14 | 18 | 0.62 | 5 |
| ਰਾਜਸਥਾਨ | 0.46 | 7 | 0.29 | 16 | 0.55 | 3 | 0.54 | 12 |
| ਮੱਧ ਪ੍ਰਦੇਸ਼ | 0.47 | 6 | 0.40 | 9 | 0.62 | 1 | 0.38 | 20 |
| ਛੱਤੀਸਗੜ੍ਹ | 0.44 | 8 | 0.39 | 10 | 0.47 | 5 | 0.47 | 18 |
| ਕੇਰਲ | 0.42 | 10 | 0.42 | 7 | 0.31 | 13 | 0.53 | 13 |
| ਹਿਮਾਚਲ ਪ੍ਰਦੇਸ਼ | 0.47 | 5 | 0.46 | 3 | 0.33 | 12 | 0.62 | 4 |
| ਪੰਜਾਬ | 0.40 | 13 | 0.19 | 20 | 0.43 | 6 | 0.58 | 9 |
| **ਨਿਮਨ ਵਿਦੇਸ਼ੀ ਨਿਵੇਸ਼ ਵਾਲੇ ਰਾਜ** | | | | | | | | |
| ਓਡੀਸ਼ਾ | 0.36 | 15 | 0.33 | 12 | 0.26 | 14 | 0.50 | 15 |
| ਉੱਤਰ ਪ੍ਰਦੇਸ਼ | 0.36 | 16 | 0.32 | 13 | 0.37 | 10 | 0.38 | 19 |
| ਅਸਮ | 0.32 | 19 | 0.26 | 18 | 0.13 | 19 | 0.58 | 8 |
| ਬਿਹਾਰ | 0.31 | 20 | 0.30 | 15 | 0.12 | 20 | 0.52 | 14 |
| ਝਾਰਖੰਡ | 0.33 | 18 | 0.20 | 19 | 0.20 | 16 | 0.59 | 7 |
| ਉੱਤਰਾਖੰਡ | 0.39 | 14 | 0.46 | 4 | 0.24 | 15 | 0.48 | 17 |

*ਸਰੋਤ : ਭਾਰਤ ਦੇ ਰਾਜਾਂ ਦੀ ਆਰਥਿਕ ਸੁਤੰਤਰਤਾ ਦੀ ਦਰਜਾਬੰਦੀ, 2013*

# ਭਾਰਤ ਵਿਚ ਪ੍ਰਚੂਨ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼

## ਖ਼ਤਰਾ ਜਾਂ ਵਿਕਾਸ ਦਾ ਢੁਕਵਾਂ ਸਰੋਤ

ਲੀਨਾ ਅਜੀਤ ਕੌਸ਼ਲ

### ਭੂਮਿਕਾ

ਭਾਰਤ ਵਿਚ ਪ੍ਰਚੂਨ ਖੇਤਰ ਕੁੱਲ ਘਰੇਲੂ ਉਤਪਾਦ ਦਾ 14-15 ਪ੍ਰਤਿਸ਼ਤ ਹੈ ਜੋ ਕਿ ਵਿਦੇਸ਼ੀ ਮਾਲਕੀ ਵਾਲੀਆਂ ਅਤੇ ਭਾਰਤੀ ਕੰਪਨੀਆਂ ਲਈ ਨਿਵੇਸ਼ ਦਾ ਲੁਭਾਵਣਾ ਸਾਧਨ ਹੈ। 2012 ਦੇ ਵਰ੍ਹੇ ਵਿਚ ਭਾਰਤ ਨੇ ਪ੍ਰਚੂਨ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਬਾਰੇ ਨੇਮਬੰਦੀਆਂ ਵਿਚ ਢਿੱਲ ਦਿੰਦਿਆਂ ਇਸ ਖੇਤਰ ਵਿਚ ਵਿਦੇਸ਼ੀ ਕੰਪਨੀਆਂ ਦੀ 100 ਪ੍ਰਤਿਸ਼ਤ ਮਾਲਕੀ ਦੀ ਆਗਿਆ ਦਿਤੀ। ਇਨ੍ਹਾਂ ਵਿਦੇਸ਼ੀ ਕੰਪਨੀਆਂ ਨੂੰ ਉਤਪਾਦਾਂ ਦੇ ਇਕੋ-ਇਕ ਬਰਾਂਡ ਦੀ ਵਿਕਰੀ ਦੀ ਮਨਜ਼ੂਰੀ ਦਿਤੀ ਗਈ ਅਤੇ ਇਨ੍ਹਾਂ ਉਤਪਾਦਾਂ ਅਤੇ ਸਮੱਗਰੀ ਦੇ 30 ਪ੍ਰਤਿਸ਼ਤ ਨੂੰ ਦੇਸ਼ ਦੇ ਅੰਦਰੋਂ ਲੈਣਾ ਸੀ। ਬਾਅਦ ਵਿਚ 2012 ਦੌਰਾਨ ਵਿਦੇਸ਼ੀ ਕੰਪਨੀਆਂ ਨੂੰ ਕਈ ਬਰਾਂਡਾਂ ਵਾਲੇ ਉਤਪਾਦਾਂ ਦੀ ਵਿਕਰੀ ਦੀ ਆਗਿਆ ਇਸ ਸ਼ਰਤ 'ਤੇ ਦਿਤੀ ਗਈ ਕਿ ਉਨ੍ਹਾਂ ਦੀ ਹਿੱਸਾ-ਪੂੰਜੀ 51 ਪ੍ਰਤਿਸ਼ਤ ਰਹੇਗੀ। ਇਸ ਤੋਂ ਇਲਾਵਾ, ਨੇਮਬੰਦੀ ਤਹਿਤ ਵਿਦੇਸ਼ੀ ਕੰਪਨੀਆਂ ਲਈ ਘੱਟੋ-ਘੱਟ 100 ਮਿਲੀਅਨ ਡਾਲਰ ਦਾ ਨਿਵੇਸ਼ ਕਰਨਾ ਜ਼ਰੂਰੀ ਕਰ ਦਿਤਾ ਗਿਆ ਜਿਸ ਵਿਚੋਂ 50 ਪ੍ਰਤਿਸ਼ਤ ਦੀ ਰਕਮ ਗੁਦਾਮਾਂ ਅਤੇ ਸਰਦਖ਼ਾਨਿਆਂ ਆਦਿ ਸਹੂਲਤਾਂ ਉਪਰ ਖਰਚ ਕਰਨਾ ਲਾਜ਼ਮੀ ਸੀ। 2014 ਵਿਚ ਨਵੀਂ ਚੁਣੀ ਗਈ ਸਰਕਾਰ, ਜੋ ਕਿ ਉਦਾਰ ਮਾਲੀ ਨੀਤੀ ਢਾਂਚੇ ਦੀ ਹਾਮੀ ਹੈ ਅਤੇ ਜਿਸ ਨੇ ਆਰਥਿਕਤਾ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੀ ਆਮਦ ਵਿਚ ਵਾਧਾ ਕੀਤਾ ਹੈ, ਨੇ ਬਹੁ-ਬਰਾਂਡ ਪ੍ਰਚੂਨ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਉਪਰ ਪਾਬੰਦੀ ਲਾ ਦਿਤੀ ਹੈ। ਅਜਿਹਾ ਕਰਿਆਨਾ ਸਟੋਰਾਂ ਦੇ ਨਾਂ ਨਾਲ ਜਾਣੇ ਜਾਂਦੇ ਛੋਟੇ ਸਥਾਨਕ ਪ੍ਰਚੂਨ ਦੁਕਾਨਦਾਰਾਂ ਦੇ ਇਸ ਡਰ ਦੇ ਪ੍ਰਤਿਕਰਮ ਵਿਚ ਕੀਤਾ ਗਿਆ ਹੈ ਕਿ ਸਿੱਧੀ ਵਿਦੇਸ਼ੀ ਪੂੰਜੀਕਾਰੀ ਪ੍ਰਚੂਨ ਖੇਤਰ ਵਿਚ ਉਨ੍ਹਾਂ ਨੂੰ ਢਾਅ ਲਾ ਸਕਦੀ ਹੈ। ਸੰਖੇਪ ਵਿਚ, ਪ੍ਰਚੂਨ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਉਪਰ ਵਿਵਾਦ ਪੂਰਾ ਭਖ਼ ਪਿਆ ਹੈ ਜਿਸ ਵਿਚ ਵਿਕਾਸ ਲਈ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੇ ਯੋਗਦਾਨ ਨੂੰ ਮੰਨਣ ਦੇ ਨਾਲ-ਨਾਲ ਲੋਕ-ਰਾਜ ਵਿਚ ਸੰਭਾਵੀ ਰਾਜਸੀ ਵਿਰੋਧ ਸ਼ਾਮਿਲ ਹੈ।

2010-12 ਦੌਰਾਨ 10.6 ਪ੍ਰਤਿਸ਼ਤ ਸੀ ਏ ਜੀ ਆਰ ਦਰਜ ਕਰਵਾਉਣ ਵਾਲੇ ਪ੍ਰਚੂਨ ਉਦਯੋਗ ਦੇ 2015 ਤਕ 750-850 ਬਿਲੀਅਨ ਡਾਲਰ ਦੇ ਬਾਜ਼ਾਰ ਨਾਲ 18.8 ਪ੍ਰਤਿਸ਼ਤ ਦੀ ਵਿਕਾਸ ਦਰ ਦਰਜ ਕਰਵਾਉਣ ਦਾ ਅਨੁਮਾਨ ਹੈ। ਗ਼ੈਰ-ਸੰਗਠਿਤ ਖੇਤਰ ਵਿਚ ਜਿਥੇ ਪਰਿਵਾਰਾਂ ਵਲੋਂ ਚਲਾਈਆਂ ਜਾਂਦੀਆਂ ਪਰੰਪਰਕ ਘੱਟ ਲਾਗਤ ਵਾਲੀਆਂ ਪ੍ਰਚੂਨ ਦੀਆਂ ਕਰਿਆਨੇ ਵਾਲੀਆਂ ਦੁਕਾਨਾਂ ਅਤੇ ਸਟੋਰ ਸ਼ਾਮਿਲ ਹਨ, ਉਥੇ ਆਧੁਨਿਕ ਤਰਜ਼ ਵਾਲੇ ਸੁਪਰ-ਬਾਜ਼ਾਰ, ਡਿਪਾਰਟਮੈਂਟਲ ਸਟੋਰ ਅਤੇ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਦੁਕਾਨਾਂ ਦੀ ਲੜੀ ਵਾਲਾ ਸੰਗਠਿਤ ਖੇਤਰ ਵੀ ਹੈ। ਸੰਗਠਿਤ ਪ੍ਰਚੂਨ ਖੇਤਰ ਕੁੱਲ ਪ੍ਰਚੂਨ 2020 ਤਕ 20 ਪ੍ਰਤਿਸ਼ਤ 'ਤੇ ਪਹੁੰਚ ਜਾਣ ਦੀ ਸੰਭਾਵਨਾ ਹੈ (ਡਿਲਾਇਟ, 2013)। ਭਾਰਤ ਵਿਚ ਖੁਰਾਕ ਪ੍ਰਚੂਨ ਕੁੱਲ ਪ੍ਰਚੂਨ ਵਿਕਰੀ ਦਾ 63 ਪ੍ਰਤਿਸ਼ਤ ਹੈ, ਜੋ ਕਿ ਕੁੱਲ ਘਰੇਲੂ ਉਤਪਾਦ ਵਿਚ 14 ਪ੍ਰਤਿਸ਼ਤ ਅਤੇ ਕੁੱਲ ਰੁਜ਼ਗਾਰ 7 ਪ੍ਰਤਿਸ਼ਤ ਦਾ ਯੋਗਦਾਨ ਪਾਉਂਦਾ ਹੈ (ਗੁਰੁਸਵਾਮੀ, 2005) ਭਾਰਤੀ ਪਰਿਵਾਰ ਆਪਣੀ ਆਮਦਨ ਦਾ 48 ਪ੍ਰਤਿਸ਼ਤ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਉਪਰ ਖਰਚ ਕਰਦੇ ਹਨ ਜੋ ਕਿ ਪੂਰੀ ਦੁਨੀਆਂ ਵਿਚ ਇਸ ਉਪਰ ਕੁੱਲ ਖਰਚੇ ਦੀ ਸਭ ਤੋਂ ਵੱਧ ਦਰ ਹੈ (ਮੈਕਿੰਸੇ, 2007) ਅਤੇ ਉਨ੍ਹਾਂ ਦੀ ਬਹੁਤ ਖਰੀਦਾਰੀ ਛੋਟੀਆਂ ਦੁਕਾਨਾਂ ਤੋਂ ਹੁੰਦੀ ਹੈ।

1991 ਵਿਚ ਹੋਂਦ ਵਿਚ ਆਇਆ ਖੇਤੀ ਉਤਪਾਦ ਬਾਜ਼ਾਰ ਕਮੇਟੀ (ਏ ਪੀ ਐਮ ਸੀ) ਕਾਨੂੰਨ ਕਿਸਾਨਾਂ ਨੂੰ ਆਪਣੇ ਉਤਪਾਦ ਸਿੱਧਾ ਪ੍ਰਚੂਨ ਵਪਾਰੀਆਂ ਜਾਂ ਖਪਤਕਾਰਾਂ ਨੂੰ ਵੇਚਣ ਦੀ ਬਜਾਇ ਇਸ ਨੂੰ ਰਾਜ ਖੇਤੀ ਬਾਜ਼ਾਰ ਬੋਰਡਾਂ ਵਲੋਂ ਤੈ ਲਾਇਸੈਂਸਸ਼ੁਦਾ ਵਪਾਰੀਆਂ ਜਾਂ ਦਲਾਲਾਂ ਨੂੰ ਹੀ ਵੇਚਣ ਦੀ ਪਾਬੰਦੀ ਲਾਉਂਦਾ ਹੈ। ਇਹ ਦਲਾਲ ਅਸਲ ਵਿਚ, ਮੁੱਲ ਨਿਰਧਾਰਕ ਹੁੰਦੇ ਹਨ ਅਤੇ ਉਨ੍ਹਾਂ ਵਲੋਂ ਪ੍ਰਚੂਨ ਵਪਾਰੀਆਂ ਲਈ ਤੈ ਕੀਤੀ ਗਈ ਕੀਮਤ ਖੁਰਾਕ ਅਤੇ ਖੁਰਾਕ ਉਤਪਾਦਾਂ ਲਈ ਪ੍ਰਚੂਨ ਬਾਜ਼ਾਰ 'ਚ ਉਨ੍ਹਾਂ ਦੀ ਇਜ਼ਾਰੇਦਾਰੀ ਦਰਸਾਉਂਦੀ ਹੈ। ਇਸ ਤੋਂ ਛੁੱਟ ਸਰਕਾਰੀ ਕਰ ਅੰਤਰਰਾਜੀ ਆਵਾਜਾਈ ਖਰਚੇ ਅਤੇ ਦਲਾਲ ਦਾ ਕਮਿਸ਼ਨ ਆਦਿ ਮਿਲਾ ਕੇ ਦੇਖਿਆ ਜਾਵੇ ਤਾਂ ਦਲਾਲ ਪ੍ਰਚੂਨ ਵਪਾਰੀਆਂ ਤੋਂ ਉੱਚ ਕੀਮਤ ਵਸੂਲ ਕਰਦੇ ਹਨ। ਇਸ ਪ੍ਰਣਾਲੀ ਵਿਚ ਮੁਨਾਫ਼ਾ, ਗਰੀਬ ਕਿਸਾਨ ਅਤੇ ਅਸਲ ਖਪਤਕਾਰ ਦੀ ਕੀਮਤ 'ਤੇ, ਦਲਾਲ ਨੂੰ ਹਾਸਲ ਹੁੰਦਾ ਹੈ।

ਖੁਰਾਕੀ ਵਸਤਾਂ ਦੀ ਉੱਚੀ ਅਤੇ ਤੇਜ਼ੀ ਨਾਲ ਵਧ ਰਹੀ ਕੀਮਤ 'ਤੇ ਰੋਕ ਲਾਉਣ ਲਈ ਸਰਕਾਰ ਨੇ ਰਾਜਾਂ ਨੂੰ ਫਲ ਅਤੇ ਸਬਜ਼ੀਆਂ ਨੂੰ ਏ ਪੀ ਐਮ ਸੀ ਕਾਨੂੰਨ ਵਾਲੀ ਸੂਚੀ ਤੋਂ ਹਟਾਉਣ ਲਈ ਕਿਹਾ ਹੈ ਪਰ ਇਹ ਉਪਾਅ ਆਪਣੇ ਤੌਰ ਤੇ ਕੀਮਤਾਂ ਉਪਰ ਰੋਕ ਲਾਉਣ ਲਈ ਨਾਕਾਫ਼ੀ ਹੈ। ਵਿਦੇਸ਼ੀ ਕੰਪਨੀਆਂ ਵਰਗੇ ਸੁਤੰਤਰ ਵਪਾਰੀਆਂ ਵਲੋਂ ਸਥਾਪਤ ਦੁਕਾਨਾਂ ਨਾਲ

ਕਿਸਾਨ ਨੂੰ, ਸਪਲਾਈ ਅਮਲ ਵਿਚ ਕਟੌਤੀ ਕਾਰਨ ਦਲਾਲਾਂ ਤੋਂ ਰਾਹਤ ਮਿਲ ਸਕਦੀ ਹੈ ਅਤੇ ਅੰਤਿਮ ਵਿਕਰੀ ਮੁੱਲ ਵਿਚ ਵੱਡਾ ਹਿੱਸਾ ਮਿਲ ਸਕਦਾ ਹੈ (ਘੋਸ਼ਾਲ, ਸ੍ਰੀ ਨਿਵਾਸ, 2011)। ਕੋਹਲੀ ਅਤੇ ਭਗਵਤੀ (2011) ਇਹੀ ਵਿਚਾਰ ਪ੍ਰਗਟਾਉਂਦੇ ਹਨ ਕਿ ਬਹੁ-ਰਾਸ਼ਟਰੀ ਪ੍ਰਚੂਨ ਵਪਾਰੀ ਭਾਰਤ ਵਿਚ ਵੰਡ ਪ੍ਰਣਾਲੀ ਦੀ ਕਾਰਜ-ਕੁਸ਼ਲਤਾ ਅਤੇ ਕਾਰਗੁਜ਼ਾਰੀ ਵਿਚ ਸੁਧਾਰ ਦੀ ਸੰਭਾਵਨਾ ਰਖਦੇ ਹਨ।

ਇਕ ਵੱਡੀ ਮੱਧ-ਸ਼੍ਰੇਣੀ ਵਾਲੀ ਵਿਗਸ ਰਹੀ ਆਰਥਿਕਤਾ ਦੇ ਪ੍ਰਚੂਨ ਖੇਤਰ ਵਿਚ ਵਿਦੇਸ਼ੀ ਮਾਲਕੀ ਵਾਲੀਆਂ ਬਹੁ-ਬ੍ਰਾਂਡ ਕੰਪਨੀਆਂ ਸਮੇਤ ਵੱਡੇ ਸੁਪਰ-ਸਟੋਰਾਂ ਦੀ ਡੂੰਘੀ ਦਿਲਚਸਪੀ ਨਜ਼ਰ ਆਉਂਦੀ ਹੈ। ਇਸ ਖੇਤਰ ਵਲੋਂ ਕਰਿਆਨਾ ਸਟੋਰਾਂ ਨੂੰ ਢਾਅ ਲਾਉਣ ਦੀ ਇਸ ਲਈ ਘੱਟ ਸੰਭਾਵਨਾ ਹੈ ਕਿਉਂਕਿ ਬਹੁਤੇ ਘਰਾਂ ਵਿਚ ਨਿਮਨ ਆਮਦਨ ਪੱਧਰ ਕਾਰਨ ਨਾ ਤਾਂ ਸ਼ਹਿਰਾਂ ਵਿਚਲੇ ਸੁਪਰ-ਬਾਜ਼ਾਰਾਂ ਤਕ ਪਹੁੰਚ ਕੇ ਖਰੀਦ ਕਰਨ ਦੀ ਸਮਰਥਾ ਹੈ ਅਤੇ ਨਾ ਹੀ ਇਨ੍ਹਾਂ ਉਤਪਾਦਾਂ ਨੂੰ ਲੰਮੇਂ ਸਮੇਂ ਤਕ ਭੰਡਾਰ ਕਰ ਸਕਣ ਲਈ ਰੈਫ੍ਰੀਜਰੇਟਰ ਵਰਗੀਆਂ ਸਹੂਲਤਾਂ ਦੀ ਉਪਲਬਧਤਾ ਹੈ।

***ਜਿਵੇਂ ਕਿ ਕਿਹਾ ਜਾਂਦਾ ਹੈ ਭਾਰਤ ਬਹੁਤ ਸਾਰੇ ਗਰੀਬ ਲੋਕਾਂ ਅਤੇ ਬਹੁਤ ਅਮੀਰ ਲੋਕਾਂ ਵਾਲਾ ਵਿਸ਼ਾਲ ਦੇਸ਼ ਹੈ। ਇਸੇ ਲਈ ਦੇਸ਼ ਦੇ ਵਿਗਸ ਰਹੇ ਪ੍ਰਚੂਨ ਕਾਰੋਬਾਰ ਵਿਚ ਵਿਦੇਸ਼ੀ ਕੰਪਨੀਆਂ ਅਤੇ ਕਰਿਆਨੇ ਦੀਆਂ ਦੁਕਾਨਾਂ ਦੋਹਾਂ ਲਈ ਸੰਭਾਵਨਾ ਹੈ।***

## ਭਾਰਤ ਵਿਚ ਪ੍ਰਚੂਨ ਖੇਤਰ ਵਿਚ ਸਿੱਧੀ ਪੂੰਜੀਕਾਰੀ ਉੱਪਰ ਬਹਿਸ

ਉਦਾਰੀਕਰਨ ਯੁੱਗ ਦੀਆਂ ਮਹੱਤਵਪੂਰਨ ਨੀਤੀਗਤ ਪਹਿਲਾਕਦਮੀਆਂ ਵਿਚੋਂ ਇਕ ਸਿੱਧੀ ਵਿਦੇਸ਼ੀ ਪੂੰਜੀਕਾਰੀ ਨੂੰ ਚਲਾਉਣ ਵਾਲੀਆਂ ਨੇਮਬੰਦੀਆਂ ਨੂੰ ਢਿੱਲਾ ਕਰਨਾ ਸੀ ਜਿਸ ਬਾਰੇ ਉਪਰ ਦੱਸਿਆ ਜਾ ਚੁੱਕਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਨਵੀਂ ਸਰਕਾਰ ਛੋਟੀਆਂ ਕੰਪਨੀਆਂ ਨੂੰ ਢਾਅ ਨਾ ਲੱਗਣ ਦੇਣ ਖਾਤਰ ਪ੍ਰਚੂਨ ਖੇਤਰ ਵਿਚ ਬਹੁ-ਬ੍ਰਾਂਡ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੀ ਢਿੱਲ ਨਾ ਦੇਣ ਦੇ ਬਾਵਜੂਦ ਸਚਾਈ ਇਹ ਹੈ ਕਿ ਸਰਕਾਰ ਦੀਆਂ ਦਰਾਂ ਨੂੰ ਬਹੁਤ ਘੱਟ ਹਮਾਇਤ ਨਜ਼ਰ ਆਉਂਦੀ ਹੈ ਅਤੇ ਪ੍ਰਚੂਨ ਖੇਤਰ ਵਿਚ ਵਿਦੇਸ਼ੀ ਬਹੁ-ਬ੍ਰਾਂਡ ਕੰਪਨੀਆਂ ਨੂੰ ਉਤਰਨ ਦੀ ਆਗਿਆ ਦੇਣ ਦਾ ਮਾਮਲਾ ਜ਼ਿਆਦਾ ਮਜ਼ਬੂਤ ਨਜ਼ਰ ਆਉਂਦਾ ਹੈ ਜੋ ਕਿ ਦੇਸ਼ ਦੇ ਖੇਤੀ ਖੇਤਰ ਵਿਚ ਵਿਦੇਸ਼ੀ ਕੰਪਨੀਆਂ ਦੀ ਕਾਰਗੁਜ਼ਾਰੀ ਅਤੇ ਹਿੱਸੇਦਾਰੀ ਦੋਹਾਂ ਪੱਖਾਂ ਵਿਚ ਸੰਭਾਵੀ ਯੋਗਦਾਨ 'ਤੇ ਆਧਾਰਿਤ ਹੈ। ਖਪਤਕਾਰਾਂ ਲਈ ਵੀ ਵਿਆਪਕ ਲਾਭ ਹਨ ਜੋ ਕਿ ਸ਼ੁਰੂ ਵਿਚ ਭਾਵੇਂ ਉੱਚ-ਆਮਦਨ ਸ਼੍ਰੇਣੀਆਂ ਤਕ ਸੀਮਤ ਰਹੇਗੀ ਪਰ ਲੰਮੇ ਸਮੇਂ ਦੌਰਾਨ ਘੱਟ ਆਮਦਨ ਸ਼੍ਰੇਣੀਆਂ ਤਕ ਵੀ ਪਹੁੰਚਣਗੇ।

***ਇਥੇ ਦੋ ਮਹੱਤਵਪੂਰਨ ਦਲੀਲਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ, ਪਹਿਲਾ ਇਹ ਕਿ ਇਸ ਸਮੇਂ ਪ੍ਰਚੂਨ ਖੇਤਰ ਵੱਡ-ਆਕਾਰੀ ਦੁਕਾਨਾਂ ਵਾਲੇ ਸੰਗਠਿਤ ਅਤੇ ਵੱਡੀ ਗਿਣਤੀ ਵਿਚ ਛੋਟੇ ਦੁਕਾਨਦਾਰਾਂ ਵਾਲੇ ਅਸੰਗਠਿਤ ਖੇਤਰ ਵਾਲਾ ਦੋ-ਪੱਧਰੀ ਖੇਤਰ ਹੈ। ਇਹ ਦੋਵੇਂ ਖੇਤਰ ਆਪਸ ਵਿਚ ਅਸੰਬੰਧਿਤ ਹਨ, ਹਰੇਕ ਦੇ ਆਪਣੇ ਵੱਖਰੇ-ਵੱਖਰੇ ਗਾਹਕ ਹਨ ਅਤੇ ਇਹ ਇਕ ਦੂਜੇ ਦੇ ਖੇਤਰ ਵਿਚ ਦਖ਼ਲ ਨਹੀਂ ਦਿੰਦੇ। ਦੂਜਾ, ਪ੍ਰਚੂਨ ਖੇਤਰ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਹਿੱਸੇਦਾਰੀ ਅਤੇ ਕਾਰਜ-ਕੁਸ਼ਲਤਾ ਦੋਹਾਂ ਪੱਖਾਂ ਤੋਂ ਕਿਸਾਨਾਂ ਲਈ ਵੱਡੀ ਸੰਭਾਵਨਾ ਰਖਦਾ ਹੈ ਕਿਉਂਕਿ ਘਰੇਲੂ ਸਰੋਤਾਂ ਨਾਲ ਬਹੁ-ਰਾਸ਼ਟਰੀ ਕੰਪਨੀਆਂ ਦਾ ਵਾਹ ਪੈਣ ਨਾਲ ਖੇਤੀ ਤਕਨਾਲੋਜੀਆਂ ਵਿਚ ਸੁਧਾਰ ਦੀ ਵੱਡੀ ਸੰਭਾਵਨਾ ਹੈ।***

## ਸਿੱਧੀ ਵਿਦੇਸ਼ੀ ਪੂੰਜੀਕਾਰੀ ਕਰਿਆਨੇ ਲਈ ਖ਼ਤਰਾ – ਇਕ ਝੂਠਾ ਡਰ

ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੀ ਸੰਭਾਵਨਾ ਨੂੰ ਲੈ ਕੇ ਕਈ ਖੋਜਾਂ ਹੋਈਆਂ (ਬਾਜਪੇਈ ਐਂਡ ਸੈਚਸ, 2000, ਲੇਨਸਿੰਕ ਅਤੇ ਮੋਰਿਸੇ, 2001) ਪਰ ਸਿੱਧੀ ਵਿਦੇਸ਼ੀ ਪੂੰਜੀਕਾਰੀ ਰਾਹੀਂ ਆਰਥਿਕ ਵਿਕਸ ਨੂੰ ਉਤਸ਼ਾਹਤ ਕਰਨ ਲਈ ਲੋੜੀਂਦੀਆਂ ਸਥਿਤੀਆਂ ਦੀ ਸ਼ਨਾਖਤ ਲਈ ਵੀ ਕਈ ਅਧਿਐਨ ਹੋਏ ਹਨ (ਮੈਲਰ 1976, ਹੈਨਸੇਨ, 2004) ਭਾਵੇਂ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਸਿੱਧੀ ਵਿਦੇਸ਼ੀ ਪੂੰਜੀਕਾਰੀ ਆਰਥਿਕ ਵਿਕਾਸ ਦੇ ਨਾਲ-ਨਾਲ ਗਰੀਬੀ ਨੂੰ ਖਤਮ ਕਰਨ ਵਿਚ ਵੀ ਆਪਣਾ ਯੋਗਦਾਨ ਪਾਵੇ। ਸੁਪਰ-ਬਾਜ਼ਾਰਾਂ ਦੇ ਛੋਟੇ ਪ੍ਰਚੂਨ ਭੰਡਾਰਾਂ ਉਪਰ ਅਸਰ ਨੂੰ ਲੈ ਕੇ ਮਿਲੇ-ਜੁਲੇ ਪ੍ਰਤਿਕਰਮ ਉਪਲਬਧ ਹਨ। ਸੋਬੇਲ ਤੇ ਡੀਨ (2008) ਅਮਰੀਕਾ ਵਿਚ ਵਾਲ-ਮਾਰਟ ਦੀ ਆਮਦ ਨਾਲ ਉਥੋਂ ਦੇ ਛੋਟੇ ਪ੍ਰਚੂਨ ਦੁਕਾਨਦਾਰਾਂ ਉਪਰ ਲੰਮੇ ਸਮੇਂ ਵਿਚ ਕੋਈ ਮਾੜਾ ਅਸਰ ਪੈਣ ਦੀ ਸੰਭਾਵਨਾ ਤੋਂ ਇਨਕਾਰ ਕਰਦੇ ਹਨ ਜਦ ਕਿ (ਜਿਆ 2008, ਬਾਸਕਰ 2005) ਛੋਟੇ ਪ੍ਰਚੂਨ ਦੁਕਾਨਦਾਰਾਂ ਦੀ ਗਿਣਤੀ ਵਿਚ ਕਮੀ ਆਉਣ ਦੀ ਗੱਲ ਕਰਦੇ ਹਨ। ਇਗਾਮੀ (2008) ਦੇ ਅਧਿਐਨ ਵਿਚ ਕਿਹਾ ਗਿਆ ਹੈ ਕਿ ਵਿਸ਼ਾਲ ਸੁਪਰ-ਬਾਜ਼ਾਰ ਦੂਜੇ ਵੱਡੇ ਅਤੇ ਦਰਮਿਆਨੇ ਪ੍ਰਚੂਨ ਵਪਾਰੀਆਂ ਨੂੰ ਉਥੋਂ ਪੁੱਟ ਦਿੰਦੇ ਹਨ ਪਰ ਛੋਟੇ ਸਟੋਰਾਂ ਦੇ ਵਧਣ-ਫੁਲਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ ਜੋ ਕਿ ਉਤਪਾਦਾਂ ਦੇ ਵਖਰੇਵੇਂ ਕਾਰਨ ਸੁਰੱਖਿਅਤ ਹੋ ਜਾਂਦੇ ਹਨ। ਇਗਾਮੀ ਖਪਤਕਾਰ ਦੀਆਂ ਮੰਗਾਂ ਅਤੇ ਖਰੀਦਦਾਰੀ ਆਦਤਾਂ ਵਿਚਲੇ ਫ਼ਰਕ ਨੂੰ ਸਾਹਮਣੇ ਰਖਦਾ ਸੁਝਾਉਂਦਾ ਹੈ ਕਿ ਵੱਖ-ਵੱਖ ਆਕਾਰ ਦੀਆਂ ਦੁਕਾਨਾਂ ਵੱਖ-ਵੱਖ ਤਰ੍ਹਾਂ ਦੇ ਖਪਤਕਾਰਾਂ ਨੂੰ ਆਕਰਸ਼ਿਤ ਕਰਦੀਆਂ ਹਨ। ਬਾਲਾ ਸੁਬਰਾਮਨੀਅਮ (2013) ਮੁਤਾਬਿਕ ਘੱਟ ਆਮਦ ਸ਼੍ਰੇਣੀ ਲਾਗਤ, ਪਹੁੰਚ ਅਤੇ ਭੰਡਾਰੀਕਰਨ ਸਰੋਕਾਰਾਂ ਕਾਰਨ ਉੱਚ-ਆਮਦਨ ਸ਼੍ਰੇਣੀ ਵਾਂਗ ਅੰਤਰਰਾਸ਼ਟਰੀ ਪੱਧਰ ਦੇ ਉਤਪਾਦਾਂ ਦੀ ਨਾ ਮੰਗ ਕਰਦਾ ਹੈ ਅਤੇ ਨਾ ਹੀ ਉਸ ਨੂੰ ਖਰੀਦ ਸਕਦਾ ਹੈ।

ਵੱਡੀ ਪੱਧਰ 'ਤੇ ਫੈਲੇ ਸੁਪਰ-ਬਾਜ਼ਾਰ ਵੱਧ ਰਹੇ ਕਿਰਾਇਆਂ ਅਤੇ ਚੁਣੀਂਦਾ ਸਥਾਨਾਂ ਦੀ ਕਮੀ ਦੇ ਚਲਦਿਆਂ ਆਮ ਤੌਰ ਤੇ ਵੱਡੇ ਸ਼ਹਿਰਾਂ ਦੇ ਬਾਹਰ-ਵਾਰ ਸਥਾਪਤ ਹਨ। ਇਹ ਸਪੱਸ਼ਟ ਦੇਖਿਆ ਜਾ ਸਕਦਾ ਹੈ ਕਿ ਘੱਟ ਆਮਦਨ ਸ਼੍ਰੇਣੀ ਆਪਣੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ

ਵੱਡੇ ਸੁਪਰ-ਬਾਜ਼ਾਰਾਂ ਉਪਰ ਖਰਚ ਕਰਨ ਦੀ ਬਜਾਇ ਨੇੜੇ ਦੀ ਕਰਿਆਨੇ ਦੀ ਦੁਕਾਨ ਜਾਂ ਸਬਜ਼ੀ ਵਾਲੇ ਵੱਲ ਜਾਣਾ ਬਿਹਤਰ ਸਮਝਣਗੇ। ਭਾਰਤ ਵਿਚ ਯਕੀਨਨ ਵਿਗਸ ਰਹੀ ਮੱਧ ਆਮਦਨ ਸ਼੍ਰੇਣੀ ਹੈ ਪਰ ਇਹ ਕੁੱਲ ਵਸੋਂ ਦਾ 30 ਪ੍ਰਤਿਸ਼ਤ ਹੀ ਹੈ ਜਦ ਕਿ 21.9 ਪ੍ਰਤਿਸ਼ਤ ਦੀ ਵਸੋਂ ਗਰੀਬੀ-ਰੇਖਾ ਤੋਂ ਹੇਠਾਂ ਵਸਦੀ ਹੈ ਜਿਸ ਦੇ ਚਲਦਿਆਂ ਸੰਗਠਿਤ ਅਤੇ ਗ਼ੈਰ-ਸੰਗਠਿਤ ਪ੍ਰਚੂਨ ਵਪਾਰੀਆਂ ਦੀ ਵੱਖੋ-ਵੱਖਰੀ ਮੌਜੂਦਗੀ ਬਣੀ ਰਹੇਗੀ।

ਕੋਹਲੀ ਅਤੇ ਭਗਵਤੀ ਦੇ ਅਧਿਐਨ (2011) ਮੁਤਾਬਿਕ ਵੱਡੇ ਪ੍ਰਚੂਨ ਵਪਾਰੀਆਂ ਦਾ ਪਾਸਾਰ ਛੋਟੇ ਕਰਿਆਨਾਂ ਸਟੋਰਾਂ ਦੀ ਕੀਮਤ 'ਤੇ ਨਹੀਂ ਹੋ ਰਿਹਾ, ਕਰਿਆਨੇ ਦੀਆਂ ਦੁਕਾਨਾਂ ਪਰਿਵਾਰ ਵਲੋਂ ਚਲਾਇਆ ਜਾ ਰਿਹਾ ਘੱਟ ਲਾਗਤ ਵਾਲਾ ਵਪਾਰ ਹੈ ਜਿਥੇ ਕਿ ਘਰ ਨੂੰ ਹੀ ਦੁਕਾਨ ਵਿਚ ਤਬਦੀਲ ਕਰ ਦਿਤਾ ਗਿਆ ਹੈ। ਇਹ ਦੁਕਾਨਾਂ ਆਪਣੇ ਆਸ-ਪਾਸ ਦੇ ਗਾਹਕਾਂ ਨਾਲ ਪ੍ਰਚੂਨ ਵਿਕਰੀ ਕਰਦੀਆਂ ਹਨ। ਪ੍ਰਹਿਲਾਦ (2008) ਮੁਤਾਬਿਕ ਢਾਂਚੇ ਦੇ ਸਭ ਤੋਂ ਹੇਠਲੇ ਪੱਧਰ ਵਾਲੇ ਗਾਹਕ ਬਹੁਤ ਘੱਟ ਮਿਕਦਾਰ ਵਿਚ ਬਾਰ-ਬਾਰ ਸਾਮਾਨ ਖਰੀਦੇ ਹਨ ਕਿਉਂਕਿ ਉਹ ਇਸ ਦਾ ਭੰਡਾਰੀਕਰਨ ਨਹੀਂ ਕਰ ਸਕਦੇ ਅਤੇ ਨੇੜਲੇ ਸਟੋਰ ਜਾਂ ਦੁਕਾਨ 'ਤੇ ਆਪਣੀ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ ਜਾਂਦੇ ਹਨ। ਇਨ੍ਹਾਂ ਗਾਹਕਾਂ ਨੂੰ ਦੁਕਾਨਾਂ ਵਿਚ ਚੋਣ ਕਰਨ ਅਤੇ ਨਜ਼ਦੀਕ ਦੀ ਸਬਜ਼ੀ ਮੰਡੀ ਜਾਂ ਕਰਿਆਨੇ ਦੀਆਂ ਦੁਕਾਨਾਂ ਤੋਂ ਤਾਜ਼ਾ ਫਲ, ਸਬਜ਼ੀਆਂ, ਦੁੱਧ ਆਦਿ ਖਰੀਦਣ ਦੀ ਸੁਤੰਤਰਤਾ ਰਹਿੰਦੀ ਹੈ। ਕੋਹਲੀ ਤੇ ਭਗਵਤੀ (2011) ਦੇ ਅਧਿਐਨ ਮੁਤਾਬਿਕ ਇਸ ਰੁਝਾਨ ਦੇ ਭਾਰਤ ਵਿਚ ਜਾਰੀ ਰਹਿਣ ਦੀ ਸੰਭਾਵਨਾ ਹੈ। ਭਾਰਤ ਵਿਚ ਸੰਯੁਕਤ ਪਰਿਵਾਰ ਦੀ ਮੌਜੂਦਗੀ ਜਾਰੀ ਹੈ ਜਿਥੇ ਕਿ ਪਰਿਵਾਰ ਦਾ ਵਡੇਰਾ ਜੋ ਕਿ ਸੇਵਾ-ਮੁਕਤ ਹੋ ਚੁੱਕਾ ਹੈ, ਆਮ ਤੌਰ ਤੇ ਆਸ-ਪਾਸ ਦੀਆਂ ਦੁਕਾਨਾਂ ਤੋਂ ਰੋਜ਼ਾਨਾ ਦੀਆਂ ਲੋੜਾਂ ਵਾਲੇ ਪਦਾਰਥਾਂ ਦੀ ਖਰੀਦਾਰੀ ਕਰਦਾ ਹੈ ਜਿਥੇ ਕਿ ਉਹ ਆਪਣੀ ਉਮਰ ਦੇ ਲੋਕਾਂ ਨਾਲ ਮਿਲਦਾ, ਗੱਲਬਾਤ ਕਰਦਾ ਅਤੇ ਆਨੰਦ ਲੈਂਦਾ ਹੈ। ਇਹ ਨੇੜਲੀਆਂ ਦੁਕਾਨਾਂ ਘਰੋ-ਘਰੀ ਲੋੜੀਂਦੇ ਪਦਾਰਥਾਂ ਦੀ ਪੂਰਤੀ ਵੀ ਕਰਦੀਆਂ ਹਨ ਜੋ ਕਿ ਦੁਕਾਨਾਂ ਤਕ ਪਹੁੰਚ ਨਾ ਕਰ ਸਕਣ ਵਾਲੇ ਲੋਕਾਂ ਲਈ ਇਕ ਵਰਦਾਨ ਹੈ।

## ਪ੍ਰਚੂਨ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ – ਕਿਸਾਨਾਂ ਲਈ ਭਾਈਵਾਲੀ ਅਤੇ ਕਾਰਜ-ਕੁਸ਼ਲਤਾ ਦਾ ਸਰੋਤ

ਭਾਰਤ ਵਿਚ ਪ੍ਰਚੂਨ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਬਾਰੇ ਬਹੁਤਾ ਵਿਵਾਦ ਕਰਿਆਨੇ ਦੀਆਂ ਦੁਕਾਨਾਂ ਉਪਰ ਪੈਣ ਵਾਲੇ ਅਸਰ ਨੂੰ ਲੈ ਕੇ ਹੈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਹ ਮੁੱਦਾ ਕੋਈ ਬਹੁਤਾ ਧਿਆਨ ਦੇਣ ਯੋਗ ਨਹੀਂ ਹੈ। ਢੁਕਵਾਂ ਮੁੱਦਾ ਉਨ੍ਹਾਂ ਛੋਟੇ ਕਿਸਾਨਾਂ ਦੀ ਭਲਾਈ ਲਈ ਵਿਦੇਸ਼ੀ ਕੰਪਨੀਆਂ ਦੀ ਭੂਮਿਕਾ ਨੂੰ ਲੈ ਕੇ ਹੈ ਕਿਉਂਕਿ ਇਹ ਕਿਸਾਨ ਇਸ ਸਮੇਂ ਪ੍ਰਚੂਨ ਖੇਤਰ ਵਿਚ ਰਾਜਾਂ ਵਲੋਂ ਨਿਯੁਕਤ ਮੰਡੀਆਂ ਅਤੇ ਦਲਾਲਾਂ ਤੋਂ ਮਦਦ ਮਿਲਣ ਦੀ ਬਜਾਇ ਉਨ੍ਹਾਂ ਦੇ ਹੱਥੋਂ ਲੁੱਟੇ ਜਾ ਰਹੇ ਹਨ। ਸਿੱਧੀ ਵਿਦੇਸ਼ੀ ਪੂੰਜੀਕਾਰੀ ਅਤੇ ਗਰੀਬੀ ਉਪਰ ਇਸ ਦੇ ਪ੍ਰਭਾਵ ਬਾਰੇ ਕਾਫ਼ੀ ਖੋਜ ਅਧਿਐਨ ਮਿਲਦੇ ਹਨ (ਐਰੋਨ 1999 : ਬੈਨਿਸਟਰ, 2001)। ਇਸ ਮੁੱਦੇ ਉਪਰ ਬਹੁਤ ਘੱਟ ਸਮੱਗਰੀ ਮਿਲਦੀ ਹੈ ਕਿ ਕਿਸ ਤਰੀਕੇ ਨਾਲ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੇਹਾਤੀ ਇਲਾਕਿਆਂ ਵਿਚਲੇ ਗਰੀਬ ਵਿਅਕਤੀਆਂ ਤਕ ਪਹੁੰਚ ਸਕਦੀ ਹੈ। ਇਸ ਪ੍ਰਸੰਗ ਵਿਚ ਪ੍ਰਹਿਲਾਦ ਦਾ ਕੰਮ ਨਵੇਕਲਾ ਹੈ। ਉਹ ਵਿਦੇਸ਼ੀ ਕੰਪਨੀਆਂ ਨਾਲ ਗਰੀਬਾਂ ਦੇ ਸੰਬੰਧ ਨੂੰ ਖਪਤਕਾਰ ਵਜੋਂ ਗਿਣਦਾ ਹੈ ਜਿਵੇਂ ਇਹ ਕੰਪਨੀਆਂ ਗਰੀਬ ਕਿਸਾਨਾਂ ਦੇ ਉਤਪਾਦਨ ਕਾਰਜਾਂ ਵਿਚ ਕਈ ਹੋਰ ਢੰਗਾਂ ਨਾਲ ਵੀ ਮਦਦ ਕਰ ਸਕਦੀਆਂ ਹਨ। ਦਲੀਲ ਦਿਤੀ ਜਾ ਸਕਦੀ ਹੈ ਕਿ ਬਹੁ-ਰਾਸ਼ਟਰੀ ਕੰਪਨੀਆਂ ਮੁਨਾਫ਼ੇਖੋਰੀ ਦੇ ਉਦੇਸ਼ ਨਾਲ ਚੱਲਣ ਕਾਰਨ ਗਰੀਬੀ ਖਤਮ ਕਰਨ ਵਰਗੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਵਿਚ ਉਤਸਾਹਿਤ ਨਹੀਂ ਹੋ ਸਕਦੀ, ਪਰ ਇਹ ਕੰਪਨੀਆਂ ਆਪਣੇ ਮੁਨਾਫ਼ੇ ਦੇ ਯਤਨਾਂ ਰਾਹੀਂ ਵੀ ਸਮਾਜਿਕ ਟੀਚਿਆਂ ਲਈ ਆਪਣਾ ਯੋਗਦਾਨ ਪਾ ਸਕਦੀਆਂ ਹਨ। ਭਾਰਤ ਵਰਗੇ ਦੇਸ਼ ਲਈ ਇਹ ਕਾਫ਼ੀ ਢੁਕਵੀਂ ਗੱਲ ਹੈ ਜਿਥੇ ਬਹੁਤੇ ਲੋਕ ਪਿੰਡਾਂ ਵਿਚ ਅਤੇ ਗਰੀਬੀ ਦੀ ਹਾਲਤ ਵਿਚ ਰਹਿੰਦੇ ਹਨ। ਵਿਦੇਸ਼ੀ ਕੰਪਨੀਆਂ ਯਕੀਨਨ ਅਜਿਹੀ ਮੰਡੀ ਦੀ ਭਾਲ ਵਿਚ ਹਨ ਜਿਥੇ ਵੱਡੀ ਗਿਣਤੀ ਵਿਚ ਖਪਤਕਾਰ ਬੁਨਿਆਦੀ ਖਪਤ ਉਤਪਾਦਾਂ ਦੀ ਮੰਗ ਕਰਦੇ ਹੋਣ। ਇਹ ਘੱਟ ਆਮਦਨ ਵਾਲੇ ਖਪਤਕਾਰ ਨਾਲ ਦੀ ਨਾਲ ਛੋਟੇ ਪੱਧਰ ਦੀ ਤਕਨਾਲੋਜੀ ਅਤੇ ਬਾਜ਼ਾਰ ਤਕ ਸੌਖੀ ਪਹੁੰਚ ਨਾ ਹੋਣ ਦੀ ਮਾਰ ਝੱਲ ਰਹੇ ਉਤਪਾਦਕ ਵੀ ਹਨ। ਵਿਦੇਸ਼ੀ ਕੰਪਨੀਆਂ ਇਨ੍ਹਾਂ ਛੋਟੇ ਕਿਸਾਨਾਂ ਨੂੰ ਉੱਚ ਤਕਨਾਲੋਜੀ, ਬੀਜ ਅਤੇ ਖਾਦਾਂ ਦੀ ਮਦਦ ਨਾਲ ਉਨ੍ਹਾਂ ਦੇ ਮੁਨਾਫ਼ੇ ਵਿਚ ਵਾਧਾ ਕਰਨ ਵਿਚ ਸਹਾਇਕ ਹੋ ਸਕਦੀਆਂ ਹਨ। ਇਹ ਕੰਪਨੀਆਂ ਇੰਟਰਨੈੱਟ ਜਿਹੀ ਆਧੁਨਿਕ ਸੂਚਨਾ ਤਕਨਾਲੋਜੀ ਸਹੂਲਤ ਰਾਹੀਂ ਸਲਾਈਡ ਸ਼ੋ ਅਤੇ ਫ਼ਿਲਮਾਂ ਆਦਿ ਬਣਾ ਕੇ ਕਿਸਾਨਾਂ ਨੂੰ ਸਿੱਖਿਅਤ ਕਰ ਸਕਦੀਆਂ ਹਨ।

ਭਾਰਤ ਵਿਚ 'ਹਿੰਦੁਸਤਾਨ ਲੀਵਰ' ਅਤੇ 'ਪੈਪਸੀ-ਕੋ' ਪਹਿਲਾਂ ਹੀ ਘੱਟ ਆਮਦਨ ਵਾਲੇ ਕਿਸਾਨਾਂ ਨਾਲ ਅਜਿਹੀ ਭਾਈਵਾਲੀ ਕਰ ਚੁੱਕੀਆਂ ਹਨ ਜਿਸ ਨਾਲ ਕਿ ਕੰਪਨੀਆਂ ਅਤੇ ਕਿਸਾਨਾਂ ਦੋਹਾਂ ਨੂੰ ਲਾਭ ਪਹੁੰਚਦਾ ਹੈ।

## ਸਿੱਟਾ

ਇਸ ਪਰਚੇ ਰਾਹੀਂ ਭਾਰਤ ਦੇ ਪ੍ਰਚੂਨ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਉਪਰ ਬਹਿਸ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਦਲੀਲ ਪੇਸ਼ ਕੀਤੀ ਗਈ ਹੈ ਕਿ ਵਿਸ਼ਾਲ ਵਿਦੇਸ਼ੀ ਕੰਪਨੀਆਂ ਵਲੋਂ ਛੋਟੇ ਕਰਿਆਨਾ ਸਟੋਰਾਂ ਆਦਿ ਨੂੰ ਮੁਕਾਬਲੇ ਵਿਚੋਂ ਬਾਹਰ ਕਰ ਦੇਣ ਬਾਰੇ ਡਰ ਬੇ-ਬੁਨਿਆਦ ਹੈ।

***ਭਾਰਤ ਵਿਚ ਪ੍ਰਚੂਨ ਖੇਤਰ ਦੋ ਥੰਮ੍ਹਾਂ 'ਤੇ ਖੜ੍ਹਾ ਹੈ। ਜਿਸ ਵਿਚੋਂ ਪਹਿਲਾ ਛੋਟੀਆਂ ਕਰਿਆਨੇ ਦੀਆਂ ਦੁਕਾਨਾਂ ਆਦਿ ਹਨ ਜੋ ਕਿ ਵੱਡੀ ਗਿਣਤੀ ਵਿਚ ਲੋਕਾਂ ਤਕ ਉਤਪਾਦ ਪਹੁੰਚਾਉਂਦੀਆਂ ਹਨ ਜਦ ਕਿ ਦੂਜਾ ਥੰਮ੍ਹ ਵਿਸ਼ਾਲ ਸੁਪਰ-ਬਾਜ਼ਾਰਾਂ ਆਦਿ ਦਾ ਹੈ ਜੋ ਕਿ ਅਮੀਰ ਤਬਕੇ ਨੂੰ ਸੇਵਾਵਾਂ ਦਿੰਦਾ ਹੈ ਅਤੇ ਇਨ੍ਹਾਂ ਦਾ ਆਪਸ ਵਿਚ ਕੋਈ ਟਕਰਾਅ ਨਹੀਂ ਹੈ।***

ਅੰਤ ਵਿਚ, ਵਿਦੇਸ਼ੀ ਕੰਪਨੀਆਂ ਗਰੀਬ ਕਿਸਾਨਾਂ ਲਈ ਬਿਹਤਰ ਤਕਨਾਲੋਜੀ ਦੇ ਨਾਲ-ਨਾਲ ਵਾਜਬ ਕੀਮਤ 'ਤੇ ਉਨ੍ਹਾਂ ਦੇ ਉਤਪਾਦਾਂ ਲਈ ਬਾਜ਼ਾਰ ਵੀ ਉਪਲਬਧ ਕਰਾ ਸਕਦੀਆਂ ਹਨ।

❑❑

# ਪੁਰਾਣੇ ਕਾਨੂੰਨ : ਪਰਵਾਸੀ ਭਾਰਤੀਆਂ ਲਈ ਦੁਬਿਧਾ

ਅਨਿਲ ਮਲਹੋਤਰਾ

## ਭੂਮਿਕਾ

*ਸਾਲ 2015 ਵਿਚ ਮਹਾਤਮਾ ਗਾਂਧੀ ਦੀ ਭਾਰਤ ਵਾਪਸੀ ਦੇ 100 ਸਾਲ ਹੋ ਜਾਣਗੇ ਅਤੇ 9 ਜਨਵਰੀ 2015 ਨੂੰ ਅਹਿਮਦਾਬਾਦ ਵਿਖੇ ਪਰਵਾਸੀ ਭਾਰਤੀ ਦਿਵਸ ਵਜੋਂ ਮਨਾਇਆ ਜਾਵੇਗਾ। ਇਸ ਦਿਵਸ ਨੂੰ ਸਮੁੰਦਰੋਂ ਪਾਰ ਵਸੇ ਭਾਰਤੀਆਂ ਨੂੰ ਆਪਣੀ ਧਰਤੀ 'ਤੇ ਪਧਾਰਨ ਲਈ ਜੀ ਆਇਆਂ ਕਹਿਣ ਲਈ ਮਹਾਨ ਸ਼ਤਾਬਦੀ ਦੇ ਰੂਪ ਵਿਚ ਮਨਾਇਆ ਜਾਵੇਗਾ।*

ਨਿਊਯਾਰਕ ਦੇ ਯੂ ਐੱਸ ਮੈਡੀਸਨ ਸਟੇਡੀਅਮ ਵਿਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਵਿਸਮਾਦੀ ਪ੍ਰਧਾਨ ਮੰਤਰੀ ਨੇ ਓਵਰਸੀਜ਼, ਸਿਟੀਜ਼ਨ ਆਫ਼ ਇੰਡੀਆ (ਓ ਸੀ ਆਈ) ਅਤੇ ਪਰਸਨਜ਼ ਆਫ਼ ਇੰਡੀਅਨ ਓਰੀਜਨ (ਪੀ ਆਈ ਓ) ਸਕੀਮਾਂ ਨੂੰ ਇਕ ਕਰਦੇ ਹੋਏ ਜਿਨ੍ਹਾਂ ਵਿਅਕਤੀਆਂ ਕੋਲ ਪੀ ਆਈ ਓ ਕਾਰਡ ਹੈ ਉਨ੍ਹਾਂ ਨੂੰ ਬਿਨਾਂ ਰੁਕਾਵਟ, ਉਮਰ ਭਰ ਲਈ ਭਾਰਤੀ ਵੀਜ਼ਾ ਦੇਣ ਲਈ ਭਾਰਤ ਦੇ ਰਸਤੇ ਖੋਲ੍ਹ ਦਿਤੇ। ਨਤੀਜੇ ਵਜੋਂ, ਗ੍ਰਹਿ ਮੰਤਰਾਲਾ ਨੇ 30 ਸਤੰਬਰ ਨੂੰ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਕਿ ਪੀ ਆਈ ਓ ਕਾਰਡ ਜੀਵਨ ਭਰ ਲਈ ਸਹੀ ਹੈ ਅਤੇ ਪੀ ਆਈ ਓ ਕਾਰਡ ਹੋਲਡਰ ਨੂੰ ਪੁਲਿਸ ਨੂੰ ਰਿਪੋਰਟ ਕਰਨ ਅਤੇ ਫਾਰੇਨਰਜ਼ ਰੀਜ਼ਨਲ ਰਜਿਸਟਰੇਸ਼ਨ ਆਫ਼ਿਸ (ਐਫ ਆਰ ਆਰ ਓ) ਵਿਚ ਰਜਿਸਟ੍ਰੇਸ਼ਨ ਤੋਂ ਛੋਟ ਹੋਵੇਗੀ। ਹੁਣ ਤਕ ਪ੍ਰਗਤੀ ਸੰਤੋਖਜਨਕ ਹੈ। ਪਰ ਤਦ ਕੀ ਹੋਵੇਗਾ ਜਦੋਂ ਆਗਮਨ ਸ਼ੁਰੂ ਹੋਵੇਗਾ। ਜਦੋਂ ਅਸੀਂ ਉਨ੍ਹਾਂ ਲਈ ਭਾਰਤ ਦੇ ਦਰਵਾਜ਼ੇ ਖੋਲ੍ਹਾਂਗੇ ਤਾਂ ਸਾਨੂੰ ਇਸ ਮੁੱਦੇ 'ਤੇ ਸਵੈ-ਪ੍ਰੀਖਿਆ ਕਰ ਲੈਣੀ ਚਾਹੀਦੀ ਹੈ ਕਿ ਪਰਿਵਾਰ ਤੇ ਸਮਾਜ ਨਾਲ ਸੰਬੰਧਿਤ ਭਾਰਤੀ ਕਾਨੂੰਨ ਦੇ ਰੂਪ 'ਚ ਅਸੀਂ ਆਪਣੇ ਪਰਵਾਸੀ ਭਾਰਤੀ (ਐੱਨ ਆਰ ਆਈ) ਭਰਾਵਾਂ ਲਈ ਕੀ ਪੇਸ਼ ਕਰ ਰਹੇ ਹਾਂ।

ਵਿਕਾਸ ਅਤੇ ਤਰੱਕੀ ਦੇ ਤੇਜ਼ੀ ਨਾਲ ਬਦਲਦੇ ਦ੍ਰਿਸ਼ ਵਿਧਾਨ ਵਿਚ ਇਹ ਦੇਖਣਾ ਜ਼ਰੂਰੀ ਹੈ ਕਿ ਜੇ ਕੋਈ ਐੱਨ ਆਰ ਆਈ ਆਪਣੇ ਮੂਲ ਨਿਵਾਸ ਨੂੰ ਪਰਤਣਾ ਚਾਹੁੰਦਾ ਹੈ ਤਾਂ ਕੀ ਸਾਡੇ ਦੇਸੀ ਕਾਨੂੰਨ ਉਨ੍ਹਾਂ ਸਮਾਜੀ ਲੋੜਾਂ ਨਾਲ ਕਦਮ ਮਿਲਾ ਕੇ ਚੱਲ ਸਕਦੇ ਹਨ ਜਿਸ ਦੀ ਉਸ ਨੂੰ ਭਾਰਤ ਤੋਂ ਉਮੀਦ ਹੈ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਉਸ ਦੀ ਖ਼ਾਤਰ, ਉਸ ਦੀਆਂ ਲੋੜਾਂ ਅਤੇ ਆਪਣੇ ਕਾਨੂੰਨ ਦੇ ਮੁੱਲੰਕਣ ਲਈ ਇਕ ਰਿਪੋਰਟ ਕਾਰਡ ਤਿਆਰ ਕਰਨਾ ਹੋਵੇਗਾ। ਵਿਦੇਸ਼ੀ ਭਾਰਤੀ ਮਾਮਲੇ ਅੰਕੜਿਆਂ ਦੇ ਮੰਤਰਾਲੇ ਅਨੁਸਾਰ ਲਗਭਗ 21,90,9875 ਐੱਨ ਆਰ ਆਈ ਵਿਸ਼ਵ ਦੇ ਲਗਭਗ 200 ਦੇਸ਼ਾਂ ਵਿਚ ਰਹਿ ਰਹੇ ਹਨ, ਵਧ ਰਹੇ ਹਨ ਅਤੇ ਖ਼ੁਸ਼ਹਾਲ ਜੀਵਨ ਜੀ ਰਹੇ ਹਨ। ਅਸਲ ਗਿਣਤੀ 3 ਕਰੋੜ ਦੇ ਆਸ-ਪਾਸ ਹੋ ਸਕਦੀ ਹੈ। ਨਿਰਸੰਦੇਹ, ਅੰਤਰਰਾਸ਼ਟਰੀ ਭਾਰਤੀ ਆਪਣੇ ਆਪ ਵਿਚ ਭਾਰਤੀ ਹਨ। ਇਸ ਲਈ ਉਨ੍ਹਾਂ ਦੇ ਸੰਘਰਸ਼ ਨੂੰ ਦੇਖਣ ਲਈ ਵਿਸ਼ਵ-ਵਿਆਪੀ ਕਾਨੂੰਨ ਦੀ ਜ਼ਬਰਦਸਤ ਲੋੜ ਹੈ। ਉਨ੍ਹਾਂ ਦਾ ਵਿਦੇਸ਼ ਅਤੇ ਭਾਰਤ ਵਿਚ ਵਸਦੇ ਆਪਣੇ ਪਰਿਵਾਰਾਂ ਨਾਲ ਸੰਬੰਧ ਅਤੇ ਬੰਧੇਜ ਕਾਰਨ ਆਵਾਸ, ਰਾਸ਼ਟਰੀਅਤਾ, ਵਿਆਹ, ਤਲਾਕ, ਜ਼ਬਰਦਸਤੀ ਵਿਆਹ, ਅੰਤਰ-ਪਿਤਰੀ ਬਾਲ ਸਥਾਨਾਂਤਰਣ, ਪਤੀ/ਪਤਨੀ ਗੁਜ਼ਾਰਾ ਭੱਤਾ, ਵਿਹਾਰਕ ਸੰਪਤੀ ਦੀ ਵੰਡ, ਅੰਤਰਦੇਸੀ ਗੋਦ ਲੈਣ, ਉੱਤਰਾਧਿਕਾਰ ਅਤੇ ਵਿਰਾਸਤ, ਭਾਰਤ ਵਿਚਲੀ ਸੰਪਤੀ ਦਾ ਕਬਜ਼ਾ, ਕਿਰਾਇਆ ਅਤੇ ਅੰਤਲਾ ਪਰ ਵਿਆਹ ਸੰਬੰਧੀ ਸਹਿਮਤੀ ਤੇ ਗੋਦ ਲੈਣ ਦੇ ਪ੍ਰਬੰਧ ਆਦਿ ਮਸਲੇ ਸਾਹਮਣੇ ਆਏ ਹਨ। ਵਿਦੇਸ਼ੀ ਕਚਹਿਰੀਆਂ ਅਤੇ ਬਾਹਰਲੇ ਕਾਨੂੰਨ ਇਸ ਨਵੇਂ ਸਮੇਂ ਦੇ ਉੱਭਰੇ ਵਿਸ਼ਿਆਂ ਦੀ ਦਲੀਲੀ ਵਿਆਖਿਆ ਭਾਰਤੀ ਕਾਨੂੰਨ ਪੁਰਾਣਾ ਅਤੇ ਤਰਮੀਮ ਨਾ ਹੋਣ ਦੀ ਕਮੀ ਕਾਰਨ ਵਿਦੇਸ਼ੀ ਕਚਹਿਰੀਆਂ ਅਤੇ ਬਾਹਰਲੇ ਕਾਨੂੰਨ ਦੇ ਮਾਹਰ ਅਜੋਕੇ ਸਮੇਂ ਵਿਚ ਉੱਭਰੇ ਵਿਸ਼ਿਆਂ ਦੀ ਦਲੀਲੀ ਵਿਆਖਿਆ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਅਸਮਰੱਥ ਹਨ। ਵਿਦੇਸ਼ੀ ਕਾਨੂੰਨਾਂ ਦੀ ਵਰਤੋਂਯੋਗਤਾ, ਬਾਹਰਲੇ ਦੇਸ਼ ਵਿਚ ਸੁਣਾਏ ਗਏ ਫ਼ੈਸਲੇ ਦਾ ਸਹੀ ਅਤੇ ਭਾਰਤੀ ਕੋਰਟ ਦੇ ਫ਼ੈਸਲੇ ਜਿਨ੍ਹਾਂ ਦੀ ਵਿਆਖਿਆ ਕਰਨ ਦੀ ਲੋੜ ਹੈ, ਉਨ੍ਹਾਂ ਵਿਚ ਵਿਸ਼ੇਸ਼ੱਗ ਰਾਏ ਅਤੇ ਤਰਜ਼ਮੇ ਦੀ ਜ਼ਰੂਰਤ ਅਹਿਮ ਮਸਲੇ ਹਨ। ਵਿਸ਼ਵਵਿਆਪੀ ਭਾਰਤੀਆਂ ਅਤੇ ਵਿਦੇਸ਼ੀ ਨਾਗਰਿਕਤਾ ਅਤੇ ਰਾਸ਼ਟਰੀਅਤਾ ਹਾਸਲ ਐੱਨ ਆਰ ਆਈ ਹੋਣ ਦੇ ਬਾਵਜੂਦ, ਵਿਸ਼ਵਵਿਆਪੀ ਭਾਰਤੀਆਂ 'ਤੇ ਲਾਗੂ ਹੋਣ ਵਾਲੇ ਨਿੱਜੀ ਕਾਨੂੰਨ ਪੰਜ ਦਹਾਕਿਆਂ ਤੋਂ ਵੀ ਜ਼ਿਆਦਾ ਪੁਰਾਣੇ ਹਨ। ਉਹ ਸਮੇਂ ਦੀ ਪ੍ਰੀਖਿਆ ਦਾ ਜਵਾਬ ਜਾਂ ਲੋੜ ਪੂਰੀ ਨਹੀਂ ਕਰਦੇ। ਨਾ ਇਨ੍ਹਾਂ ਨੂੰ ਨਵਿਆਇਆ ਗਿਆ ਹੈ ਅਤੇ ਨਾ ਹੀ ਇਨ੍ਹਾਂ ਵਿਚ ਤਰਮੀਮ ਕੀਤੀ ਗਈ ਹੈ, ਇਨ੍ਹਾਂ ਕਾਨੂੰਨਾਂ ਦੀ ਉਪਯੋਗਤਾ ਖ਼ਤਮ ਹੋ ਚੁੱਕੀ ਹੈ ਅਤੇ ਅੰਤਰਰਾਸ਼ਟਰੀ ਪਰਿਪੇਖ ਵਿਚ ਮੌਜੂਦਾ ਸਮੇਂ ਦੀਆਂ ਪਰਿਵਾਰਕ ਸਮੱਸਿਆਵਾਂ ਦਾ ਹੱਲ ਨਹੀਂ ਕੱਢਦੀ। ਅਧਿਕਾਰ ਖੇਤਰ ਦਾ ਝਗੜਾ, ਕਾਨੂੰਨੀ ਸਮੱਸਿਆਵਾਂ ਦਾ ਹੱਲ ਨਾ ਹੋਣ ਕਰਕੇ ਉਸ ਨੂੰ ਅੱਗੋਂ ਹੋਰ ਵਧਾ ਅਤੇ ਮਿਸ਼ਰਤ ਕਰ ਦਿੰਦਾ ਹੈ ਜਿਸ ਦੇ ਨਤੀਜੇ ਵਜੋਂ ਘਰ ਟੁੱਟ ਰਹੇ ਹਨ ਅਤੇ ਪਰਿਵਾਰ ਵੰਡੇ ਜਾ ਰਹੇ ਹਨ। ਇਹ ਹਰ ਤਰ੍ਹਾਂ ਪੂਰਾ ਖੰਡਿਤ ਹੈ।

## ਪਿਛੋਕੜ

ਕਿਸੇ ਦੇਸ਼ ਵਲੋਂ ਜਾਰੀ ਕੀਤਾ ਗਿਆ

ਪਾਸਪੋਰਟ ਇਕ ਅਜਿਹਾ ਦਸਤਾਵੇਜ਼ ਹੈ ਜੋ ਆਪਣੀ ਪ੍ਰਕਿਰਤੀ ਅਤੇ ਉਦੇਸ਼ ਕਾਰਨ ਉਸ ਵਿਅਕਤੀ ਨੂੰ ਪਛਾਣ ਦਿੰਦਾ ਹੈ ਕਿ ਉਹ ਕਿਸ ਦੇਸ਼ ਦਾ ਨਾਗਰਿਕ ਹੈ ਅਤੇ ਇਕ ਕਿਸਮ ਦੀ ਇਹ ਦੂਜੇ ਦੇਸ਼ਾਂ ਨੂੰ ਬੇਰੋਕ ਲਾਂਘੇ ਦੀ ਬੇਨਤੀ ਹੁੰਦੀ ਹੈ। ਇਹ ਅਧਿਕਾਰਕ ਤੌਰ ਤੇ ਨਾਗਰਿਕ ਦੀ ਰਾਸ਼ਟਰੀਅਤਾ ਦੀ ਪਛਾਣ ਹੁੰਦੀ ਹੈ। ਜਿਸ ਵਿਚ ਨਾਗਰਿਕ ਨੇ ਜ਼ਰੂਰੀ ਘੋਸ਼ਣਾਵਾਂ ਕੀਤੀਆਂ ਹੁੰਦੀਆਂ ਹਨ। ਇਸ ਲਈ ਭਾਰਤੀ ਰਾਸ਼ਟਰੀਅਤਾ ਦੀ ਪੁਸ਼ਟੀ 'ਤੇ ਨਾਗਰਿਕ ਨੂੰ ਭਾਰਤੀ ਪਾਸਪੋਰਟ ਜਾਰੀ ਕੀਤਾ ਜਾਂਦਾ ਹੈ। ਕਾਨੂੰਨ ਤਹਿਤ ਲੋੜੀਂਦੀ ਪ੍ਰਕਿਰਿਆ ਨੂੰ ਅਪਣਾ ਕੇ ਅਤੇ ਕੁਝ ਨਿਯਮ ਸ਼ਰਤਾਂ ਦੇ ਆਧਾਰ 'ਤੇ ਪਾਸਪੋਰਟਸ ਐਕਟ, 1967 ਦੇ ਅੰਤਰਗਤ ਪਾਸਪੋਰਟ ਜ਼ਬਤ, ਵਾਪਸ ਅਤੇ ਰੱਦ ਵੀ ਕੀਤਾ ਜਾ ਸਕਦਾ ਹੈ। *ਸਤਵੰਤ ਸਿੰਘ ਸਾਹਨੀ ਬਨਾਮ ਏ ਪੀ ਓ ਕੇਸ ਵਿਚ ਆਲ ਇੰਡੀਆ ਰਿਪੋਰਟਰ 1967 ਸੁਪਰੀਮ ਕੋਰਟ, 1836* ਐਪੇਕਸ ਕੋਰਟ ਨੇ ਫ਼ੈਸਲਾ ਦਿਤਾ ਕਿ ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਤਹਿਤ ਪਾਸਪੋਰਟ ਦੀ ਬਰਤਰਫ਼ੀ, ਕਿਸੇ ਨਾਗਰਿਕ ਦੀ ਨਿੱਜੀ ਆਜ਼ਾਦੀ ਦੇ ਹੱਕ ਦੀ ਉਲੰਘਣਾ ਹੈ ਅਤੇ *ਮੇਨਕਾ ਗਾਂਧੀ ਬਨਾਮ ਕੇਂਦਰ ਸਰਕਾਰ, ਆਲ ਇੰਡੀਆ ਰਿਪੋਰਟਰ* 1978 ਸੁਪਰੀਮ ਕੋਰਟ 597, ਵਿਚ ਇਹ ਦੁਹਰਾਇਆ ਗਿਆ ਕਿ ਪਾਸਪੋਰਟ ਜ਼ਬਤ ਕਰਨ ਦਾ ਆਦੇਸ਼ ਮੌਲਿਕ ਅਧਿਕਾਰਾਂ ਦਾ ਉਲੰਘਣ ਨਹੀਂ ਕਰਦਾ।

## ਵਾਦਵਿਵਾਦ

ਬਰਤਾਨੀਆ ਰਾਜ ਦੌਰਾਨ ਬਣਾਏ ਗਏ ਕਾਨੂੰਨ ਦੀ ਵਰਤੋਂ ਸੰਬੰਧੀ ਭਾਰਤ ਵਿਚ ਬਹਿਸ ਜਾਰੀ ਹੈ। ਖ਼ੁਦ ਬਰਤਾਨੀਆ 1849 ਅਤੇ 1942 ਵਿਚਕਾਰ ਬਰਤਾਨੀਆ ਰਾਜ ਦੌਰਾਨ ਭਾਰਤ ਰੇਲਵੇ ਨੈੱਟਵਰਕ ਦੇ ਰੱਖ-ਰਖਾਅ ਅਤੇ ਉਸਾਰੀ ਨਾਲ ਸੰਬੰਧਿਤ ਬਣੇ 38 ਕਾਨੂੰਨਾਂ ਨੂੰ ਮਨਸੂਖ ਕਰਨ ਦੀ ਪ੍ਰਕਿਰਿਆ ਵਿਚ ਹੈ। ਅਸੀਂ ਅਜੇ ਵੀ ਬੇਨਤੀ ਨੂੰ ਮੰਨ ਨਹੀਂ ਰਹੇ ਕਿ ਪੁਰਾਤਨ ਕਾਨੂੰਨਾਂ ਦੀ ਪਛਾਣ ਕਰਕੇ ਛਾਂਟੀ ਕਰਨ ਦਾ ਅਭਿਆਸ ਸ਼ੁਰੂ ਹੋ ਗਿਆ ਹੈ। ਵੱਖ-ਵੱਖ ਵਿਭਾਗਾਂ ਨੇ ਅਲਮਾਰੀਆਂ ਵਿਚਲੇ ਅਸਪੱਸ਼ਟ ਕਾਨੂੰਨ ਜਿਨ੍ਹਾਂ ਨੂੰ ਘੱਟ ਹੀ ਰੋਗਾਣੂ ਮੁਕਤ ਕੀਤਾ ਜਾਂਦਾ ਹੈ ਜਾਂ ਜਿਨ੍ਹਾਂ ਨੇ ਕਦੇ ਹਵਾ ਅਤੇ ਸੂਰਜ ਦੀ ਰੌਸ਼ਨੀ ਨਹੀਂ ਦੇਖੀ, ਦੀ ਚੰਗੀ ਤਰ੍ਹਾਂ ਸਫ਼ਾਈ ਕਰਨ ਦੀ ਪ੍ਰਕਿਰਿਆ ਆਰੰਭ ਕਰ ਦਿਤੀ ਹੈ। ਇਥੋਂ ਤਕ ਕਿ ਸੰਸਦ ਨੇ ਪਾਸਪੋਰਟਸ ਐਕਟ 1976, ਸਿਟੀਜ਼ਨਸ਼ਿਪ ਐਕਟ 1955 ਅਤੇ 2005 ਵਿਚ ਭਾਰਤੀ ਓਵਰਸੀਜ਼ ਸਿਟੀਜਨਜ਼ ਐਕਟ ਪਾਸ ਕਰ ਦਿਤਾ ਹੈ ਪਰ ਅੱਜ ਤਕ ਅਸੀਂ ਵੱਖ-ਵੱਖ ਮਨੋਰਥਾਂ ਲਈ ਪਾਸਪੋਰਟ (ਭਾਰਤ ਵਿਚ ਪ੍ਰਵੇਸ਼) ਐਕਟ, 1920, ਰਜਿਸਟਰੇਸ਼ਨ ਆਫ਼ ਫਾਰੇਨਰਜ਼ ਐਕਟ, 1939 ਅਤੇ ਫਾਰੇਨਰਜ਼ ਐਕਟ 1946 'ਤੇ ਭਰੋਸਾ ਕਰਦੇ ਹਾਂ। ਬਸਤੀਵਾਦੀ ਰਾਜ ਦੌਰਾਨ ਬਣੇ ਜ਼ਿਆਦਾਤਰ ਪੁਰਾਤਨ ਕਾਨੂੰਨ ਬੇਲੋੜੇ ਹਨ, ਇਹ ਪੁਰਾਤਨ ਕਾਨੂੰਨ ਕੁਦਰਤੀ ਨਿਆਂ ਮੁਕਤ ਕਰਨਾ, ਨਿਰੰਕੁਸ਼ ਅਤੇ ਕਠੋਰ ਤਾਕਤ ਦੇ ਸਿਧਾਂਤ ਦੀ ਪ੍ਰਕਿਰਿਆ ਸਾਹਮਣੇ ਖੜ੍ਹੇ ਨਹੀਂ ਹੁੰਦੇ ਜਿਨ੍ਹਾਂ ਨੂੰ ਸੰਵਿਧੀ ਸੰਗ੍ਰਹਿ ਵਿਚੋਂ ਬਾਹਰ ਕੱਢਣ ਦੀ ਗੰਭੀਰ ਜ਼ਰੂਰਤ ਹੈ। ਪਰ ਅਸੀਂ ਬੇਪਰਵਾਹ ਹੋ ਕੇ ਇਨ੍ਹਾਂ ਦੀ ਵਰਤੋਂ ਕਰ ਰਹੇ ਹਾਂ।

## ਮੁਫੀਦ ਕਾਨੂੰਨ (ਹੋਲਸਮ ਲਾਅ)

ਪਾਸਪੋਰਟਸ ਐਕਟ 1967, ਯਾਤਰਾ ਦਸਤਾਵੇਜ਼ਾਂ ਅਤੇ ਪਾਸਪੋਰਟ ਦੇ ਮਸਲੇ ਨਾਲ ਸੰਬੰਧਿਤ ਇਕ ਵਿਸਤ੍ਰਿਤ ਅਤੇ ਮੁਫੀਦ ਕਾਨੂੰਨ ਹੈ ਅਤੇ ਇਸ ਐਕਟ ਦੇ ਤਹਿਤ ਇਹ ਪੀੜਤ ਵਿਅਕਤੀਆਂ ਨੂੰ ਅਪਰਾਧ ਅਤੇ ਸਜ਼ਾਵਾਂ ਦੇ ਵਿਰੁੱਧ ਅਪੀਲ ਦੇ ਅਧਿਕਾਰ ਨਾਲ ਪਾਸਪੋਰਟ ਦੇ ਰੱਦਣ, ਜ਼ਬਤ ਕਰਨ ਅਤੇ ਵਿਭਿੰਨਤਾ ਲਈ ਸੰਵਿਧਾਨਕ ਸੁਰੱਖਿਆ ਪ੍ਰਕਿਰਿਆ ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਹੀ ਨਾਲ-ਨਾਲ ਪਾਸਪੋਰਟ (ਭਾਰਤ ਵਿਚ ਪ੍ਰਵੇਸ਼) ਐਕਟ, 1920 ਅਤੇ ਫਾਰੇਨਰਜ਼ ਐਕਟ 1946 ਕਿਸੇ ਵੀ ਵਿਅਕਤੀ ਨੂੰ ਬਿਨਾਂ ਕਾਨੂੰਨੀ ਪ੍ਰਕਿਰਿਆ ਅਪਣਾਏ ਭਾਰਤ ਤੋਂ ਵਾਪਸ ਭੇਜਣ ਅਤੇ ਦੇਸ਼ ਨਿਕਾਲਾ ਦੇਣ ਲਈ ਪੂਰੀਆਂ ਅਤੇ ਅਸੀਮਤ ਸ਼ਕਤੀਆਂ ਮੁਹੱਈਆ ਕਰਦਾ ਹੈ। ਜੋ ਕਿ ਲੋਕਤੰਤਰੀ ਰਾਸ਼ਟਰ ਵਿਚ ਕਾਨੂੰਨ ਦੇ ਨਿਯਮ ਦੇ ਉਲਟ ਅਤੇ ਵਰਜਿਤ ਹੈ, ਇਸ ਵਿਚ ਨਿਆਂਕਾਰੀ ਨਿਰੀਖਣ ਦੀ ਬਹੁਤ ਵੱਡੀ ਗੁੰਜਾਇਸ਼ ਹੈ। 1920 ਅਤੇ 1946 ਕਾਨੂੰਨਾਂ ਦੇ ਤਹਿਤ ਘਰ ਵਿਚ ਨਜ਼ਰਬੰਦੀ, ਹਿਰਾਸਤ, ਨਿਵੇਕਲੀ ਹਿਰਾਸਤ ਅਤੇ ਸੰਖਿਪਤ ਬਰਖ਼ਾਸਤਗੀ ਦੇ ਅਖ਼ਤਿਆਰ, ਭਾਰਤੀ ਸੰਵਿਧਾਨ ਦੁਆਰਾ ਦਿਤੀ ਗਈ ਨਿੱਜੀ ਸੁਤੰਤਰਤਾ ਅਤੇ ਜੀਵਨ ਦੇ ਮੌਲਿਕ ਅਧਿਕਾਰਾਂ ਦੀ ਸਪੱਸ਼ਟ ਉਲੰਘਣਾ ਹੈ। ਇਸ ਲਈ ਆਜ਼ਾਦੀ ਤੋਂ ਪਹਿਲਾਂ ਬਣੇ ਹੋਏ ਇਨ੍ਹਾਂ ਕਾਨੂੰਨਾਂ ਨੂੰ ਜਾਰੀ ਰਖਣਾ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ।

## ਨਾਗਰਿਕਤਾ ਦਾ ਨਿਯਮਬੱਧ ਕਾਨੂੰਨ

1955 ਦਾ ਸਿਟੀਜ਼ਨਸ਼ਿਪ ਐਕਟ ਭਾਰਤੀ ਨਾਗਰਿਕਤਾ ਦਾ ਨਿਰਣਾ ਅਤੇ ਪ੍ਰਾਪਤੀ ਪ੍ਰਦਾਨ ਕਰਦਾ ਹੈ ਅਤੇ ਇਸੇ ਐਕਟ ਦੀ ਧਾਰਾ ਦੇ ਤਹਿਤ ਹੈ ਕਿ ਜੇ ਕੋਈ ਨਾਗਰਿਕ ਆਪਣੀ ਇੱਛਾ ਨਾਲ ਦੂਸਰੇ ਦੇਸ਼ ਦੀ ਨਾਗਰਿਕਤਾ ਹਾਸਲ ਕਰਦਾ ਹੈ ਤਾਂ ਉਸ ਦੀ ਭਾਰਤ ਦੀ ਨਾਗਰਿਕਤਾ ਸਮਾਪਤ ਹੋ ਜਾਵੇਗੀ। ਸਿਟੀਜ਼ਨਸ਼ਿਪ ਐਕਟ ਦੀ ਧਾਰਾ 9, ਕਿਸੇ ਵੀ ਭਾਰਤੀ ਨਾਗਰਿਕ ਦੁਆਰਾ ਦੂਸਰੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਭਾਰਤੀ ਨਾਗਰਿਕਤਾ ਦੀ ਸਮਾਪਤੀ ਲਈ ਪੂਰਨ ਸੰਹਿਤਾ ਹੈ। ਸਿਟੀਜ਼ਨਸ਼ਿਪ ਐਕਟ ਦੇ ਤਹਿਤ ਅਧਿਕਾਰਾਂ ਦੇ ਅਮਲ ਲਈ ਕੇਂਦਰ ਸਰਕਾਰ ਨੇ ਐਕਟ ਦੇ ਉਦੇਸ਼ ਲਈ ਸਿਟੀਜ਼ਨਸ਼ਿਪ ਨਿਯਮ 2009 ਬਣਾਇਆ। ਸਿਟੀਜ਼ਨਸ਼ਿਪ ਰੂਲ 2009 ਦੇ ਰੂਲ 40 ਦੇ ਅੰਤਰਗਤ ਕੇਂਦਰ ਸਰਕਾਰ, ਕਿੱਥੇ, ਕਦੋਂ ਜਾਂ ਕਿਵੇਂ ਕਿਸੇ ਭਾਰਤੀ ਨਾਗਰਿਕ ਨੇ ਦੂਜੇ ਦੇਸ਼ ਦੀ ਨਾਗਰਿਕਤਾ ਹਾਸਲ ਕੀਤੀ ਹੈ, ਵਰਗੇ ਮਸਲਿਆਂ ਨੂੰ ਨਿਰਧਾਰਤ ਕਰ ਸਕਦੀ ਹੈ ਅਤੇ ਇਸ ਤਰ੍ਹਾਂ ਕਰਦੇ ਹੋਏ ਦੇਖਿਆ ਜਾਂਦਾ ਹੈ ਕਿ ਨਿਯਮਾਂ ਦੇ ਅੰਤਰਗਤ ਨਿਹਿਤ ਸੂਚੀ-3 ਵਿਚ ਉਲੇਖਿਤ ਪ੍ਰਕਿਰਿਆ ਦੇ ਨਿਯਮਾਂ ਨੂੰ ਅਪਣਾਇਆ ਗਿਆ ਹੈ ਕਿ ਨਹੀਂ।

ਸਿਟੀਜ਼ਨਸ਼ਿਪ ਨਿਯਮਾਂ ਦੀ ਸੂਚੀ-3 ਦੇ ਸਹਿਮਤੀ ਵਿਸ਼ੇਸ਼ ਵਿਚਾਰ ਹੇਠ ਲਿਖੇ ਅਨੁਸਾਰ ਹਨ :

- ਜਿਥੇ ਕੇਂਦਰ ਸਰਕਾਰ ਨੂੰ ਲਗਦਾ ਹੈ ਕਿ ਭਾਰਤ ਦੇ ਕਿਸੇ ਨਾਗਰਿਕ ਨੇ ਆਪਣੀ ਇੱਛਾ ਨਾਲ ਦੂਜੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕੀਤੀ ਹੈ ਤਾਂ, ਇਹ ਉਸ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਿਸ਼ਚਿਤ ਸਮੇਂ ਵਿਚ ਇਸ ਆਧਾਰ 'ਤੇ ਇਹ ਸਿੱਧ ਕਰੇ ਕਿ ਉਸ ਨੇ ਉਸ ਦੇਸ਼ ਦੀ ਨਾਗਰਿਕਤਾ ਇੱਛਾ ਨਾਲ ਨਹੀਂ ਲਈ ਹੈ ਅਤੇ ਸਿੱਧ ਕਰਨ ਦੀ ਇਹ ਜ਼ਿੰਮੇਵਾਰੀ ਕਿ ਉਸ ਨੇ ਅਜਿਹੀ ਨਾਗਰਿਕਤਾ ਹਾਸਲ ਨਹੀਂ ਕੀਤੀ ਹੈ, ਉਸ ਦੇ ਉਪਰ ਹੋਵੇਗੀ।

- ਭਾਰਤੀ ਨਾਗਰਿਕ ਦੁਆਰਾ ਦੂਸਰੇ ਦੇਸ਼ ਦੀ ਨਾਗਰਿਕਤਾ ਹਾਸਲ ਕਰਨ ਨਾਲ ਸੰਬੰਧਿਤ ਕੋਈ ਵੀ ਪ੍ਰਸ਼ਨ ਨਿਰਧਾਰਨ ਕਰਨ ਦੇ ਉਦੇਸ਼

ਲਈ, ਕੇਂਦਰ ਸਰਕਾਰ ਇਸ ਮਸਲੇ ਜਾਂ ਕਿਸੇ ਹੋਰ ਮਸਲੇ ਨਾਲ ਸੰਬੰਧਿਤ ਪ੍ਰਸ਼ਨ ਜੋ ਸਹੀ ਬੈਠਦਾ ਹੈ, ਸਾਰੇ ਹਵਾਲਾ ਬਣਾ ਸਕਦੀ ਹੈ। ਇਹ ਹਵਾਲਾ ਉਸ ਦੇਸ਼ ਵਿਚ ਸਥਿਤ ਆਪਣੇ ਦੂਤਾਵਾਸ ਜਾਂ ਉਸ ਦੇਸ਼ ਦੀ ਸਰਕਾਰ ਤੋਂ ਲਿਆ ਜਾ ਸਕਦਾ ਹੈ ਅਤੇ ਇਸ ਹਾਵਲੇ ਦੇ ਸੰਬੰਧ ਵਿਚ ਪ੍ਰਾਪਤ ਕੀਤੀ ਗਈ ਸੂਚਨਾ 'ਤੇ ਕਾਰਵਾਈ ਕਰ ਸਕਦੀ ਹੈ।

- ਭਾਰਤੀ ਨਾਗਰਿਕ ਦੁਆਰਾ ਉਸ ਦੇਸ਼ ਦੀ ਸਰਕਾਰ ਤੋਂ ਕਿਸ ਤਾਰੀਖ 'ਤੇ ਪ੍ਰਾਪਤ ਕੀਤਾ ਗਿਆ ਪਾਸਪੋਰਟ ਅਸਲ ਵਿਚ ਉਸ ਤਾਰੀਖ ਤੋਂ ਪਹਿਲਾਂ ਆਪਣੀ ਇੱਛਾ ਨਾਲ ਪ੍ਰਾਪਤ ਕੀਤੀ ਗਈ ਨਾਗਰਿਕਤਾ ਦਾ ਸਮੁੱਚਾ ਸਬੂਤ ਹੋਵੇਗਾ।

## ਸੁਪਰੀਮ ਕੋਰਟ ਦੁਆਰਾ ਕਾਨੂੰਨ ਸਪੱਸ਼ਟ

*ਕੇਂਦਰ ਸਰਕਾਰ ਨੂੰ ਸਿਟੀਜ਼ਨਸ਼ਿਪ ਐਕਟ, 1955 ਦੀ ਧਾਰਾ 9 (2) ਦੇ ਅੰਤਰਗਤ, ਸਿਟੀਜ਼ਨਸ਼ਿਪ ਨਿਯਮ 1956 ਦੇ ਨਿਯਮ 30 ਅਨੁਸਾਰ ਪੂਰੇ ਵਿਸ਼ੇਸ਼ ਅਧਿਕਾਰ ਹਨ ਕਿ ਉਹ ਭਾਰਤ ਦੇ ਨਾਗਰਿਕ ਨੂੰ ਇਹ ਪ੍ਰਸ਼ਨ ਪੁੱਛ ਸਕੇ ਕਿ ਕੀ ਉਸ ਦੀ ਭਾਰਤੀ ਨਾਗਰਿਕਤਾ ਖੋਹੇ ਜਾਣ ਦਾ ਕਾਰਨ ਉਸ ਦੀ ਸਵੈ-ਇੱਛਾ ਨਾਲ ਪ੍ਰਾਪਤ ਕੀਤੀ ਗਈ ਦੂਸਰੇ ਦੇਸ਼ ਦੀ ਨਾਗਰਿਕਤਾ ਹੀ ਹੈ। ਇਸ ਤੋਂ ਅੱਗੇ ਉਪਰਲੇ ਐਕਟ ਦੀ ਧਾਰਾ 9 (2) ਅਤੇ ਨਿਯਮ 30 ਦੇ ਅੰਤਰਗਤ ਸਿਰਫ਼ ਇਸ ਸਬੂਤ ਦੇ ਆਧਾਰ 'ਤੇ ਦੇਸ਼ ਨਿਕਾਲਾ ਜਾਂ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਕਿ ਉਸ ਨੇ ਦੂਜੇ ਦੇਸ਼ ਦਾ ਪਾਸਪੋਰਟ ਹਾਸਲ ਕੀਤਾ ਹੈ, ਇਹ ਸਬੂਤ ਨਾਕਾਫ਼ੀ ਹੈ, ਸਿਰਫ਼ ਐਕਟ ਦੀ ਧਾਰਾ 9 (2) ਦੇ ਅੰਤਰਗਤ ਕੇਂਦਰ ਸਰਕਾਰ ਦੇ ਫ਼ੈਸਲੇ ਤੋਂ ਬਾਅਦ ਹੀ ਦੇਸ਼ ਨਿਕਾਲਾ ਜਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ।*

ਐਕਟ ਅਰਧ-ਨਿਆਂਕਾਰੀ ਪੜਤਾਲ ਹੈ। ਕਾਨੂੰਨ ਦੀ ਇਹ ਤਜਵੀਜ਼ ਐਪੈਕਸ ਕੋਰਟ ਵਿਚ ਹੇਠ ਲਿਖੇ ਫ਼ੈਸਲਿਆਂ ਦੁਆਰਾ ਠੀਕ ਬਿਠਾਈ ਗਈ ਹੈ, (1) ਏ ਪੀ ਸਟੇਟ ਬਨਾਮ ਅਬਦੁਲ ਖਾਦਰ ਏ ਆਈ ਆਰ 1961 ਐਸ ਸੀ 1467; (2) ਏ ਪੀ ਸਰਕਾਰ ਬਨਾਮ ਸਈਦ ਮੁਹੰਮਦ ਏ ਆਈ ਆਈ ਆਰ 1962 ਐਸ ਸੀ 1778 (3) ਯੂ ਪੀ ਸਟੇਟ ਬਨਾਮ ਰਹਿਮਤਉਲਾ ਏ ਆਈ ਆਰ 1971 ਐਸ ਸੀ 1382, ਰਾਸ਼ਟਰੀਅਤਾ ਨਿਰਧਾਰਨ ਦੀ ਇਹ ਪ੍ਰਕਿਰਿਆ ਕਾਨੂੰਨ ਵਿਚ ਪੂਰੀ ਤਰ੍ਹਾਂ ਸਪੱਸ਼ਟ ਹੈ।

## ਨਵੇਂ ਵਰਗ

ਵਿਸ਼ਵ ਦੇ 180 ਦੇਸ਼ਾਂ ਵਿਚ ਲਗਭਗ 1.2 ਬਿਲੀਅਨ ਭਾਰਤੀ ਅਤੇ 30 ਮਿਲੀਅਨ ਐੱਨ ਆਰ ਆਈਜ਼ ਵਸੇ ਹੋਏ ਹਨ ਅਤੇ ਦੂਹਰੀ ਨਾਗਰਿਕਤਾ ਲਈ ਤਿਆਰ ਹਨ ਜੋ ਕਿ ਭਾਰਤੀ ਸੰਵਿਧਾਨ ਦੀ ਧਾਰਾ 9 ਅਤੇ ਸਿਟੀਜ਼ਨਸ਼ਿਪ ਐਕਟ 1955 ਦੇ ਵਰਗ ਦੇ ਅੰਤਰਗਤ ਵਰਜਿਤ ਹੈ। ਪਰਸਨਜ਼ ਆਫ਼ ਇੰਡੀਅਨ ਓਰੀਜਿਨ (ਪੀ ਆਈ ਓ) ਅਤੇ ਓਵਰਸੀਜ਼ ਸਿਟੀਜ਼ਨਜ਼ ਆਫ਼ ਇੰਡੀਆ ( ਓ ਸੀ ਆਈਜ਼) ਦੇ ਵਰਗਾਂ ਦੇ ਭਾਰਤੀ ਮੂਲ ਦੇ ਵਿਅਕਤੀਆਂ ਲਈ ਸੀਮਤ ਲਾਭਾਂ ਦਾ ਪ੍ਰਾਵਧਾਨ ਕੀਤਾ ਗਿਆ ਹੈ। ਹੁਣ ਪੀ ਆਈ ਓਜ਼ ਅਤੇ ਓ ਪੀ ਆਈਜ਼ ਵੀਜ਼ਾ, ਰਜਿਸਟਰੇਸ਼ਨ, ਪ੍ਰਵਾਨਗੀ ਜਾਂ ਹੋਰ ਮਨਜ਼ੂਰੀਆਂ ਤੋਂ ਬਗੈਰ ਭਾਰਤ ਵਿਚ ਘਰ ਦਾ ਅਧਿਕਾਰ ਅਤੇ ਹੋਰ ਸੀਮਤ ਲਾਭਾਂ ਦਾ ਆਨੰਦ ਮਾਣਦੇ ਹਨ। ਇਸ ਤੋਂ ਇਲਾਵਾ, ਸੰਵਿਧਾਨ ਦੀ ਧਾਰਾ 5 ਦੇ ਅੰਤਰਗਤ ਭਾਰਤ ਦਾ ਵਸਨੀਕ ਕੋਈ ਵੀ ਵਿਅਕਤੀ, ਭਾਰਤ ਵਿਚ ਪੈਦਾ ਹੋਇਆ ਵਿਅਕਤੀ ਜਾਂ ਜਿਸ ਦੇ ਮਾਂ-ਬਾਪ ਭਾਰਤ ਵਿਚ ਪੈਦਾ ਹੋਏ ਹੋਣ ਅਤੇ ਜੋ ਸਾਧਾਰਨ ਰੂਪ ਵਿਚ 5 ਸਾਲ ਭਾਰਤ ਦਾ ਵਸਨੀਕ ਰਿਹਾ ਹੋਵੇ, ਭਾਰਤ ਦਾ ਨਾਗਰਿਕ ਹੋਵੇਗਾ।

## ਰਾਸ਼ਟਰੀਅਤਾ ਦਾ ਨਿਰਧਾਰਨ

1946 ਐਕਟ ਦੇ ਅੰਤਰਗਤ, ਜਦੋਂ ਇਕ ਵਿਦੇਸ਼ੀ ਵਿਅਕਤੀ ਇਕ ਤੋਂ ਜ਼ਿਆਦਾ ਦੇਸ਼ਾਂ ਦੇ ਨਾਗਰਿਕ ਵਜੋਂ ਪਛਾਣਿਆ ਗਿਆ ਹੋਵੇ ਜਾਂ ਇਹ ਅਨਿਸ਼ਚਿਤ ਹੋਵੇ ਕਿ ਇਸ ਨੂੰ ਕਿਸ ਦੇਸ਼ ਦਾ ਨਾਗਰਿਕ ਮੰਨਿਆ ਜਾਵੇ ਤਾਂ ਨਾਗਰਿਕਤਾ ਦੇ ਨਿਰਧਾਰਨ ਦੇ ਪ੍ਰਸ਼ਨ ਨਾਲ ਸੰਬੰਧਿਤ ਝਗੜੇ ਦੇ ਨਿਪਟਾਰੇ ਲਈ ਅਜਿਹੇ ਵਿਅਕਤੀ ਨੂੰ ਉਸ ਦੇਸ਼ ਦਾ ਨਾਗਰਿਕ ਮੰਨਿਆ ਜਾਵੇ ਜਿਸ ਨਾਲ ਉਹ ਜ਼ਿਆਦਾ ਸੰਬੰਧਿਤ ਹੋਵੇ। 1920 ਅਤੇ 1946 ਦੇ ਐਕਟ ਕਿਸੇ ਵੀ ਵਿਦੇਸ਼ੀ ਨੂੰ ਪ੍ਰਕਿਰਿਆ ਦੌਰਾਨ ਕਿਸੇ ਸੰਵਿਧਾਨਕ ਅਧਿਕਾਰ ਜਾਂ ਰਾਸ਼ਟਰੀਅਤਾ ਦੇ ਪ੍ਰਸ਼ਨ ਦੇ ਨਿਰਧਾਰਨ ਦੀ ਕਾਰਵਾਈ ਜਾਂ ਫੋਰਮ ਮੁਹੱਈਆ ਕਰਾਏ ਬਿਨਾਂ ਹੀ ਦੇਸ਼ ਨਿਕਾਲਾ ਜਾਂ ਵਾਪਸ ਭੇਜਣ ਦੀ ਇਜਾਜ਼ਤ ਦਿੰਦੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਨਿਰਧਾਰਨ ਲਈ ਕੋਈ ਅਦਾਲਤੀ ਬੈਂਚ ਮੌਜੂਦ ਨਹੀਂ ਹੈ ਪਰ ਅੱਜ ਦੀ ਤਾਰੀਖ ਵਿਚ ਸਿਟੀਜ਼ਨਸ਼ਿਪ ਐਕਟ 1955 ਅਤੇ ਸਿਟੀਜ਼ਨਸ਼ਿਪ ਰੂਲਜ਼ 2009 ਹੁਣ ਆਦੇਸ਼ ਦਿੰਦੇ ਹਨ ਕਿ ਜੇ ਕੋਈ ਵਿਅਕਤੀ ਦੂਜੇ ਦੇਸ਼ ਦੀ ਨਾਗਰਿਕਤਾ ਹਾਸਲ ਕਰਦਾ ਹੈ ਤਾਂ ਉਸ ਨਾਲ ਸੰਬੰਧਿਤ ਪੈਦਾ ਹੋਣ ਵਾਲੇ ਪ੍ਰਸ਼ਨ ਕਦੋਂ, ਕਿੱਥੇ ਜਾਂ ਕਿਵੇਂ ਆਦਿ ਨੂੰ ਕੇਂਦਰ ਸਰਕਾਰ ਦੁਆਰਾ ਪਹਿਲਾਂ ਸੁਲਝਾਉਣਾ ਹੋਵੇਗਾ। ਸੁਪਰੀਮ ਕੋਰਟ ਇਨ੍ਹਾਂ ਧਾਰਨਾਵਾਂ ਦੀ ਵਿਆਖਿਆ ਕਰਦੀ ਹੈ ਕਿ ਕੇਂਦਰ ਸਰਕਾਰ ਨੂੰ ਫ਼ੈਸਲਾ ਲਏ ਬਿਨਾਂ ਕਿਸੇ ਵਿਅਕਤੀ ਨੂੰ ਦੇਸ਼ ਨਿਕਾਲਾ ਜਾਂ ਦੇਸ਼ ਛੱਡਣ ਲਈ ਆਦੇਸ਼ ਨਹੀਂ ਦੇ ਸਕਦੀ। ਸਿਰਫ਼ ਵਿਦੇਸ਼ੀ ਪਾਸਪੋਰਟ ਹੋਣ ਨਾਲ ਹੀ ਕਿਸੇ ਵਿਅਕਤੀ ਨੂੰ ਵਿਦੇਸ਼ੀ ਕਰਾਰ ਨਹੀਂ ਦਿਤਾ ਜਾਵੇਗਾ ਅਤੇ ਰਾਸ਼ਟਰੀਅਤਾ ਦਾ ਨਿਰਧਾਰਨ ਉਸ ਦਾ ਮੌਲਿਕ ਅਧਿਕਾਰ ਹੈ। ਆਜ਼ਾਦੀ, ਨਿੱਜੀ ਸੁਤੰਤਰਤਾ ਅਤੇ ਕੁਦਰਤੀ ਨਿਆਂ ਦੀ ਧਾਰਨਾ ਦਾ ਸੰਸਦ ਨਿਪਟਾਰਾ ਕਰ ਰਹੀ ਹੈ।

## ਵਿਚਾਰ-ਵਟਾਂਦਰੇ ਯੋਗ ਪ੍ਰਸ਼ਨ

ਅੱਜ ਦੇ ਸਮਾਜਿਕ ਵਾਤਾਵਰਨ ਵਿਚ ਅੰਤਰਰਾਸ਼ਟਰੀ ਭਾਰਤੀ ਪੀ ਆਈ ਓਜ਼ ਜਾਂ ਓ ਸੀ ਆਈਓਜ਼ ਦੇ ਯੋਗ ਹਨ। ਜੇਕਰ ਉਹ ਆਪਣੀ ਜਨਮਭੂਮੀ ਨਾਲ ਮੁੜ ਜੁੜਨ ਦੀ ਇੱਛਾ ਰੱਖਦੇ ਹਨ ਤਾਂ 1920 ਅਤੇ 1946 ਐਕਟ ਦੀਆਂ ਬਸਤੀਵਾਦੀ ਧਾਰਨਾਵਾਂ ਅਨੁਸਾਰ ਉਨ੍ਹਾਂ ਨੂੰ ਵਿਦੇਸ਼ੀ ਨਾ ਕਰਾਰ ਦਿਤਾ ਜਾਵੇ, ਇਹ ਉਨ੍ਹਾਂ ਦੇ ਮੌਲਿਕ ਅਧਿਕਾਰਾਂ/ਆਜ਼ਾਦੀ ਦਾ ਉਲੰਘਣ ਹੈ। ਸਿਟੀਜ਼ਨਸ਼ਿਪ ਐਕਟ 1955 ਖੁਦ ਸੁਮੇਲ ਪੈਦਾ ਕਰਦਾ ਹੈ। ਅੱਜ ਵਿਦੇਸ਼ੀ ਪਾਸਪੋਰਟ ਰੱਖਣ ਨਾਲ ਭਾਰਤ ਤੋਂ ਦੇਸ਼ ਨਿਕਾਲਾ ਜਾਂ ਸੰਖਿਪਤ ਬਰਖ਼ਾਸਤਗੀ ਨਹੀਂ ਹੋ ਸਕਦੀ। ਫਿਰ ਸਾਨੂੰ 1920 ਅਤੇ 1946 ਕਾਨੂੰਨਾਂ ਨੂੰ ਜਾਰੀ ਰੱਖਣ ਦੀ ਲੋੜ ਨਹੀਂ ਹੈ ਜਦ ਕਿ ਇਹ ਕਾਨੂੰਨ 1946 ਵਿਚ ਪੈਦਾ ਹੋਏ ਹਾਲਾਤ ਕਾਰਨ ਭਾਰਤ ਵਿਚ ਵਿਦੇਸ਼ੀਆਂ ਦੇ ਪ੍ਰਵੇਸ਼ 'ਤੇ ਪਾਬੰਦੀ ਲਈ ਬਣਾਏ ਗਏ ਸਨ। ਇਹ ਗੰਭੀਰ ਮੁੱਦਾ ਹੈ ਜਿਸ ਨਾਲ ਸੰਸਦ ਨੂੰ ਧਿਆਨ ਦੇਣਾ ਚਾਹੀਦਾ ਹੈ।

## ਸਮੇਂ ਦੀ ਲੋੜ

ਅੱਜ, ਭਾਰਤੀ ਮੂਲ ਦੇ ਵਿਅਕਤੀ ਲਈ ਦੁਨੀਆਂ ਭਰ ਦੇ ਪਤੀ-ਪਤਨੀ ਵਿਚਕਾਰ ਵਿਆਹ

ਸੰਬੰਧੀ ਝਗੜਿਆਂ ਜਾਂ ਵਿਦੇਸ਼ੀ ਨਿਵਾਸੀਆਂ ਦੇ ਰਾਸ਼ਟਰੀਅਤ ਨਾਲ ਸੰਬੰਧਿਤ ਮਾਮਲੇ ਪੈਦਾ ਹੋ ਰਹੇ ਮਸਲਿਆਂ ਦੇ ਕਈ ਵਿਸ਼ੇ ਹਨ। ਇਸ ਲਈ ਕਾਨੂੰਨੀ ਪ੍ਰਕਿਰਿਆ ਅਧੀਨ ਉੱਚਿਤ ਫੋਰਮ ਜਾਂ ਅਧਿਕਾਰੀਆਂ ਦੇ ਪੈਨਲ ਬਣਾਏ ਜਾਣ ਤਾਂ ਕਿ ਅਜਿਹੇ ਵਿਸ਼ਿਆਂ ਨੂੰ ਸੁਲਝਾਉਣ ਲਈ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ। ਇਸ ਅਨੁਸਾਰ ਕਿਸੇ ਵਿਅਕਤੀ ਨੂੰ ਵਿਦੇਸ਼ੀ ਹੱਦਬੰਦੀ ਵੱਲ ਦੇਸ਼ ਨਿਕਾਲਾ ਜਾਂ ਦੇਸ਼ ਛੱਡਣ ਦਾ ਆਦੇਸ਼ ਦੇਣਾ, ਇਕ ਨੀਚ ਕਿਸਮ ਦਾ ਸਮਰਪਣ ਹੈ।

*ਇਕ ਪ੍ਰਭੁਤਾ-ਸੰਪੰਨ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰਿਕ ਗਣਰਾਜ ਹੋਣ ਦੇ ਨਾਤੇ ਅਸੀਂ ਭਾਰਤ ਵਿਚ ਦੇਸੀ ਭਾਰਤੀਆਂ ਲਈ ਰਾਸ਼ਟਰੀਅਤਾ ਵਰਗੇ ਮਸਲਿਆਂ ਨੂੰ ਸੁਲਝਾਉਣ ਲਈ ਫ਼ੈਸਲਾ ਕਰਨ ਵਿਚ ਬਹੁਤ ਹੀ ਸਮਰੱਥ ਅਤੇ ਯੋਗ ਹਾਂ। ਸੁਤੰਤਰਤਾ ਮਿਲਣ ਤੋਂ ਬਾਅਦ ਬਣੇ ਕਾਨੂੰਨ, ਆਜ਼ਾਦੀ ਦੇ ਮੌਲਿਕ ਅਧਿਕਾਰ ਨੂੰ ਸੁਰੱਖਿਅਤ ਕਰਨ ਲਈ ਸੰਵੇਦਨਸ਼ੀਲ ਨਿਆਂਪਾਲਿਕਾ ਸੰਵਿਧਾਨ ਦੇ ਅੰਤਰਗਤ ਹੱਲ ਪ੍ਰਦਾਨ ਕਰਦੇ ਹਨ। ਅਧਿਕਾਰਾਂ ਨਾਲ ਉਲਝਣ ਵਾਲੇ ਆਜ਼ਾਦੀ ਤੋਂ ਪਹਿਲਾਂ ਦੇ ਬਣੇ ਕਾਨੂੰਨਾਂ ਨੂੰ ਅੱਜ ਸੰਵਿਧੀ ਸੰਗ੍ਰਹਿ ਵਿਚੋਂ ਕੱਢ ਦੇਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਭਾਰਤੀਆਂ ਲਈ ਨਵੇਂ ਕਾਨੂੰਨ ਬਣਾਉਣ ਦੀ ਗੰਭੀਰ ਜ਼ਰੂਰਤ ਹੈ।*

ਤੁਰੰਤ ਸਰਹੱਦ ਪਾਰ ਮਾਂ-ਬਾਪ ਦੇ ਬੱਚਿਆਂ ਦੇ ਮਸਲੇ ਨੂੰ ਸੁਲਝਾਉਣ ਦੀ ਲੋੜ, ਭੋਲੇ-ਭਾਲੇ ਬੱਚੇ ਮਾਂ-ਬਾਪ ਦੇ ਝਗੜਿਆਂ ਵਿਚ ਪੀਸੇ ਜਾ ਰਹੇ ਹਨ ਅਤੇ ਨਿੱਜੀ ਝਗੜਿਆਂ ਨੂੰ ਸੁਲਝਾਉਣ ਲਈ ਉਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਕਿਰਾਏ ਦੀ ਗੋਦ, ਜੋ ਕਿ ਭਾਰਤ ਵਿਚ ਬੱਚਿਆਂ ਦੇ ਘਰ ਦਾ ਇਕ ਗਰਮ ਬਾਜ਼ਾਰ ਬਣ ਗਿਆ ਹੈ, ਇਸ ਦੇ ਅਮਲ ਲਈ ਜ਼ਬਰਦਸਤ ਕਾਨੂੰਨੀ ਵਿਧਾਨ ਦੀ ਲੋੜ ਹੈ। ਮਾਨਵ ਤਸਕਰੀ ਅਤੇ ਗ਼ੈਰ ਕਾਨੂੰਨੀ ਆਵਾਸ ਦੇ ਵਪਾਰ ਨੂੰ ਰੋਕਣ ਲਈ ਇਕ ਕੇਂਦਰੀ ਕਾਨੂੰਨ ਦੀ ਲੋੜ ਹੈ ਤਾਂ ਕਿ ਅਨਮੋਲ ਮਾਨਵੀ ਜੀਵਾਂ ਦਾ ਅਨੈਤਿਕ ਦਲਾਲਾਂ ਦੇ ਇਸ ਘਾਤਕ ਵਪਾਰ ਤੋਂ ਸ਼ੋਸ਼ਣ ਨੂੰ ਰੋਕਿਆ ਜਾ ਸਕੇ। ਪਤੀ-ਪਤਨੀ ਗੁਜ਼ਾਰਾ ਭੱਤਾ ਦੇ ਅਧਿਕਾਰਾਂ ਅਤੇ ਵਿਆਹ ਸੰਬੰਧੀ ਕਾਨੂੰਨਾਂ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਬੱਚਿਆਂ ਨੂੰ ਗੋਦ ਲੈਣ ਲਈ ਨਵੇਂ ਕਾਨੂੰਨ ਵਿਧਾਨ ਦੀ ਲੋੜ ਹੈ। ਹੁਣ ਤਕ ਸਾਰਾ ਜ਼ੋਰ ਵਪਾਰਕ ਕਾਨੂੰਨਾਂ 'ਤੇ ਲਗਾਇਆ ਗਿਆ ਹੈ ਅਤੇ ਭਾਰਤ ਵਿਚ ਜੋ ਕਾਨੂੰਨ ਪਰਿਵਾਰ ਅਤੇ ਸਮਾਜ ਲਈ ਬਣੇ ਹਨ ਉਨ੍ਹਾਂ ਨਾਲ ਮਤੇਰ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ, 50 ਸਾਲਾਂ ਵਿਚ ਕੁਝ ਨਹੀਂ ਬਦਲਿਆ। ਸੋਚ ਬਦਲਣੀ ਚਾਹੀਦੀ ਹੈ। ਧਿਆਨ ਹਟਾਉਣਾ ਚਾਹੀਦਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦੇਸ਼ੀ ਭਾਰਤੀ ਬਿਨਾਂ ਕਿਸੇ ਰੁਕਾਵਟ ਦੇ ਭਾਰਤ ਆਉਣ ਤਾਂ ਸਾਨੂੰ ਚਾਹੀਦਾ ਹੈ ਉਨ੍ਹਾਂ ਨੂੰ ਸਥਾਈ ਘਰ, ਖ਼ੁਸ਼ਹਾਲ ਪਰਿਵਾਰਕ ਜੀਵਨ ਅਤੇ ਆਰਾਮਦਾਇਕ ਸਮਾਜ ਰਹਿਣ ਲਈ ਮੁਹੱਈਆ ਕਰਾਈਏ। ਭਾਰਤੀ ਕਾਨੂੰਨ ਲੰਮੇ ਸਮੇਂ ਤਕ ਅਲਹਿਦਗੀ ਵਿਚ ਨਹੀਂ ਰਹਿ ਸਕਦੇ। ਸਾਡੇ ਕਾਨੂੰਨਾਂ ਨੂੰ ਬਾਹਰਲੇ ਕਾਨੂੰਨਾਂ ਨਾਲ ਇਕਸੁਰ ਹੋਣਾ ਪਵੇਗਾ।

*(ਲੇਖਕ ਪੇਸ਼ੇ ਵਜੋਂ ਵਕੀਲ ਹੈ ਤੇ ਪਰਵਾਸੀ ਭਾਰਤੀਆਂ ਉਤੇ ਉਸ ਦੀਆਂ ਕਈ ਪੁਸਤਕਾਂ ਹਨ।)*

*e-mail :anilmalhotra1960@gmail.com*

***ਸਫ਼ਾ 16 ਦੀ ਬਾਕੀ***

ਆਕਰਸ਼ਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਰਤ ਦੇ ਉੱਚ ਵਿਦੇਸ਼ੀ ਨਿਵੇਸ਼ ਵਾਲੇ ਰਾਜਾਂ ਨੇ ਉੱਚ ਸਮਰਥਾ ਵਾਲੇ ਬਿਜਲੀ ਪਲਾਂਟ ਸਥਾਪਿਤ ਕੀਤੇ ਹਨ। ਮਹਾਂਰਾਸ਼ਟਰ, ਜੋ ਸਿੱਧਾ ਵਿਦੇਸ਼ੀ ਨਿਵੇਸ਼ ਦਾ ਸਭ ਤੋਂ ਵੱਡਾ ਪ੍ਰਾਪਤ ਕਰਤਾ ਹੈ, ਸਥਾਪਤ ਬਿਜਲਈ ਸਮਰਥਾ ਦੇ ਮਾਮਲੇ ਵਿਚ 23.73 ਗੀਗਾਵਾਟ (2012-13) ਨਾਲ ਭਾਰਤੀ ਰਾਜਾਂ ਅੰਦਰ ਸਭ ਤੋਂ ਪਹਿਲੇ ਦਰਜੇ 'ਤੇ ਹੈ। ਇਸ ਤੋਂ ਬਾਅਦ ਗੁਜਰਾਤ (22.79 ਗੀਗਾਵਾਟ), ਤਮਿਲਨਾਡੂ (15.60 ਗੀਗਾਵਾਟ), ਆਂਧਰ ਪ੍ਰਦੇਸ਼ (13.79 ਗੀਗਾਵਾਟ) ਅਤੇ ਕਰਨਾਟਕ (12.13 ਗੀਗਾਵਾਟ) ਦਾ ਨੰਬਰ ਹੈ ਜੋ ਸਾਰੇ ਵਿਦੇਸ਼ੀ ਨਿਵੇਸ਼ ਹਾਸਲ ਕਰਨ ਵਾਲੇ ਮੋਹਰੀ ਰਾਜ ਹਨ। ਦਰਮਿਆਨੇ ਦਰਜੇ ਦਾ ਵਿਦੇਸ਼ੀ ਨਿਵੇਸ਼ ਹਾਸਲ ਕਰਨ ਵਾਲੇ ਰਾਜ, ਜਿਵੇਂ ਰਾਜਸਥਾਨ (9.86 ਗੀਗਾਵਾਟ), ਪੱਛਮੀ ਬੰਗਾਲ (7.57 ਗੀਗਾਵਾਟ), ਮੱਧ ਪ੍ਰਦੇਸ਼ (6.32 ਗੀਗਾਵਾਟ), ਛੱਤੀਸਗੜ੍ਹ (4.03 ਗੀਗਾਵਾਟ), ਕੇਰਲ (2.49 ਗੀਗਾਵਾਟ) ਆਪਣੀ ਸਥਾਪਿਤ ਬਿਜਲਈ ਸਮਰਥਾ ਵਿਚ ਸੁਧਾਰ ਕਰ ਰਹੇ ਹਨ। ਨਿਮਨ ਵਿਦੇਸ਼ੀ ਨਿਵੇਸ਼ ਹਾਸਲ ਕਰਨ ਵਾਲੇ ਰਾਜਾਂ (ਉੱਤਰ ਪ੍ਰਦੇਸ਼ - 9.36 ਗੀਗਾਵਾਟ) ਅਤੇ ਓਡੀਸ਼ਾ (5.33 ਗੀਗਾਵਾਟ) ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਦੀ ਸਥਾਪਿਤ ਬਿਜਲਈ ਸਮਰਥਾ 1 ਗੀਗਾਵਾਟ ਤੋਂ ਘੱਟ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਅਤੇ ਰਾਜਾਂ ਦੀ ਸਥਾਪਿਤ ਬਿਜਲਈ ਸਮਰਥਾ ਦਾ ਹਾਂ ਪੱਖੀ ਸੰਬੰਧ ਹੈ।

## ਸਮਾਪਤੀ ਸ਼ਬਦ

ਕੁੱਲ ਸਿੱਧਾ ਵਿਦੇਸ਼ੀ ਨਿਵੇਸ਼ ਦਾ 70 ਪ੍ਰਤਿਸ਼ਤ ਛੇ ਰਾਜਾਂ ਤਕ ਸੀਮਤ ਹੈ ਜਿਸ ਨੇ ਭਾਰਤ ਵਿਚ ਖੇਤਰੀ ਅਸਮਾਨਤਾ ਨੂੰ ਹੋਰ ਵਧਾਇਆ ਹੈ। ਇਸ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਜਨਸੰਖਿਆ ਦੀ ਘਣਤਾ ਦਾ ਰਾਜਾਂ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ 'ਤੇ ਬਹੁਤ ਘੱਟ ਪ੍ਰਭਾਵ ਪੈਂਦਾ ਹੈ ਜਦ ਕਿ ਹੁਨਰਮੰਦ ਮਜ਼ਦੂਰਾਂ ਦੀ ਉਪਲਬਧਤਾ, ਆਰਥਿਕ ਵਿਕਾਸ, ਵਧੀਆ ਬੁਨਿਆਦੀ ਢਾਂਚਾ, ਸਥਾਪਤ ਬਿਜਲਈ ਸਮਰਥਾ ਦਾ ਰਾਜਾਂ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ 'ਤੇ ਹਾਂ-ਪੱਖੀ ਪ੍ਰਭਾਵ ਪੈਂਦਾ ਹੈ। ਪਰ ਆਰਥਿਕ ਸੁਤੰਤਰਤਾ ਸੂਚੀ ਦਾ ਰਾਜਾਂ ਅੰਦਰ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ 'ਤੇ ਔਸਤ ਅਸਰ ਪੈਂਦਾ ਹੈ।

*ਰਾਜ ਸਰਕਾਰਾਂ ਨੂੰ ਵਿਦੇਸ਼ੀ ਨਿਵੇਸ਼ਕਾਂ ਨੂੰ ਰਿਆਇਤਾਂ ਦੇਣ ਦੀ ਬਜਾਇ ਬੁਨਿਆਦੀ ਢਾਂਚੇ ਦੇ ਸੁਧਾਰ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਜੇ ਦਰਮਿਆਨੇ ਅਤੇ ਨਿਮਨ ਸਿੱਧੇ ਵਿਦੇਸ਼ੀ ਨਿਵੇਸ਼ ਵਾਲੇ ਰਾਜ ਸ਼ਾਸਨ ਵਿਚ ਸੁਧਾਰ ਕਰ ਲੈਣ, ਪਾਰਦਰਸ਼ਤਾ ਲਿਆਉਣ, ਭ੍ਰਿਸ਼ਟਾਚਾਰ ਖਤਮ ਕਰਨ, ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਅਤੇ ਆਪਣੇ ਆਪ ਨੂੰ ਹੋਰ ਗਤੀਸ਼ੀਲ ਅਤੇ ਉੱਦਮੀ ਬਣਾਉਣ ਤਾਂ ਸਿੱਧਾ ਵਿਦੇਸ਼ੀ ਨਿਵੇਸ਼ ਦੀ ਆਮਦ ਸੰਬੰਧਿਤ ਰਾਜਾਂ ਦੇ ਵਿਕਾਸ ਨੂੰ ਹੁਲਾਰਾ ਜ਼ਰੂਰ ਦੇਵੇਗੀ।*

*(ਲੇਖਕ ਪ੍ਰੋਫੈਸਰ, ਅਰਥਸ਼ਾਸਤਰ, ਅਰਥਸ਼ਾਸਤਰ ਪੋਸਟ ਗ੍ਰੈਜੂਏਟ ਵਿਭਾਗ, ਬੰਗਲੌਰ ਯੂਨੀਵਰਸਿਟੀ, ਬੰਗਲੌਰ ਹੈ।)*

*e-mail :sr_keshave@yahoo.com*

# ਆਰਥਿਕ ਵਿਕਾਸ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਭੂਮਿਕਾ

ਰਤਨ ਸਲਦੀ

ਵਿਸ਼ਵ ਬੈਂਕ ਦੀ ਇਕ ਤਾਜ਼ਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੱਖਣ ਏਸ਼ੀਆ ਦੇ ਸਭ ਤੋਂ ਵੱਡੇ ਦੇਸ਼ ਭਾਰਤ ਵਿਚ ਆਰਥਿਕ ਸਰਗਰਮੀ ਵਿਚ ਤੇਜ਼ੀ ਆਉਣ ਨਾਲ ਇਸ ਖਿੱਤੇ ਦੇ ਸਾਰੇ ਦੇਸ਼ਾਂ ਨੂੰ ਲਾਭ ਪੁੱਜੇਗਾ। ਬੈਂਕ ਦੇ ਅਨੁਮਾਨ ਅਨੁਸਾਰ ਦੱਖਣ ਏਸ਼ੀਆ ਦੀ ਆਰਥਿਕ ਵਿਕਾਸ ਦਰ 2014 ਵਿਚ ਅਨੁਮਾਨਤ 5.4 ਪ੍ਰਤਿਸ਼ਤ ਤੋਂ ਵਧ ਕੇ 2015 ਵਿਚ 6 ਪ੍ਰਤਿਸ਼ਤ ਅਤੇ 2016 ਵਿਚ 6.4 ਪ੍ਰਤਿਸ਼ਤ ਹੋ ਜਾਣ ਦੀ ਆਸ ਹੈ।

***ਉਪਰੋਕਤ ਰਿਪੋਰਟ ਜੋ ਅਕਤੂਬਰ ਦੇ ਪਹਿਲੇ ਹਫ਼ਤੇ ਜਾਰੀ ਹੋਈ, ਵਿਚ ਕਿਹਾ ਗਿਆ ਹੈ ਕਿ ਭਾਰਤੀ ਅਰਥਤੰਤਰ ਦੇ ਵਿਕਾਸ ਵਿਚ ਮੋੜਾ ਪੈਣ ਨਾਲ, ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦੇ ਵਿਸ਼ਵਾਸ ਵਿਚ ਬਹੁਤ ਵਾਧਾ ਹੋਇਆ ਹੈ।***

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਦੀ ਨਵੀਂ ਸ਼ਾਸਕ ਪ੍ਰਣਾਲੀ ਵਲੋਂ ਵਧੇਰੇ ਕੁਸ਼ਲ ਅਤੇ ਅਸਰਦਾਰ ਪ੍ਰਬੰਧਨ ਅਤੇ ਚੁਸਤ ਲਾਗੂਕਰਨ ਪ੍ਰਣਾਲੀ ਅਪਣਾਉਣ ਅਤੇ ਵੱਡੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਮਨਜ਼ੂਰੀ ਦੇਣ ਲਈ ਪ੍ਰਕਿਰਿਆ ਨੂੰ ਸਰਲ ਬਣਾਉਣ ਅਤੇ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਨਾਲ ਦੇਸ਼ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਲਈ ਇਕ ਚੰਗਾ ਮਾਹੌਲ ਬਣਿਆ ਹੈ।

ਇਸ ਸੰਦਰਭ ਵਿਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਵਿਦੇਸ਼ੀ ਪੂੰਜੀ ਨਿਵੇਸ਼ ਕੀ ਹੈ ਅਤੇ ਕਿਸੇ ਵੀ ਦੇਸ਼ ਦੇ ਆਪਣੇ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਉਣ ਲਈ ਇਹ ਕਿਉਂ ਲੋੜੀਂਦਾ ਹੈ। ਮੋਟੇ ਤੌਰ ਤੇ, ਵਿਦੇਸ਼ੀ ਪੂੰਜੀ ਨਿਵੇਸ਼ ਉਹ ਪੂੰਜੀ ਹੈ ਜੋ ਇਕ ਵਿਦੇਸ਼ੀ ਨਾਗਰਿਕ ਜਾਂ ਵਿਦੇਸ਼ੀ ਅਦਾਰਾ ਦੇਸ਼ ਦੇ ਅਰਥਤੰਤਰ ਦੇ ਕਿਸੇ ਵੀ ਖੇਤਰ ਵਿਚ ਲੰਬੀ ਮਿਆਦ ਦੇ ਪ੍ਰਾਜੈਕਟਾਂ ਲਈ ਨਿਵੇਸ਼ ਕਰਦਾ ਹੈ। ਇਸ ਨਾਲ ਵਿਦੇਸ਼ੀ ਨਿਵੇਸ਼ਕਾਂ ਦੀ ਪਹੁੰਚ ਉਸ ਦੇਸ਼ ਦੇ ਉਪਭੋਗਤਾਵਾਂ ਤਕ ਬਣ ਜਾਂਦੀ ਹੈ ਜਿਸ ਵਿਚ ਉਹ ਪੂੰਜੀ ਨਿਵੇਸ਼ ਕਰਦੇ ਹਨ ਜਿਸ ਨਾਲ ਦੋਹਾਂ ਧਿਰਾਂ ਨੂੰ ਲਾਭ ਹੁੰਦਾ ਹੈ। ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕੋਈ ਵੀ ਨਿਵੇਸ਼ਕ ਆਪਣਾ ਸਰਮਾਇਆ ਕਿਸੇ ਲਾਭ ਦੇ ਮਕਸਦ ਤੋਂ ਬਿਨਾਂ ਨਿਵੇਸ਼ ਨਹੀਂ ਕਰੇਗਾ। ਅਜਿਹੇ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਆਪਣਾ ਉਤਪਾਦਨ, ਤਕਨਾਲੋਜੀ, ਗਿਆਨ ਅਤੇ ਪ੍ਰਬੰਧਨ ਪ੍ਰਕਿਰਿਆਵਾਂ ਦੇ ਮੰਡੀਕਰਨ ਲਈ ਭਾਰਤ ਜਿਹੀ ਇਕ ਵੱਡੀ ਉਪਭੋਗਤਾ ਮੰਡੀ ਮਿਲ ਜਾਂਦੀ ਹੈ ਜਿਸ ਨਾਲ ਉਨ੍ਹਾਂ ਨੂੰ ਮਾਲੀ ਲਾਭ ਮਿਲਦਾ ਹੈ ਜਿਸ ਦੀ ਉਹ ਆਸ ਰਖਦੇ ਹਨ। ਪਰ ਜਿਸ ਦੇਸ਼ 'ਚ ਵਿਦੇਸ਼ੀ ਪੂੰਜੀ ਨਿਵੇਸ਼ ਆਉਂਦਾ ਹੈ, ਉਸ ਨਾਲ ਵੱਡੇ ਪੈਮਾਨੇ ਤੇ ਲੋੜੀਂਦੀ ਪੂੰਜੀ ਆਉਣ ਤੋਂ ਇਲਾਵਾ, ਉੱਚ ਤਕਨਾਲੋਜੀ, ਮੰਡੀਕਰਨ ਦੇ ਨਵੇਂ-ਨਵੇਂ ਤਰੀਕੇ, ਪ੍ਰਬੰਧਨ ਕੁਸ਼ਲਤਾ ਦੀਆਂ ਤਕਨੀਕਾਂ, ਮਾਹਰਾਂ ਦੀਆਂ ਸੇਵਾਵਾਂ, ਵੱਡੇ ਪੈਮਾਨੇ 'ਤੇ ਰੁਜ਼ਗਾਰ ਦੇ ਨਵੇਂ ਮੌਕੇ ਘਰੇਲੂ ਕਾਮਿਆਂ ਦੀ ਮੁਹਾਰਤ ਅਤੇ ਕਾਰਜਕੁਸ਼ਲਤਾ ਦਾ ਵਿਕਾਸ ਅਤੇ ਉਤਪਾਦਨ ਖੇਤਰ ਦੇ ਅਦਾਰਿਆਂ ਦੀ ਉਤਪਾਦਨ ਕੁਸ਼ਲਤਾ ਅਤੇ ਸਮਰਥਾ ਵਿਚ ਵਾਧਾ ਹੁੰਦਾ ਹੈ।

ਭਾਰਤ ਵਿਚ ਆਜ਼ਾਦੀ ਤੋਂ ਬਾਅਦ ਰਲੇ-ਮਿਲੇ ਅਰਥਤੰਤਰ ਦੀ ਪ੍ਰਕਿਰਿਆ ਅਪਣਾਈ ਗਈ ਸੀ ਅਤੇ ਆਰਥਿਕ ਸਰਗਰਮੀ ਵਿਚ ਤੇਜ਼ੀ ਲਿਆਉਣ ਲਈ ਅਤੇ ਸਮੁੱਚੇ ਘਰੇਲੂ ਉਤਪਾਦ ਵਿਚ ਵਾਧਾ ਕਰਨ ਲਈ ਪੰਜ ਸਾਲਾ ਯੋਜਨਾਵਾਂ ਅਪਣਾਈਆਂ ਗਈਆਂ। ਦੇਸ਼ ਵਿਚ ਮਜ਼ਬੂਤ ਆਧਾਰਕ ਢਾਂਚਾ ਖੜ੍ਹਾ ਕਰਨ ਲਈ ਅਤੇ ਖਣਿਜ ਪਦਾਰਥ, ਤੇਲ, ਬਿਜਲੀ ਉਤਪਾਦਨ ਅਤੇ ਵਿਤਰਣ, ਸੜਕ ਨਿਰਮਾਣ ਅਤੇ ਰੇਲਵੇ ਤੇ ਰੇਲਵੇ ਪਟੜੀਆਂ ਵਿਛਾਉਣ, ਬਹੁ-ਉਪਯੋਗੀ ਸਿੰਜਾਈ ਸਾਧਨਾਂ ਦਾ ਵਿਕਾਸ ਆਦਿ ਜੋ ਦੇਸ਼ ਦੇ ਆਰਥਿਕ ਵਿਕਾਸ ਦੀ ਰੀੜ੍ਹ ਦੀ ਹੱਡੀ ਹਨ, ਲਈ ਭਾਰੀ ਪੂੰਜੀ ਨਿਵੇਸ਼ ਵਾਲੇ ਵੱਡੇ ਪ੍ਰਾਜੈਕਟਾਂ ਲਈ ਸਰਕਾਰ ਹੀ ਸਾਧਨ ਜੁਟਾ ਸਕਦੀ ਸੀ। ਨਿੱਜੀ ਖੇਤਰ ਉਸ ਵੇਲੇ ਇੰਨੇ ਵੱਡੇ ਪ੍ਰਾਜੈਕਟਾਂ ਵਿਚ ਨਿਵੇਸ਼ ਕਰਨ ਦੀ ਸਮਰਥਾ ਨਹੀਂ ਰਖਦਾ ਸੀ ਅਤੇ ਨਾ ਹੀ ਉਸ ਕੋਲ ਇਨ੍ਹਾਂ ਬਹੁ-ਉਪਯੋਗੀ ਪ੍ਰਾਜੈਕਟਾਂ ਨੂੰ ਲਾਗੂ ਕਰਨ ਜਾਂ ਚਾਲੂ ਰਖਣ ਦੀ ਯੋਗਤਾ ਸੀ। ਨਿੱਜੀ ਖੇਤਰ ਨੇ ਛੋਟੇ ਅਤੇ ਦਰਮਿਆਨੇ ਵਪਾਰਕ ਅਤੇ ਉਦਯੋਗਿਕ ਪ੍ਰਾਜੈਕਟ ਲਾਗੂ ਕਰ ਕੇ ਅਤੇ ਇਕਾਈਆਂ ਸਥਾਪਤ ਕਰ ਕੇ ਦੇਸ਼ ਦੇ ਆਰਥਿਕ ਵਿਕਾਸ ਵਿਚ ਉਪਯੋਗੀ ਭੂਮਿਕਾ ਨਿਭਾਈ। ਪਰ ਭਾਰਤ ਨੂੰ 1980 ਦੇ ਦਹਾਕੇ ਦੇ ਅੰਤਲੇ ਸਾਲਾਂ ਅਤੇ 90 ਦੇ ਦਹਾਕੇ ਦੇ ਮੁੱਢਲੇ ਸਾਲਾਂ ਵਿਚ ਭਾਰੀ ਆਰਥਿਕ ਕਠਿਨਾਈ ਦਾ ਸਾਹਮਣਾ ਕਰਨਾ ਪਿਆ ਸੀ। ਵਿਦੇਸ਼ੀ ਪੂੰਜੀ ਭੰਡਾਰ ਨਾਂ-ਮਾਤਰ ਰਹਿ ਗਿਆ ਸੀ ਅਤੇ ਕੱਚੇ ਤੇਲ ਦੀਆਂ ਕੀਮਤਾਂ ਆਸਮਾਨ ਨੂੰ ਛੋਹ ਰਹੀਆਂ ਸਨ, ਤੇਲ ਦੇਸ਼ ਨੂੰ ਲਗਭਗ ਸਮੁੱਚਾ ਹੀ ਖਾੜੀ ਦੇਸ਼ਾਂ ਤੋਂ ਮੰਗਵਾਉਣਾ ਪੈ ਰਿਹਾ ਸੀ। ਆਰਥਿਕ ਵਿਕਾਸ ਦੀ ਗਤੀ ਵਿਚ ਠੱਲ੍ਹ ਪੈ ਗਈ ਸੀ ਅਤੇ ਨਵੇਂ ਆਧਾਰਕ ਢਾਂਚਾ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਲੋੜੀਂਦਾ ਸਰਮਾਇਆ ਨਹੀਂ ਸੀ। ਸਮੁੱਚੇ ਵਿਸ਼ਵ ਵਿਚ ਵਿਸ਼ਵੀਕਰਨ ਦਾ ਦੌਰ ਚੱਲ ਰਿਹਾ ਸੀ ਅਤੇ ਭਾਰਤ ਆਪਣੀਆਂ ਨੀਤੀਆਂ ਕਾਰਨ ਇਸ ਦੌੜ ਵਿਚ ਪਿੱਛੇ ਰਹਿ ਰਿਹਾ ਸੀ। ਉਦਯੋਗ ਦੇ ਹਰ ਖੇਤਰ ਵਿਚ ਪ੍ਰਾਜੈਕਟਾਂ ਦੀ ਮਨਜ਼ੂਰੀ ਲੈਣੀ ਪੈਂਦੀ ਸੀ ਅਤੇ ਉੱਕਿਆਂ ਹੀ ਲਾਇਸੰਸ ਰਾਜ ਜਾਂ

ਇੰਸਪੈਕਟਰ ਰਾਜ ਚੱਲ ਰਿਹਾ ਸੀ। ਅਜਿਹੇ ਹਾਲਾਤ ਵਿਚ 1991 ਵਿਚ ਬਾਜ਼ਾਰ ਸੁਧਾਰਾਂ ਦਾ ਦੌਰ ਸ਼ੁਰੂ ਹੋਇਆ ਅਤੇ ਹੌਲੀ-ਹੌਲੀ ਭਾਰਤੀ ਅਰਥਤੰਤਰ ਦੇ ਬਹੁਤ ਸਾਰੇ ਖੇਤਰਾਂ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਲਈ ਖੋਲ੍ਹ ਦਿਤਾ ਗਿਆ।

**1990 ਦੇ ਦਹਾਕੇ ਵਿਚ ਭਾਰਤੀ ਅਰਥਤੰਤਰ ਦੇ ਦਰਵਾਜ਼ੇ ਵਿਸ਼ਵ ਦੇ ਹੋਰ ਵਿਕਸਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਲਈ ਖੁੱਲ੍ਹ ਜਾਣ ਨਾਲ ਦੇਸ਼ ਮੁੜ ਤੋਂ ਵਿਕਾਸ ਦੀ ਲੀਹ 'ਤੇ ਚਲ ਪਿਆ। ਉਦਯੋਗ, ਖੇਤੀਬਾੜੀ, ਉਪਭੋਗਤਾ ਵਸਤਾਂ ਦੇ ਉਤਪਾਦਨ ਅਤੇ ਹੋਰ ਖੇਤਰਾਂ ਵਿਚ ਨਵੀਂ ਤਕਨੀਕ ਅਤੇ ਪ੍ਰਬੰਧਨ ਦੇ ਨਵੇਂ-ਨਵੇਂ ਵਿਕਸਤ ਤਰੀਕੇ ਆਉਣੇ ਸ਼ੁਰੂ ਹੋਏ ਜਿਸ ਨਾਲ ਦੇਸ਼ ਦੇ ਸਮੁੱਚੇ ਘਰੇਲੂ ਉਤਪਾਦ ਵਿਚ ਵਾਧਾ ਹੋਇਆ ਅਤੇ ਪੈਦਾਵਾਰ ਵੀ ਵਧੀ।**

ਉਪਭੋਗਤਾ ਵਰਤੋਂ ਦੀਆਂ ਵਸਤਾਂ ਵਿਚ ਘਰੇਲੂ ਪੂੰਜੀ ਨਿਵੇਸ਼ਕਾਂ ਦਾ ਏਕਾਧਿਕਾਰ ਖਤਮ ਹੋ ਗਿਆ ਅਤੇ ਉਪਭੋਗਤਾ ਨੂੰ ਹਰ ਰੋਜ਼ ਦੀਆਂ ਲੋੜੀਂਦੀਆਂ ਵਸਤਾਂ ਵਾਜਬ ਅਤੇ ਮੁਕਾਬਲੇ ਦੀਆਂ ਕੀਮਤਾਂ 'ਤੇ ਮਿਲਣੀਆਂ ਸ਼ੁਰੂ ਹੋ ਗਈਆਂ। ਦੇਸ਼ ਵਿਚੋਂ ਹੌਲੀ-ਹੌਲੀ ਲਾਇਸੰਸ ਰਾਜ ਖਤਮ ਹੋਣਾ ਸ਼ੁਰੂ ਹੋ ਗਿਆ ਅਤੇ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਦੇਸ਼ ਦੇ ਕਾਇਦੇ ਕਾਨੂੰਨਾਂ ਦੇ ਦਾਇਰੇ ਦੇ ਅੰਦਰ ਵੱਧ ਤੋਂ ਵੱਧ ਸਹੂਲਤਾਂ ਦੇਣ ਅਤੇ ਉਨ੍ਹਾਂ ਦੇ ਪ੍ਰਾਜੈਕਟਾਂ ਨੂੰ ਲਾਲ ਫੀਤਾਸ਼ਾਹੀ ਦੀਆਂ ਬੰਦਸ਼ਾਂ ਤੋਂ ਬਿਨਾਂ ਮਨਜ਼ੂਰੀ ਦੇਣ ਦੀ ਕਵਾਇਦ ਸ਼ੁਰੂ ਹੋ ਗਈ। ਇਸ ਮੰਤਵ ਲਈ ਸਮੇਂ-ਸਮੇਂ ਉੱਚ ਪੱਧਰੀ ਕਮੇਟੀਆਂ ਅਤੇ ਕਮਿਸ਼ਨ ਸਥਾਪਤ ਕੀਤੇ ਗਏ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਉਪਰ ਨਵੇਂ ਪ੍ਰਾਜੈਕਟਾਂ ਦੀ ਮਨਜ਼ੂਰੀ ਲਈ ਸ਼ਰਤਾਂ ਵਿਚ ਢਿੱਲ ਦਿਤੀ ਗਈ। ਵੱਖ-ਵੱਖ ਖੇਤਰਾਂ ਵਿਚ ਦੇਸ਼ ਅਤੇ ਸਮੇਂ ਦੀ ਲੋੜ ਅਨੁਸਾਰ ਵੱਖੋ-ਵੱਖਰੇ ਅਨੁਪਾਤ ਤਕ 26 ਪ੍ਰਤਿਸ਼ਤ, 51 ਪ੍ਰਤਿਸ਼ਤ, 74 ਪ੍ਰਤਿਸ਼ਤ ਜਾਂ ਕੁੱਝ ਖੇਤਰਾਂ ਵਿਚ 100 ਪ੍ਰਤਿਸ਼ਤ ਤਕ ਪੂੰਜੀ ਨਿਵੇਸ਼ ਨੂੰ ਖੁੱਲ੍ਹ ਦਿਤੀ ਗਈ। ਤੇਲ ਅਤੇ ਗੈਸ ਉਦਯੋਗ, ਬਿਜਲੀ ਉਤਪਾਦਨ ਅਤੇ ਵਿਤਰਣ, ਦੂਰਸੰਚਾਰ, ਸੜਕਾਂ ਅਤੇ ਬੰਦਰਗਾਹਾਂ ਦੇ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦਾ ਸਵਾਗਤ ਕੀਤਾ ਗਿਆ। ਹੌਲੀ-ਹੌਲੀ ਉਪਭੋਗਤਾ ਵਸਤਾਂ ਦੇ ਖੇਤਰ, ਸੇਵਾਵਾਂ ਅਤੇ ਭਵਨ ਉਸਾਰੀ ਦੇ ਖੇਤਰ ਵਿਚ ਵੀ ਇਸ ਦਾ ਪਸਾਰ ਕੀਤਾ ਗਿਆ। ਬਹੁ-ਰਾਸ਼ਟਰੀ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਅਤੇ ਹੋਰ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦਾ ਵਿਸ਼ਵਾਸ ਭਾਰਤੀ ਅਰਥਵਿਵਸਥਾ ਵਿਚ ਵਧਦਾ ਗਿਆ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਹੋਣ ਲੱਗ ਪਿਆ ਕਿ ਭਾਰਤ ਜੇਹੀ ਚੀਨ ਤੋਂ ਬਾਅਦ ਦੁਨੀਆਂ ਵਿਚ ਦੂਸਰੀ ਸਭ ਤੋਂ ਵੱਡੀ ਉਪਭੋਗਤਾ ਮੰਡੀ ਵਿਚ ਨਿਵੇਸ਼ ਨਾਲ ਉਨ੍ਹਾਂ ਨੂੰ ਲਾਭ ਮਿਲਣ ਵਾਲਾ ਹੈ ਅਤੇ ਉਨ੍ਹਾਂ ਨੇ ਵੱਡੇ ਪੈਮਾਨੇ 'ਤੇ ਵਿਕਾਸ ਦੇ ਹਰ ਖੇਤਰ ਵਿਚ ਪੂੰਜੀ ਨਿਵੇਸ਼ ਕਰਨਾ ਸ਼ੁਰੂ ਕਰ ਦਿਤਾ। ਇਸ ਦਾ ਸਿੱਟਾ ਇਹ ਹੋਇਆ ਕਿ ਹੌਲੀ-ਹੌਲੀ ਭਾਰਤ ਨੇ ਦੁਨੀਆਂ ਵਿਚ ਇਕ ਅਜਿਹਾ ਸਥਾਨ ਹਾਸਲ ਕਰ ਲਿਆ ਕਿ ਇਹ ਵਿਸ਼ਵੀ ਮਾਪਦੰਡਾਂ ਉਪਰ ਖਰਾ ਉਤਰ ਕੇ ਵਿਦੇਸ਼ੀ ਪੂੰਜੀ ਨਿਵੇਸ਼ ਲਈ ਇਕ ਬਹੁਤ ਧੂਹ ਪਾਉਣ ਵਾਲਾ ਅਤੇ ਮੁਕਾਬਲੇ ਦਾ ਦੇਸ਼ ਹੈ ਅਤੇ ਪੂੰਜੀ ਨਿਵੇਸ਼ਕਾਂ ਦਾ ਇਸ ਦੀ ਅਰਥਵਿਵਸਥਾ ਵਿਚ ਵਿਸ਼ਵਾਸ ਹੋਰ ਵੀ ਪੱਕਾ ਹੋਣ ਲੱਗਾ। ਸਮੇਂ-ਸਮੇਂ ਸਰਕਾਰ ਨੇ ਵੀ ਇਸ ਲਈ ਚੰਗਾ ਮਾਹੌਲ ਬਣਾਉਣ ਲਈ ਕਈ ਕਦਮ ਚੁੱਕੇ, ਨੀਤੀਆਂ ਅਤੇ ਕਾਇਦੇ-ਕਾਨੂੰਨਾਂ ਵਿਚ ਬਦਲਾਅ ਕੀਤੇ ਗਏ ਅਤੇ ਆਰਥਿਕ ਹਾਲਾਤ ਵਿਦੇਸ਼ੀ ਪੂੰਜੀ ਨਿਵੇਸ਼ ਲਈ ਅਨੁਕੂਲ ਬਣਾਏ ਗਏ। ਲਾਇਸੰਸ ਪ੍ਰਣਾਲੀ ਨੂੰ ਕੁਝ ਗਿਣੇ-ਚੁਣੇ ਖੇਤਰਾਂ ਤਕ ਹੀ ਸੀਮਤ ਕਰ ਦਿਤਾ ਗਿਆ ਅਤੇ ਵਧੇਰੇ ਖੇਤਰਾਂ ਵਿਚ ਪੂੰਜੀ ਨਿਵੇਸ਼ ਨੂੰ ਸਵੈਚਾਲਤ ਤਰੀਕੇ ਆਉਣ ਦੀ ਖੁੱਲ੍ਹ ਦਿਤੀ ਗਈ। ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਨਾਲ ਦੋਹਰੀ ਕਰ ਪ੍ਰਣਾਲੀ ਖਤਮ ਕਰਨ ਲਈ ਸਮਝੌਤੇ ਕੀਤੇ ਗਏ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਸਰਲ ਬਣਾਉਣ ਲਈ ਕਾਰਗਰ ਕਦਮ ਚੁੱਕੇ ਗਏ ਅਤੇ ਲਗਭਗ ਹਰ ਖੇਤਰ ਵਿਚ ਆਯਾਤ ਕਰਾਂ ਵਿਚ ਕਮੀ ਲਿਆਂਦੀ ਗਈ। ਵਿਦੇਸ਼ੀ ਪੂੰਜੀ ਨਿਵੇਸ਼ ਬਾਰੇ ਵਿਸ਼ਵ ਪੱਧਰੀ ਜਾਣਕਾਰੀ ਦੇਣ ਅਤੇ ਨਿਵੇਸ਼ਕਾਂ ਦੀ ਸਹੂਲਤ ਲਈ ਵੱਖਰੇ ਸੰਸਥਾਨ ਅਤੇ ਵਿਭਾਗ ਸਥਾਪਤ ਕੀਤੇ ਗਏ ਤਾਂ ਜੋ ਉਨ੍ਹਾਂ ਦੇ ਪ੍ਰਾਜੈਕਟਾਂ ਦੀ ਸਥਾਪਨਾ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ।

**ਦੇਸ਼ ਵਿਚ ਅਗਿਆਨਤਾ, ਗਰੀਬੀ, ਰੁਜ਼ਗਾਰ ਦੀ ਸਮੱਸਿਆ ਅਤੇ ਆਧੁਨਿਕ ਤਕਨੀਕਾਂ ਦੀ ਲੋੜ ਨੂੰ ਮਹਿਸੂਸਦਿਆਂ ਕੇਂਦਰੀ ਸਰਕਾਰ ਨੇ ਘਰੇਲੂ ਤੇ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਵੱਡੇ ਪੈਮਾਨੇ 'ਤੇ ਦੇਸ਼ ਦੀ ਅਰਥਵਿਵਸਥਾ ਵਿਚ ਪੂੰਜੀ ਨਿਵੇਸ਼ ਦਾ ਸੱਦਾ ਦਿਤਾ ਹੈ।**

ਨਰੇਂਦਰ ਮੋਦੀ ਸਰਕਾਰ ਦੇ ਗਠਨ ਤੋਂ ਬਾਅਦ, ਸੰਸਦ ਦੇ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਨੇ ਆਪਣੇ ਭਾਸ਼ਣ ਵਿਚ ਸਰਕਾਰ ਦੇ ਏਜੰਡੇ ਨੂੰ ਰਖਦੇ ਹੋਏ ਕਰ ਪ੍ਰਣਾਲੀ ਨੂੰ ਹੋਰ ਸਰਲ ਬਣਾ ਕੇ ਅਤੇ ਦੇਸ਼ ਵਿਚ ਪਾਰਦਰਸ਼ੀ ਨੀਤੀ ਮਾਹੌਲ ਤਿਆਰ ਕਰ ਕੇ ਵਿਕਾਸ ਲਈ ਪੂੰਜੀ ਨਿਵੇਸ਼ ਉਪਰ ਜ਼ੋਰ ਦਿਤਾ ਸੀ। ਉਨ੍ਹਾਂ ਕਿਹਾ ਸੀ ਕਿ ਸਰਕਾਰ ਕਾਰੋਬਾਰੀ ਖੇਤਰ ਲਈ ਸੁਧਾਰਾਂ ਵਿਚ ਹੋਰ ਤੇਜ਼ੀ ਲਿਆਵੇਗੀ ਤੇ ਇਕ ਅਜਿਹੀ ਨੀਤੀ ਅਪਣਾਏਗੀ ਜਿਸ ਨਾਲ ਪੂੰਜੀ ਨਿਵੇਸ਼ ਨੂੰ, ਖ਼ਾਸ ਤੌਰ ਤੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਹੁੰਗਾਰਾ ਮਿਲੇ।

ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਦੀ ਇਸ ਕਥਨੀ ਦੀ ਪ੍ਰੌੜ੍ਹਤਾ ਕਰਦੇ ਹੋਏ ਕੇਂਦਰੀ ਸਰਕਾਰ ਨੇ ਆਪਣੇ ਪਹਿਲੇ ਬਜਟ ਵਿਚ ਰੱਖਿਆ ਉਤਪਾਦਨ ਅਤੇ ਬੀਮਾ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਨੂੰ 49 ਪ੍ਰਤਿਸ਼ਤ ਕਰਨ ਦਾ ਪ੍ਰਸਤਾਵ ਰਖਿਆ। ਇਸ ਦੇ ਨਾਲ-ਨਾਲ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ। ਭਵਨ ਨਿਰਮਾਣ ਸਰਗਰਮੀ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੀਆਂ ਸ਼ਰਤਾਂ ਨੂੰ ਆਸਾਨ ਕੀਤਾ ਗਿਆ ਅਤੇ ਸੱਨਅਤੀ ਵਸਤਾਂ ਦੇ ਉਤਪਾਦਨ ਨੂੰ ਈ-ਵਪਾਰ ਸਮੇਤ ਖੁਦਰਾ ਵਪਾਰ ਰਾਹੀਂ ਉਪਭੋਗਤਾਵਾਂ ਤਕ ਪਹੁੰਚਾਉਣ ਦੀ ਸਹੂਲਤ ਦੇਣ ਦਾ ਪ੍ਰਸਤਾਵ ਵੀ ਕੇਂਦਰੀ ਬਜਟ ਵਿਚ ਕੀਤਾ ਗਿਆ। ਸਰਕਾਰ ਨੇ ਇਹ ਸਭ ਪਹਿਲਾਂ ਵਿਕਾਸ ਗਤੀ ਵਿਚ ਤੇਜ਼ੀ ਲਿਆਉਣ, ਦੇਸ਼ ਦੀ ਉਤਪਾਦਨ ਸਮਰਥਾ ਵਧਾਉਣ ਅਤੇ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕੀਤੀਆਂ। ਇਨ੍ਹਾਂ ਵਿਚੋਂ ਕੁਝ ਮੁੱਖ ਪਹਿਲਾਂ ਜੋ ਹਾਲ ਹੀ ਦੇ ਸਮੇਂ 'ਚ ਕੀਤੀਆਂ ਗਈਆਂ ਹਨ :

- ਕਈ ਖੇਤਰਾਂ ਵਿਚ ਜਿਵੇਂ ਕਿ ਦੂਰ

ਸੰਚਾਰ, ਬਿਜਲੀ ਉਤਪਾਦਨ ਅਤੇ ਵਿਤਰਣ, ਬੰਦਰਗਾਹਾਂ, ਸੜਕ ਨਿਰਮਾਣ, ਤੇਲ ਅਤੇ ਗੈਸ ਉਦਯੋਗ, ਉਪਭੋਗਤਾ ਵਸਤਾਂ ਅਤੇ ਸੇਵਾਵਾਂ ਅਤੇ ਹੋਟਲ ਅਤੇ ਸੈਰ-ਸਪਾਟਾ ਸੱਨਅਤ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੇ ਅਨੁਪਾਤ ਨੂੰ ਵਧਾ ਕੇ 51 ਪ੍ਰਤਿਸ਼ਤ, 74 ਪ੍ਰਤਿਸ਼ਤ ਜਾਂ ਕਈ ਹਾਲਤਾਂ ਵਿਚ 100 ਪ੍ਰਤਿਸ਼ਤ ਤਕ ਕਰ ਦੇਣ ਦੀ ਖੁੱਲ੍ਹ ਦਿਤੀ ਗਈ। ਇਸ ਮਕਸਦ ਦੀ ਪੂਰਤੀ ਲਈ ਚਾਲੂ ਨੀਤੀਆਂ ਅਤੇ ਕਾਨੂੰਨਾਂ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਗਈਆਂ।

- ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਉਤਸ਼ਾਹ ਦੇਣ ਲਈ ਕਰ ਪ੍ਰਣਾਲੀ ਵਿਚ ਸੋਧਾਂ ਕੀਤੀਆਂ ਗਈਆਂ ਅਤੇ ਕਾਰਪੋਰੇਟ ਕਰ ਦਰ ਬਹੁਤ ਘੱਟ ਰਖੀ ਗਈ ਤਾਂ ਜੋ ਵਿਦੇਸ਼ੀ ਨਿਵੇਸ਼ਕਾਂ ਵਲੋਂ ਪੂੰਜੀ ਨਿਵੇਸ਼ ਲਈ ਉੱਚਿਤ ਮਾਹੌਲ ਨੂੰ ਦੇਖਦੇ ਹੋਏ ਆਪਣੀ ਪੂੰਜੀ ਭਾਰਤ ਵਿਚ ਨਿਵੇਸ਼ ਕਰਨ ਤੋਂ ਝਿਜਕੇ ਨਾ।

- ਵਿਦੇਸ਼ੀ ਨਿਵੇਸ਼ਕਾਂ ਵਲੋਂ ਦੇਸ਼ ਵਿਚ ਆਪਣੇ ਪੂੰਜੀ ਨਿਵੇਸ਼ ਉਪਰ ਕਮਾਏ ਲਾਭ ਨੂੰ ਦੇਸ਼ ਤੋਂ ਬਾਹਰ ਲੈ ਜਾਣ ਦੀਆਂ ਸ਼ਰਤਾਂ ਵਿਚ ਲਚਕੀਲਾਪਨ ਲਿਆਂਦਾ ਗਿਆ ਤਾਂ ਜੋ ਨਿਵੇਸ਼ਕਾਂ ਵਿਚ ਵਿਸ਼ਵਾਸ ਪੈਦਾ ਹੋ ਸਕੇ ਕਿ ਉਨ੍ਹਾਂ ਦੀ ਪੂੰਜੀ ਰਾਹੀਂ ਕਮਾਇਆ ਲਾਭ ਉਹ ਆਪਣੇ ਹਿਤ ਲਈ ਆਪਣੀ ਮਰਜ਼ੀ ਅਨੁਸਾਰ ਵਰਤ ਸਕਦੇ ਹਨ।

- ਪੂੰਜੀ ਨਿਵੇਸ਼ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਅਤੇ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਇੱਛਤ ਪ੍ਰਾਜੈਕਟਾਂ ਜਾਂ ਕਾਰੋਬਾਰਾਂ ਬਾਰੇ ਜਾਣਕਾਰੀ ਦੇਣ ਲਈ ਅਤੇ ਉਨ੍ਹਾਂ ਦੀ ਸਹਾਇਤਾ ਲਈ ਵਿਦੇਸ਼ੀ ਪੂੰਜੀ ਨਿਵੇਸ਼ ਤਰੱਕੀ ਬੋਰਡ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਲਾਗੂ ਕਰਨ ਅਥਾਰਿਟੀ ਦੀ ਸਥਾਪਨਾ ਕੀਤੀ ਗਈ ਅਤੇ ਵਪਾਰ ਅਤੇ ਉਦਯੋਗ ਮੰਤਰਾਲਾ ਵਿਚ ਵਿਸ਼ੇਸ਼ ਅਫ਼ਸਰਾਂ ਦੀ ਪਛਾਣ ਕੀਤੀ ਗਈ ਜੋ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦੇ ਪ੍ਰਾਜੈਕਟਾਂ ਆਦਿ ਦੀ ਮਨਜ਼ੂਰੀ ਵਿਚ ਸਹਾਇਤਾ ਕਰਦੇ ਹਨ ਅਤੇ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਰੁਕਾਵਟਾਂ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਵਿਚ ਮਦਦ ਕਰਦੇ ਹਨ।

ਭਾਰਤ ਵਿਚ ਸਥਿਰ ਸਰਕਾਰ ਬਣਨ ਨਾਲ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦਾ ਵਿਸ਼ਵਾਸ ਮੁੜ ਤੋਂ ਭਾਰਤ ਦੀ ਅਰਥਵਿਵਸਥਾ ਵਿਚ ਬਣਿਆ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਜਾਪਾਨ ਯਾਤਰਾ ਤੋਂ ਬਾਅਦ ਉਥੋਂ ਦੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਜਾਪਾਨੀ ਕੰਪਨੀਆਂ ਅਗਲੇ ਪੰਜ ਸਾਲਾਂ ਵਿਚ ਭਾਰਤ ਵਿਚ ਲਗਭਗ 35 ਬਿਲੀਅਨ ਡਾਲਰ ਦਾ ਪੂੰਜੀ ਨਿਵੇਸ਼ ਕਰਨਗੀਆਂ। ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਜਾਪਾਨ ਅਤੇ ਅਮਰੀਕਾ ਦੇ ਪੂੰਜੀ ਨਿਵੇਸ਼ਕਾਂ ਦੀ ਮਦਦ ਲਈ ਇਕ ਵਿਸ਼ੇਸ਼ ਸੈੱਲ ਖੋਲ੍ਹਿਆ ਗਿਆ ਹੈ। ਪ੍ਰਧਾਨ ਮੰਤਰੀ ਦੀ ਚੀਨ ਯਾਤਰਾ ਤੋਂ ਬਾਅਦ ਚੀਨ ਨੇ ਵੀ ਭਾਰਤ ਵਿਚ 100 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਕੀਤਾ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਲੋਂ 2013 ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੇ ਮਾਨਕਾਂ ਵਿਚ ਹੋਰ ਲਚਕੀਲਾਪਨ ਲਿਆਉਣ ਨਾਲ ਅਤੇ ਵਧੇਰੇ ਖੇਤਰਾਂ ਨੂੰ ਇਸ ਲਈ ਖੋਲ੍ਹ ਦੇਣ ਨਾਲ ਸਿੰਗਾਪੁਰ, ਏਅਰਲਾਈਨ, ਟੈਸਕੋ ਅਤੇ ਇਤਿਹਾਦ ਜਿਹੀਆਂ ਵਿਸ਼ਵ ਦੀਆਂ ਵੱਡੀਆਂ ਕੰਪਨੀਆਂ ਭਾਰਤ ਵਿਚ ਪੂੰਜੀ ਨਿਵੇਸ਼ ਕਰਨ ਲਈ ਉਤਸੁਕ ਹਨ। ਚੀਨ ਦੀ ਸੰਚਾਰ ਸਾਜ਼-ਸਾਮਾਨ ਬਣਾਉਣ ਵਾਲੀ ਵਿਸ਼ਵ ਪੱਧਰ ਦੀ ਕੰਪਨੀ ਜੈੱਡ ਟੀ ਈ ਕਾਰਪੋਰੇਸ਼ਨ ਨੇ ਵੀ ਭਾਰਤ ਵਿਚ ਆਪਣਾ ਕੇਂਦਰ ਖੋਲ੍ਹਣ ਦੀ ਯੋਜਨਾ ਬਣਾਈ ਹੈ। ਨਾਰਵੇ ਦੇ ਟੈਲੀਨੋਰ ਗਰੁੱਪ, ਜਿਸ ਦਾ ਇਸ ਵੇਲੇ ਭਾਰਤ ਵਿਚ ਚਲ ਰਹੇ ਸੰਚਾਰ ਖੇਤਰ ਦੀ ਯੂਨੀਨੋਰ ਗਰੁੱਪ ਵਿਚ 74 ਪ੍ਰਤਿਸ਼ਤ ਹਿੱਸਾ ਹੈ, ਨੇ ਵਿਦੇਸ਼ੀ ਪੂੰਜੀ ਨਿਵੇਸ਼ ਪ੍ਰੋਮੋਸ਼ਨ ਬੋਰਡ ਕੋਲ 780 ਕਰੋੜ ਰੁਪਏ ਦੇ ਹੋਰ ਨਿਵੇਸ਼ ਨਾਲ ਯੂਨੀਨੋਰ ਕੰਪਨੀ ਦਾ ਸਮੁੱਚਾ ਪ੍ਰਬੰਧ, 100 ਪ੍ਰਤਿਸ਼ਤ ਪੂੰਜੀ ਨਿਵੇਸ਼ ਨਾਲ, ਆਪਣੇ ਹੱਥ ਲੈਣ ਦੀ ਪੇਸ਼ਕਸ਼ ਕੀਤੀ ਹੈ।

**ਇਸੇ ਤਰ੍ਹਾਂ ਜਾਪਾਨ ਨੇ ਭਾਰਤ ਦੀ ਪਹਿਲੀ ਬੁਲਟ ਟਰੇਨ ਜੋ ਗੁਜਰਾਤ ਵਿਚ ਸਥਾਪਤ ਕਰਨ ਦੀ ਯੋਜਨਾ ਹੈ, ਲਈ 70,000 ਕਰੋੜ ਪੂੰਜੀ ਨਿਵੇਸ਼ ਦਾ ਐਲਾਨ ਕੀਤਾ ਹੈ। ਦੇਸ਼ ਵਿਚ ਸਭ ਤੋਂ ਵੱਡੇ ਕਾਰ ਉਦਯੋਗ ਜਾਪਾਨੀ ਕੰਪਨੀ ਮਾਰੂਤੀ ਸੁਜ਼ੂਕੀ ਨੇ ਆਪਣਾ ਨਵਾਂ ਪਲਾਂਟ ਗੁਜਰਾਤ ਵਿਚ ਲਗਾਉਣ ਲਈ 18,500 ਕਰੋੜ ਰੁਪਏ ਨਿਵੇਸ਼ ਦਾ ਐਲਾਨ ਕੀਤਾ ਹੈ। ਫਰਾਂਸ, ਜਰਮਨੀ, ਅਮਰੀਕਾ, ਇੰਗਲੈਂਡ, ਮਾਰੀਸ਼ਸ਼ ਆਦਿ ਦੇਸ਼ਾਂ ਤੋਂ ਵੀ ਪਿਛਲੇ ਸਾਲ ਭਾਰਤ ਵਿਚ ਪੂੰਜੀ ਨਿਵੇਸ਼ ਕੀਤਾ ਗਿਆ। ਸਾਲ 2013 ਵਿਚ ਦੇਸ਼ ਵਿਚ ਕੁੱਲ ਵਿਦੇਸ਼ੀ ਪੂੰਜੀ ਨਿਵੇਸ਼ 28 ਬਿਲੀਅਨ ਡਾਲਰ ਹੋਇਆ ਸੀ ਜੋ ਵਧ ਕੇ ਇਸ ਸਾਲ 60 ਬਿਲੀਅਨ ਡਾਲਰ ਹੋ ਜਾਵੇਗਾ।**

ਇੰਨੇ ਵੱਡੇ ਪੈਮਾਨੇ 'ਤੇ ਵਿਦੇਸ਼ੀ ਪੂੰਜੀ ਨਿਵੇਸ਼ ਭਾਰਤ ਵਿਚ ਲਿਆਉਣ ਲਈ, ਜਿਸ ਨਾਲ ਵਿਕਾਸ ਪ੍ਰਕਿਰਿਆ ਵਿਚ ਤੇਜ਼ੀ ਆ ਸਕੇ, ਕੇਂਦਰ ਸਰਕਾਰ ਦੇ ਨਾਲ-ਨਾਲ ਰਾਜ ਸਰਕਾਰਾਂ ਨੂੰ ਵੀ ਕਮਰਕੱਸਾ ਕਰਨਾ ਪਵੇਗਾ। ਵਿਦੇਸ਼ੀ ਨਿਵੇਸ਼ਕਾਂ ਦੇ ਪ੍ਰਾਜੈਕਟਾਂ ਅਤੇ ਹੋਰ ਕਾਰੋਬਾਰ ਲਈ ਭੂਮੀ ਦੀ ਲੋੜ ਹੋਵੇਗੀ ਜੋ ਰਾਜ ਸਰਕਾਰਾਂ ਨੂੰ ਤੇਜ਼ੀ ਨਾਲ ਉਪਲਬਧ ਕਰਵਾਉਣੀ ਪਵੇਗੀ। ਇਸ ਤੋਂ ਇਲਾਵਾ, ਵਾਤਾਵਰਨ ਅੜਿੱਕਾ ਵੀ ਦੂਰ ਕਰਨ ਵਿਚ ਫੁਰਤੀ ਦਿਖਾਉਣੀ ਪਵੇਗੀ। ਇਕ ਰਾਜਨੀਤਕ ਮਾਹੌਲ ਵੀ ਤਿਆਰ ਕਰਨਾ ਹੋਵੇਗਾ ਕਿ ਛੋਟੇ ਅਦਾਰਿਆ, ਕਿਸਾਨਾਂ ਅਤੇ ਸਮਾਜ ਦੇ ਹੋਰ ਵਰਗਾਂ ਉਪਰ ਵਿਦੇਸ਼ੀ ਪੂੰਜੀ ਨਿਵੇਸ਼ ਦਾ ਅਨੁਕੂਲ ਅਸਰ ਪਵੇਗਾ ਅਤੇ ਇਸ ਨਾਲ ਸਥਾਨਕ ਪੱਧਰ ਉਪਰ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ ਅਤੇ ਦੇਸ਼ ਵਿਚ ਖ਼ੁਸ਼ਹਾਲੀ ਆਵੇਗੀ। ਸਿੱਟੇ ਵਜੋਂ, ਦੇਸ਼ ਵਿਚ ਘਰੇਲੂ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਵਧ ਜਾਣ ਨਾਲ ਦੇਸ਼ ਦੇ ਸਮੁੱਚੇ ਘਰੇਲੂ ਉਤਪਾਦਨ ਵਿਚ ਵਾਧਾ ਹੋਵੇਗਾ ਅਤੇ ਵਿਕਾਸ ਦਰ ਅਗਲੇ ਦੋ ਸਾਲਾਂ ਵਿਚ 8 ਪ੍ਰਤਿਸ਼ਤ ਤਕ ਹਾਸਲ ਕਰ ਲੈਣ ਦੇ ਆਸਾਰ ਪੈਦਾ ਹੋ ਜਾਣਗੇ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

ਜਿਸ ਮਨੁੱਖ ਦਾ ਨਿਸਚਾ ਦ੍ਰਿੜ੍ਹ ਤੇ ਅਟਲ ਹੈ ਉਹ ਦੁਨੀਆਂ ਨੂੰ ਆਪਣੇ ਸਾਂਚੇ ਵਿਚ ਢਾਲ ਲੈਂਦਾ ਹੈ। (ਗੇਟੇ)

- ਤੁਸੀਂ ਦੂਜਿਆਂ ਦੇ ਜਿਸ ਵਤੀਰੇ ਨੂੰ ਚੰਗਾ ਨਹੀਂ ਮੰਨਦੇ, ਆਪ ਵੀ ਦੂਜਿਆਂ ਨਾਲ ਉਸ ਤਰ੍ਹਾਂ ਨਾ ਕਰੋ। (ਕਨਫਿਊਸ਼ੀਅਸ)

## ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼

# ਅੰਤਰਰਾਸ਼ਟਰੀ ਵਪਾਰ ਵਿਚ ਆ ਰਹੇ ਪਰਿਵਰਤਨ

ਅਮਿਤਾ ਸ਼ਹੀਦ

ਨਿਵੇਸ਼ ਦਾ ਅਰਥ ਹੈ "ਉਹ ਖਰਚ ਜਿਸ ਨਾਲ ਨਵਾਂ ਉਤਪਾਦਨ ਅਤੇ ਰੁਜ਼ਗਾਰ ਪੈਦਾ ਹੋਵੇ।" ਜੇ ਕੋਈ ਪੁਰਾਣੇ ਚਲ ਰਹੇ ਉਦਯੋਗ ਨੂੰ ਖਰੀਦ ਲਿਆ ਜਾਵੇ ਤਾਂ ਇਨ੍ਹਾਂ ਨੂੰ ਨਿਵੇਸ਼ ਨਹੀਂ ਕਿਹਾ ਜਾਂਦਾ ਕਿਉਂਕਿ ਇਹ ਤਾਂ ਸਿਰਫ਼ ਮਾਲਕੀ ਦੀ ਤਬਦੀਲੀ ਹੈ, ਉਸ ਦਾ ਸਿਰਫ਼ ਪ੍ਰਬੰਧ ਹੀ ਬਦਲਦਾ ਹੈ। ਇਸ ਨਾਲ ਨਾ ਤਾਂ ਕੋਈ ਨਵਾਂ ਉਤਪਾਦਨ ਹੁੰਦਾ ਹੈ ਤੇ ਨਾ ਹੀ ਰੁਜ਼ਗਾਰ ਵਧਦਾ ਹੈ। ਜੇ ਨਵਾਂ ਉਦਯੋਗ ਲਾਇਆ ਜਾਵੇ ਤਾਂ ਉਹ ਨਿਵੇਸ਼ ਹੈ, ਇਸ ਨਾਲ ਨਵੀਆਂ ਵਸਤੂਆਂ ਦਾ ਉਤਪਾਦਨ ਹੋਵੇਗਾ, ਨਵਾਂ ਰੁਜ਼ਗਾਰ ਵੀ ਵਧੇਗਾ। ਕਿਸੇ ਦੇਸ਼ ਦੀ ਖ਼ੁਸ਼ਹਾਲੀ ਉਸ ਦੇਸ਼ ਵਿਚ ਮਿਲਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੀ ਮਾਤਰਾ 'ਤੇ ਨਿਰਭਰ ਕਰਦੀ ਹੈ। ਜੇ ਵਸਤੂਆਂ ਅਤੇ ਸੇਵਾਵਾਂ ਵੱਧ ਹਨ, ਤਾਂ ਖ਼ੁਸ਼ਹਾਲੀ ਹੈ ਜੇ ਉਹ ਘਟ ਜਾਣ ਤਾਂ ਖ਼ੁਸ਼ਹਾਲੀ ਵਿਚ ਕਮੀ ਆਵੇਗੀ। ਉਤਪਾਦਨ, ਰੁਜ਼ਗਾਰ ਅਤੇ ਖ਼ੁਸ਼ਹਾਲੀ ਵਿਚ ਹੋਣ ਵਾਲਾ ਵਾਧਾ ਉਸ ਦੇਸ਼ ਵਿਚ ਹੋਣ ਵਾਲੇ ਨਿਵੇਸ਼ 'ਤੇ ਨਿਰਭਰ ਕਰਦਾ ਹੈ। ਉਹ ਨਿਵੇਸ਼ ਭਾਵੇਂ ਅੰਦਰੂਨੀ ਹੋਵੇ ਜਾਂ ਵਿਦੇਸ਼ੀ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ, ਸਰਕਾਰ ਅਤੇ ਨਿੱਜੀ ਉੱਦਮੀਆਂ ਨੂੰ ਨਿਵੇਸ਼ ਕਰਨ ਲਈ ਬਹੁਤ ਵੱਡੇ ਯਤਨ ਕਰਨੇ ਪਏ। ਨਿਵੇਸ਼ ਵਧਾਉਣ ਲਈ ਉੱਦਮੀਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਜਿਸ ਤਰ੍ਹਾਂ ਸਬਸਿਡੀ, ਕਰਾਂ ਵਿਚ ਛੋਟ, ਰਿਆਇਤੀ ਬਿਜਲੀ, ਆਰਥਿਕ ਢਾਂਚੇ ਨੂੰ ਵਿਕਸਤ ਕਰਨਾ ਆਦਿ ਬਹੁਤ ਤਰ੍ਹਾਂ ਦੀਆਂ ਸਹੂਲਤਾਂ ਦਿਤੀਆਂ ਗਈਆਂ। ਭਾਰਤ ਦੁਨੀਆਂ ਵਿਚ ਵਸੋਂ ਦੇ ਹਿਸਾਬ ਚੀਨ ਤੋਂ ਬਾਅਦ ਦੂਸਰਾ ਵੱਡਾ ਦੇਸ਼ ਹੈ ਪਰ ਇੰਨੀ ਵੱਡੀ ਵਸੋਂ ਦੀਆਂ ਉਦਯੋਗਿਕ ਅਤੇ ਖੇਤੀ ਆਧਾਰਿਤ ਲੋੜਾਂ ਨੂੰ ਪੂਰਾ ਕਰਨ ਲਈ ਜਿਥੇ ਸਰਕਾਰ ਵਲੋਂ ਨਿਵੇਸ਼ ਕੀਤਾ ਗਿਆ ਉਥੇ ਨਿੱਜੀ ਉਤਪਾਦਿਕਾਂ ਵਲੋਂ ਨਿਵੇਸ਼ ਕੀਤਾ ਗਿਆ ਪਰ ਸਰਕਾਰ ਵਲੋਂ ਲਗਾਤਾਰ ਵਿਦੇਸ਼ੀ ਨਿਵੇਸ਼ ਨੂੰ ਵਧਾਉਣ ਦੇ ਵੱਡੇ ਯਤਨ ਜਾਰੀ ਹਨ।

ਵਿਦੇਸ਼ੀ ਨਿਵੇਸ਼ 'ਚ ਉਨ੍ਹਾਂ ਨਿੱਜੀ ਬਹੁ-ਰਾਸ਼ਟਰੀ ਕੰਪਨੀਆਂ ਅਤੇ ਸਰਕਾਰਾਂ ਵਲੋਂ ਕੀਤਾ ਜਾਣ ਵਾਲਾ ਨਿਵੇਸ਼ ਆਉਂਦਾ ਹੈ ਜਿਸ ਨੂੰ ਵੱਖ-ਵੱਖ ਖੇਤਰਾਂ ਵਿਚ ਲਗਾਤਾਰ ਵਧਾਉਣ ਲਈ ਸਰਕਾਰ ਵਲੋਂ ਕਈ ਤਰ੍ਹਾਂ ਦੀਆਂ ਰਿਆਇਤਾਂ ਦਾ ਐਲਾਨ ਕੀਤਾ ਜਾਂਦਾ ਰਿਹਾ ਹੈ। ਇਸ ਵਿਚ ਦੋ ਤਰ੍ਹਾਂ ਦਾ ਨਿਵੇਸ਼ ਹੈ ਇਕ ਹੈ 'ਸਿੱਧਾ ਵਿਦੇਸ਼ੀ ਨਿਵੇਸ਼' ਅਤੇ ਦੂਸਰਾ ਹੈ ਸੰਸਥਾਵਾਂ ਵਲੋਂ ਕੀਤਾ ਗਿਆ ਨਿਵੇਸ਼। ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਬਹੁ-ਰਾਸ਼ਟਰੀ ਕੰਪਨੀਆਂ ਜਾਂ ਵੱਡੇ ਆਕਾਰ ਦੀਆਂ ਵਿਦੇਸ਼ੀ ਕੰਪਨੀਆਂ ਵਲੋਂ ਭਾਰਤ ਵਿਚ ਕੀਤਾ ਜਾਂਦਾ ਰਿਹਾ ਹੈ। ਸ਼ੁਰੂ 'ਚ ਭਾਰਤ ਵਿਚ ਨਿਵੇਸ਼ ਕਰਨ ਵਾਲੇ ਤਿੰਨ ਮੁੱਖ ਦੇਸ਼ ਸਨ; ਸੋਵੀਅਤ ਯੂਨੀਅਨ, ਇੰਗਲੈਂਡ ਅਤੇ ਜਰਮਨੀ। ਸੋਵੀਅਤ ਯੂਨੀਅਨ ਸਰਕਾਰ ਵਲੋਂ ਭਾਰਤ ਦੇ ਆਰਥਿਕ ਢਾਂਚੇ ਨੂੰ ਵਿਕਸਤ ਕਰਨ ਲਈ ਸਟੀਲ ਅਤੇ ਭਾਰੇ ਉਦਯੋਗਾਂ 'ਚ ਅਤੇ ਇਸ ਤਰ੍ਹਾਂ ਹੀ ਇੰਗਲੈਂਡ ਤੇ ਜਰਮਨੀ ਦੀਆਂ ਵੱਡੀਆਂ ਕੰਪਨੀਆਂ ਨੇ ਭਾਰਤ ਦੀਆਂ ਕੰਪਨੀਆਂ ਨਾਲ ਮਿਲ ਕੇ ਵੱਡੇ-ਵੱਡੇ ਉਦਯੋਗਿਕ ਉੱਦਮਾਂ ਵਿਚ ਨਿਵੇਸ਼ ਕੀਤਾ ਸੀ।

ਸਿੱਧੇ ਵਿਦੇਸ਼ੀ ਨਿਵੇਸ਼ ਨੂੰ 1991 ਤੋਂ ਬਾਅਦ ਜ਼ਿਆਦਾ ਉਤਸ਼ਾਹਿਤ ਕੀਤਾ ਗਿਆ। ਉਸ ਵੇਲੇ ਭਾਰਤ ਦਾ ਵਪਾਰਕ ਸੰਤੁਲਨ ਦੇਸ਼ ਦੇ ਬਹੁਤ ਉਲਟ ਸੀ ਅਤੇ ਆਰਥਿਕ ਸਮਰੱਥਾ ਵਿਚ ਵਿਦੇਸ਼ੀ ਪੂੰਜੀ ਵਸਤੂਆਂ ਦੀ ਆਯਾਤ ਕਰਨੀ ਬਹੁਤ ਵੱਡੀ ਮੁਸ਼ਕਿਲ ਬਣੀ ਹੋਈ ਸੀ। ਉਸ ਵੇਲੇ ਸੋਵੀਅਤ ਯੂਨੀਅਨ ਦੇ ਖੇਰੂੰ-ਖੇਰੂੰ ਹੋਣ ਨਾਲ, ਦੁਨੀਆਂ ਵਿਚ ਇਸ ਵਿਚਾਰਧਾਰਾ ਵਿਚ ਵੱਡਾ ਵਾਧਾ ਹੋਇਆ ਕਿ ਆਰਥਿਕ ਮਸਲਿਆਂ ਨੂੰ ਹੱਲ ਕਰਨ ਲਈ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਸਭ ਤੋਂ ਵੱਡਾ ਸਹਾਇਕ ਹੋ ਸਕਦਾ ਹੈ। ਇਸ ਨਾਲ ਉਨ੍ਹਾਂ ਨਿੱਜੀ ਕੰਪਨੀਆਂ ਨੂੰ ਭਾਰਤ ਵਿਚ ਆ ਕੇ ਨਿਵੇਸ਼ ਕਰਨ ਲਈ ਬਹੁਤ ਸਾਰੀਆਂ ਖੁੱਲ੍ਹਾਂ ਦਿਤੀਆਂ ਗਈਆਂ ਜਿਨ੍ਹਾਂ ਵਿਚ ਕਿਰਤ ਨੀਤੀ ਵਿਚ ਆਪਣੇ ਪ੍ਰਬੰਧ ਨੂੰ ਅਪਣਾਉਣ, ਨਿਸ਼ਚਿਤ ਕੀਤੀ ਕੀਮਤ 'ਤੇ ਜ਼ਮੀਨ ਦੇਣੀ ਅਤੇ ਕਰਾਂ ਵਿਚ ਵੱਡੀਆਂ ਰਿਆਇਤਾਂ ਸਨ। ਇਸ ਵਿਦੇਸ਼ੀ ਨਿਵੇਸ਼ ਵਿਚ ਇਹ ਰੁਕਾਵਟ ਸੀ ਕਿ ਬਹੁਤ ਸਾਰੇ ਖੇਤਰਾਂ ਵਿਚ ਵਿਦੇਸ਼ੀ ਨਿਵੇਸ਼ ਦੀ ਉਪਰਲੀ ਸੀਮਾ ਮਿਥੀ ਗਈ ਸੀ ਜੋ ਵੱਖ-ਵੱਖ ਖੇਤਰਾਂ ਵਿਚ ਵੱਖਰੋ-ਵੱਖਰੀ ਸੀ। ਕੁਝ ਖੇਤਰਾਂ ਵਿਚ ਉਹ ਵਿਦੇਸ਼ੀ ਕੰਪਨੀਆਂ 26 ਪ੍ਰਤਿਸ਼ਤ ਤਕ ਨਿਵੇਸ਼ ਕਰ ਸਕਦੀਆਂ ਸਨ ਅਤੇ ਬਾਕੀ 74 ਪ੍ਰਤਿਸ਼ਤ ਭਾਰਤ ਦੀ ਕੰਪਨੀ ਜਾਂ ਕੰਪਨੀਆਂ ਵਲੋਂ ਨਿਵੇਸ਼ ਕੀਤਾ ਜਾਵੇਗਾ। ਮਤਲਬ ਕਿ ਕੰਪਨੀ ਦਾ ਪ੍ਰਬੰਧ ਭਾਰਤ ਦੀ ਕੰਪਨੀ ਦੇ ਹੱਥਾਂ ਵਿਚ ਰਹੇਗਾ ਕਿਉਂਕਿ 74 ਪ੍ਰਤਿਸ਼ਤ ਸ਼ੇਅਰ ਉਸ ਕੰਪਨੀ ਕੋਲ ਸਨ। ਇਹ ਸੀਮਾ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿਚ ਇਕ ਰੁਕਾਵਟ ਵੀ ਸੀ। ਇਸ ਕਰਕੇ ਕੁਝ ਖੇਤਰਾਂ ਵਿਚ 49 ਪ੍ਰਤਿਸ਼ਤ ਅਤੇ ਫਿਰ ਕਰਿਆਨੇ ਵਰਗੇ ਖੇਤਰਾਂ ਵਿਚ ਨਿਵੇਸ਼ ਕਰਨ ਲਈ 100 ਪ੍ਰਤਿਸ਼ਤ ਵਿਦੇਸ਼ੀ ਨਿਵੇਸ਼ ਕਰਨ ਤਕ ਦੀ ਖੁੱਲ੍ਹ ਦੇ ਦਿਤੀ ਗਈ।

ਇਸ ਵਕਤ ਭਾਵੇਂ ਭਾਰਤ ਵਿਚ ਨਿਵੇਸ਼ ਕਰਨ ਵਿਚ ਮਾਰਸ਼ੀਸ਼ ਦਾ ਸਭ ਤੋਂ ਵੱਡਾ ਹਿੱਸਾ 36 ਪ੍ਰਤਿਸ਼ਤ ਹੈ। ਇਨ੍ਹਾਂ ਕੰਪਨੀਆਂ ਦਾ ਆਧਾਰ ਭਾਵੇਂ ਮਾਰਸ਼ੀਸ਼ ਵਿਚ ਹੈ ਪਰ ਇਹ ਕੰਪਨੀਆਂ ਸ਼ੁਰੂ ਅਮਰੀਕਾ ਤੋਂ ਹੀ ਹੋਈਆਂ ਸਨ। ਇਨ੍ਹਾਂ ਦੇ

ਜ਼ਿਆਦਾ ਸ਼ੇਅਰ ਹੋਲਡਰ ਅਮਰੀਕਨ ਹਨ ਇਸ ਤਰ੍ਹਾਂ ਦੂਜੇ ਨੰਬਰ 'ਤੇ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਭਾਵੇਂ ਸਿੰਗਾਪੁਰ ਤੋਂ ਹਨ ਜਿਨ੍ਹਾਂ ਦਾ ਭਾਰਤ ਵਿਚ ਸਿੱਧੇ ਨਿਵੇਸ਼ ਵਿਚ 12 ਪ੍ਰਤਿਸ਼ਤ ਦਾ ਹਿੱਸਾ ਹੈ ਪਰ ਇਹ ਵੀ ਬਹੁ-ਰਾਸ਼ਟਰੀ ਕੰਪਨੀਆਂ ਹਨ। ਇਨ੍ਹਾਂ ਦੇ ਜ਼ਿਆਦਾ ਸ਼ੇਅਰ ਹੋਲਡਰ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਤੋਂ ਹਨ। ਭਾਰਤ ਵਿਚ ਸਿੱਧਾ ਨਿਵੇਸ਼ ਕਰਨ ਵਾਲਾ ਤੀਸਰਾ ਵੱਡਾ ਦੇਸ਼ ਇੰਗਲੈਂਡ ਹੈ ਜਿਥੋਂ ਦੀਆਂ ਕੰਪਨੀਆਂ ਨੇ 10 ਪ੍ਰਤਿਸ਼ਤ ਨਿਵੇਸ਼ ਕੀਤਾ ਹੋਇਆ ਹੈ। ਜਪਾਨ ਨੇ 8 ਪ੍ਰਤਿਸ਼ਤ, ਨੀਦਰਲੈਂਡ ਨੇ 6 ਪ੍ਰਤਿਸ਼ਤ ਅਤੇ ਅਮਰੀਕਾ ਜੋ ਦੁਨੀਆਂ ਦਾ ਸਭ ਤੋਂ ਵੱਡਾ ਵਿਕਸਤ ਦੇਸ਼ ਹੈ ਅਤੇ ਜਿਸ ਦੀ ਆਰਥਿਕਤਾ ਬਹੁਤ ਮਜ਼ਬੂਤ ਹੈ, ਉਸ ਨੇ ਭਾਰਤ ਵਿਚ ਸਿੱਧੇ ਤੌਰ ਤੇ ਸਿਰਫ਼ 5 ਪ੍ਰਤਿਸ਼ਤ ਨਿਵੇਸ਼ ਕੀਤਾ ਹੈ। ਇਸੇ ਤਰ੍ਹਾਂ ਜਰਮਨੀ ਅਤੇ ਸਾਈਪ੍ਰਸ ਨੇ 3, 3 ਪ੍ਰਤਿਸ਼ਤ, ਫਰਾਂਸ ਨੇ 2 ਪ੍ਰਤਿਸ਼ਤ ਅਤੇ ਸਵਿਟਜ਼ਰਲੈਂਡ ਨੇ ਸਿਰਫ 1 ਪ੍ਰਤਿਸ਼ਤ ਨਿਵੇਸ਼ ਕੀਤਾ ਹੈ। ਜਦੋਂ ਕਿ ਦੁਨੀਆਂ ਦਾ ਬਾਕੀ 138 ਦੇਸ਼ਾਂ ਦੀਆਂ ਕੰਪਨੀਆਂ ਵਲੋਂ ਮਿਲ ਕੇ ਕੁੱਲ 14 ਪ੍ਰਤਿਸ਼ਤ ਨਿਵੇਸ਼ ਕੀਤਾ ਗਿਆ ਹੈ ਜਿਨ੍ਹਾਂ ਵਿਚ ਮਸਕਟ, ਵੈਨਜ਼ੁਏਲਾ, ਬਾਰਬਾਡੋਰਾ, ਪਰਾਗਵੇ, ਡਿਜ਼ੀਬੋਟੀ ਵਰਗੇ ਛੋਟੇ ਦੇਸ਼ ਹਨ ਜਿਨ੍ਹਾਂ ਨੇ ਬਹੁਤ ਛੋਟੇ ਪੈਮਾਨੇ 'ਤੇ ਭਾਰਤ ਵਿਚ ਕੁਝ ਉਨ੍ਹਾਂ ਖੇਤਰਾਂ ਵਿਚ ਨਿਵੇਸ਼ ਕੀਤਾ ਹੈ ਜਿਨ੍ਹਾਂ ਵਿਚ ਥੋੜ੍ਹੇ ਪੈਸੇ ਲਾ ਕੇ ਵੀ ਲਾਭ ਕਮਾਇਆ ਜਾ ਸਕਦਾ ਹੈ। ਇੰਨੀ ਵੱਡੀ ਮਾਤਰਾ ਵਿਚ ਵੱਖ-ਵੱਖ ਦੇਸ਼ਾਂ ਦੀਆਂ ਕੰਪਨੀਆਂ ਵਲੋਂ ਜ਼ਿਆਦਾਤਰ ਨਿਵੇਸ਼ 1991 ਤੋਂ ਬਾਅਦ ਹੀ ਹੋਇਆ ਹੈ ਕਿਉਂਕਿ ਅੰਤਰਰਾਸ਼ਟਰੀ ਦਬਾਅ ਦੇ ਤਹਿਤ, ਆਰਥਿਕ ਸੁਧਾਰਾਂ ਵਿਚ ਵਿਦੇਸ਼ੀ ਕੰਪਨੀਆਂ ਨੂੰ ਬਹੁਤ ਸਾਰੀਆਂ ਰਿਆਇਤਾਂ ਦਿਤੀਆਂ ਗਈਆਂ ਸਨ।

ਅੱਜਕੱਲ੍ਹ ਭਾਰਤ ਦਾ ਜ਼ਿਆਦਾ ਅੰਤਰਰਾਸ਼ਟਰੀ ਵਪਾਰ ਯੂਰਪੀਨ ਦੇਸ਼ਾਂ ਨਾਲ ਹੋ ਰਿਹਾ ਹੈ ਅਤੇ ਵਿਦੇਸ਼ੀ ਨਿਵੇਸ਼ ਵੀ ਇਨ੍ਹਾਂ ਹੀ ਦੇਸ਼ਾਂ ਤੋਂ ਹੈ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਅੰਤਰਰਾਸ਼ਟਰੀ ਵਪਾਰ ਵਿਚ ਅੱਗੇ ਆਏ ਦੇਸ਼ਾਂ ਨੇ ਭਾਰਤ ਸਮੇਤ ਹੋਰ ਦੇਸ਼ਾਂ ਵਿਚ ਸਿੱਧਾ ਨਿਵੇਸ਼ ਕੀਤਾ ਹੈ। ਭਾਰਤ ਵਿਚ ਨਿਵੇਸ਼ ਕਰਨ ਵਾਲੀਆਂ ਸਾਰੀਆਂ ਵਿਦੇਸ਼ੀ ਕੰਪਨੀਆਂ ਉਨ੍ਹਾਂ ਦੇਸ਼ਾਂ ਨਾਲ ਸੰਬੰਧਿਤ ਹਨ ਜਿਹੜੇ ਅੰਤਰਰਾਸ਼ਟਰੀ ਵਪਾਰ ਵਿਚ ਵੀ ਅੱਗੇ ਹਨ ਜਿਸ ਤਰ੍ਹਾਂ ਸਿੰਗਾਪੁਰ ਸਥਿਤ ਕੰਪਨੀਆਂ ਜਿਹੜੀਆਂ ਏਸ਼ੀਆ, ਅਮਰੀਕਾ ਅਤੇ ਯੂਰਪ ਵਿਚ ਵੱਡੀ ਮਾਤਰਾ ਵਿਚ ਨਿਰਯਾਤ ਅਤੇ ਵਸਤੂਆਂ ਨੂੰ ਸੁਧਾਰ ਕੇ ਦੁਬਾਰਾ ਨਿਰਯਾਤ ਕਰਦੀਆਂ ਹਨ, ਉਨ੍ਹਾਂ ਕੰਪਨੀਆਂ ਵਲੋਂ ਭਾਰਤ ਵਿਚ ਸਭ ਤੋਂ ਜ਼ਿਆਦਾ ਨਿਵੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਜਰਮਨੀ, ਇੰਗਲੈਂਡ, ਫ਼ਰਾਂਸ ਵੀ ਜਿਥੇ ਅੰਤਰਰਾਸ਼ਟਰੀ ਵਪਾਰ ਵਿਚ ਅੱਗੇ ਹਨ, ਉਥੇ ਉਨ੍ਹਾਂ ਦੀਆਂ ਕੰਪਨੀਆਂ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਭਾਰਤ ਵਿਚ ਸਸਤੀ ਕਿਰਤ ਅਤੇ ਮਿਲਦੇ ਕੱਚੇ ਮਾਲ ਦੇ ਲਾਭ ਲੈ ਕੇ ਇਥੇ ਨਿਵੇਸ਼ ਕੀਤਾ ਹੈ। ਚੀਨ ਹੀ ਉਹ ਦੇਸ਼ ਹੈ ਜੋ ਅੰਤਰਰਾਸ਼ਟਰੀ ਵਪਾਰ ਵਿਚ ਬਹੁਤ ਅੱਗੇ ਵਧ ਗਿਆ ਹੈ ਅਤੇ ਭਾਰਤ ਨਾਲ ਉਸ ਦਾ ਵਪਾਰ ਭਾਵੇਂ ਅਮਰੀਕਾ ਤੋਂ ਵੀ ਜ਼ਿਆਦਾ ਹੈ ਪਰ ਉਸ ਨੇ ਭਾਰਤ ਵਿਚ ਵੀ ਅਤੇ ਹੋਰ ਦੇਸ਼ਾਂ ਵਿਚ ਵੀ ਬਹੁਤ ਘੱਟ ਨਿਵੇਸ਼ ਕੀਤਾ ਹੈ।

ਇਹ ਪ੍ਰਤੱਖ ਹੈ ਕਿ ਨਿਵੇਸ਼ ਕਰਨ ਵਾਲੇ ਦਾ ਮੁੱਖ ਮੰਤਵ ਉਥੋਂ ਹੋਣ ਵਾਲੀ ਕਮਾਈ ਹੁੰਦਾ ਹੈ। ਇਸ ਲਈ ਉਹ ਉਨ੍ਹਾਂ ਖੇਤਰਾਂ ਵਿਚ ਨਿਵੇਸ਼ ਕਰਨਾ ਚਾਹੁੰਦਾ ਹੈ ਜਿਥੋਂ ਉਸ ਨੂੰ ਜ਼ਿਆਦਾ ਲਾਭ ਮਿਲ ਸਕਦਾ ਹੈ। ਵਿਕਸਤ ਦੇਸ਼ਾਂ ਵਲੋਂ ਆਪਣੇ ਮਾਲ ਦੀ ਵਿਕਰੀ ਨੂੰ ਇਕ ਤੋਂ ਜ਼ਿਆਦਾ ਦੇਸ਼ਾਂ ਵਿਚ ਕੀਤਾ ਜਾਂਦਾ ਹੈ ਪਰ ਜੇ ਉਹ ਵਸਤੂਆਂ ਜਿਹੜੀਆਂ ਉਹ ਆਪਣੇ ਦੇਸ਼ ਵਿਚ ਬਣਾ ਕੇ ਬਾਹਰ ਵੇਚਦਾ ਹੈ, ਉਸ ਤੋਂ ਸਸਤੀਆਂ ਦੂਸਰੇ ਦੇਸ਼ਾਂ ਵਿਚ ਬਣਾ ਸਕਦੇ ਹੋਣ ਤਾਂ ਹੀ ਉਹ ਉਸ ਦੇਸ਼ ਵਿਚ ਨਿਵੇਸ਼ ਕਰਨਾ ਚਾਹੁਣਗੇ, ਨਹੀਂ ਤਾਂ ਉਨ੍ਹਾਂ ਦਾ ਮੁੱਖ ਉਦੇਸ਼ ਆਪਣੀਆਂ ਵਸਤੂਆਂ ਦੀ ਵਿਕਰੀ ਵਧਾਉਣ 'ਤੇ ਕੇਂਦਰਿਤ ਰਹੇਗਾ ਇਸ ਨਾਲ ਉਨ੍ਹਾਂ ਦੇ ਆਪਣੇ ਦੇਸ਼ ਵਿਚ ਰੁਜ਼ਗਾਰ ਵਧਦਾ ਹੈ ਅਤੇ ਖ਼ੁਸ਼ਹਾਲੀ ਹੁੰਦੀ ਹੈ।

1991 ਦੀਆਂ ਵਪਾਰਕ ਖੁੱਲ੍ਹਾਂ ਤੋਂ ਬਾਅਦ ਜਿੰਨਾ ਵਪਾਰ ਚੀਨ ਨੇ ਵਧਾਇਆ ਹੈ ਉਨਾ ਹੋਰ ਦੇਸ਼ਾਂ ਨੇ ਨਹੀਂ ਵਧਾਇਆ। 2001 ਵਿਚ ਚੀਨ ਦਾ ਭਾਰਤ ਦੇ ਵਪਾਰ ਵਿਚ ਸਿਰਫ਼ 2 ਪ੍ਰਤਿਸ਼ਤ ਹਿੱਸਾ ਸੀ ਅਤੇ ਉਹ ਸਿਰਫ਼ 2320 ਬਿਲੀਅਨ ਡਾਲਰ ਦੀਆਂ ਵਸਤੂਆਂ ਦਾ ਭਾਰਤ ਨਾਲ ਵਪਾਰ ਕਰਦਾ ਸੀ ਜਦ ਕਿ ਉਸ ਸਮੇਂ ਅਮਰੀਕਾ ਦਾ ਭਾਰਤ ਦੇ ਵਪਾਰ ਵਿਚ 14 ਪ੍ਰਤਿਸ਼ਤ ਹਿੱਸਾ ਸੀ ਅਤੇ ਉਹ 12072 ਅਰਬ ਡਾਲਰ ਦਾ ਵਪਾਰ ਭਾਰਤ ਨਾਲ ਕਰਦਾ ਸੀ। ਪਰ 2013-14 ਵਿਚ ਜਿਥੇ ਚੀਨ ਦਾ ਵਪਾਰ ਭਾਰਤ ਨਾਲ ਵਧ ਕੇ 8.68 ਪ੍ਰਤਿਸ਼ਤ ਹੋ ਗਿਆ ਜੋ 27 ਗੁਣਾ ਤੋਂ ਵੀ ਵਧ ਗਿਆ ਪਰ ਅਮਰੀਕਾ ਨਾਲ ਇਹ ਘਟ ਕੇ 8 ਪ੍ਰਤਿਸ਼ਤ ਤੋਂ ਵੀ ਥੱਲੇ ਆ ਗਿਆ। ਵਪਾਰਕ ਖੁੱਲ੍ਹਾਂ ਨਾਲ ਭਾਵੇਂ ਅਮਰੀਕਾ ਦਾ ਵਪਾਰ ਭਾਰਤ ਨਾਲ 4 ਗੁਣਾ ਵਧ ਗਿਆ ਪਰ ਚੀਨ ਨੇ ਇਸ ਦਾ ਵੱਡਾ ਲਾਭ ਲੈ ਕੇ ਇਸ ਨੂੰ ਬਹੁਤ ਜ਼ਿਆਦਾ ਹੱਦ ਤਕ ਵਧਾ ਲਿਆ। ਅਮਰੀਕਾ ਨਾਲ 2013-14 ਵਿਚ ਜਿਥੇ 61351 ਅਰਬ ਡਾਲਰ ਦਾ ਵਪਾਰ ਹੁੰਦਾ ਸੀ ਉਹ ਚੀਨ ਨਾਲ ਵਧ ਕੇ 66080 ਅਰਬ ਡਾਲਰ ਹੋ ਗਿਆ। ਪਰ ਇਥੇ ਇਕ ਹੋਰ ਵੱਡਾ ਫ਼ਰਕ ਸੀ, ਅਮਰੀਕਾ ਭਾਰਤ ਤੋਂ ਜ਼ਿਆਦਾ ਵਸਤੂਆਂ ਅਤੇ ਸੇਵਾਵਾਂ ਮੰਗਵਾਉਂਦਾ ਸੀ ਅਤੇ ਉਸ ਤੋਂ ਕੁਝ ਘੱਟ ਭਾਰਤ ਭੇਜਦਾ ਸੀ ਜਿਸ ਕਰਕੇ ਭਾਰਤ ਦੇ ਵਪਾਰ ਦਾ ਸੰਤੁਲਨ ਅਮਰੀਕਾ ਵਲ ਭਾਰਤ ਦੇ ਹੱਕ ਵਿਚ ਸੀ ਜਦ ਕਿ ਚੀਨ ਭਾਰਤ 'ਚ ਜ਼ਿਆਦਾ ਵਸਤੂਆਂ ਭੇਜਦਾ ਸੀ ਪਰ ਬਹੁਤ ਘੱਟ ਮੰਗਵਾਉਂਦਾ ਸੀ। ਭਾਰਤ ਦਾ ਚੀਨ ਵੱਲ ਵਪਾਰ ਸੰਤੁਲਨ ਭਾਰਤ ਦੇ ਕਾਫ਼ੀ ਉਲਟ ਸੀ ਅਤੇ ਲਗਾਤਾਰ ਹੋਰ ਆਯਾਤ ਵਧਣ ਨਾਲ ਇਹ ਹੋਰ ਉਲਟ ਹੋ ਰਿਹਾ ਹੈ।

ਦੂਸਰੀ ਤਰਫ਼, ਅਮਰੀਕਾ ਦੀਆਂ ਬਹੁ-ਰਾਸ਼ਟਰੀ ਕੰਪਨੀਆਂ ਭਾਰਤ ਵਿਚ ਸਿੱਧੇ ਤੌਰ ਤੇ ਨਿਵੇਸ਼ ਕਰ ਰਹੀਆਂ ਹਨ ਜੋ ਕਿ ਭਾਰਤ ਵਿਚ ਹੋਣ ਵਾਲੇ ਕੁੱਲ ਨਿਵੇਸ਼ ਦਾ 5 ਪ੍ਰਤਿਸ਼ਤ ਹੈ। ਭਾਵੇਂ ਕਿ ਇਸ ਨਿਵੇਸ਼ ਦਾ ਇਕ ਮੰਤਵ ਇਹ ਵੀ ਹੈ ਕਿ ਭਾਰਤ ਵਿਚ ਕੁਝ ਵਸਤੂਆਂ ਤਿਆਰ ਕਰਕੇ ਉਹ ਆਜ਼ਾਦੀ ਨਾਲ ਏਸ਼ੀਆਈ ਦੇਸ਼ਾਂ ਵਿਚ ਆਪਣੇ ਵਪਾਰ ਵਿਚ ਵਾਧਾ ਕਰਨ ਦਾ ਉਦੇਸ਼ ਰਖਦਾ ਹੈ ਪਰ ਦੂਜੇ ਪਾਸੇ ਚੀਨ ਵਲੋਂ ਭਾਰਤ ਵਿਚ ਬਹੁਤ ਘੱਟ ਸਿੱਧਾ ਨਿਵੇਸ਼ ਕੀਤਾ ਹੈ ਅਤੇ ਚੀਨ ਆਪਣੇ ਦੇਸ਼ ਵਿਚ ਵਸਤੂਆਂ ਅਤੇ ਸੇਵਾਵਾਂ ਤਿਆਰ ਕਰਕੇ, ਉਨ੍ਹਾਂ ਉੱਦਮਾਂ ਨੂੰ ਆਪਣੇ ਦੇਸ਼ ਵਿਚ ਹੀ ਵਧਾਉਣ ਦੇ ਜ਼ਿਆਦਾ ਹੱਕ ਵਿਚ ਹੈ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ 1991 ਤੋਂ ਬਾਅਦ ਮਿਲੀਆਂ ਖੁੱਲ੍ਹਾਂ ਕਰਕੇ ਚੀਨ ਨੇ ਆਪਣੇ ਵਪਾਰ ਨੂੰ ਸਿਰਫ਼ ਭਾਰਤ ਵਿਚ ਨਹੀਂ ਸਗੋਂ ਹੋਰ ਦੇਸ਼ਾਂ ਵਿਚ ਵੀ ਬਹੁਤ ਵਧਾਇਆ ਹੈ। ਇਸ ਦੇ ਨਾਲ ਹੀ ਚੀਨ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਬਹੁਤ ਸਾਰਾ ਵਿਦੇਸ਼ੀ ਨਿਵੇਸ਼ ਕਰਵਾਇਆ ਹੈ ਜਦ ਕਿ ਭਾਰਤ ਵਿਚ ਉਨਾ ਵਿਦੇਸ਼ੀ ਨਿਵੇਸ਼ ਨਹੀਂ ਹੋਇਆ। ਫਿਰ ਭਾਰਤ ਵਿਚ ਜਿੰਨਾ ਮੁਢਲੇ ਖੇਤਰਾਂ ਲਈ ਜ਼ਿਆਦਾ

ਨਿਵੇਸ਼ ਦੀ ਲੋੜ ਹੈ ਉਨ੍ਹਾਂ ਲਈ ਵਿਦੇਸ਼ੀ ਨਿਵੇਸ਼ ਨਹੀਂ ਹੋਇਆ ਜਿਸ ਤਰ੍ਹਾਂ ਕੋਲੇ ਦਾ ਖਾਣਾਂ ਵਿਚੋਂ ਕੱਢਣਾ, ਤੇਲ ਲਈ ਖੂਹ ਖੋਦਣੇ ਅਤੇ ਖੋਜ ਕਰਨੀ ਅਤੇ ਲੋਹੇ ਤੇ ਸਟੀਲ ਦੇ ਉਦਯੋਗ।

ਵਿਦੇਸ਼ੀ ਕੰਪਨੀਆਂ ਵਲੋਂ ਵੱਧ ਤੋਂ ਵੱਧ ਲਾਭ ਕਮਾਉਣ ਦੇ ਉਦੇਸ਼ ਨਾਲ ਜ਼ਿਆਦਾਤਰ ਨਿਵੇਸ਼ ਸੇਵਾਵਾਂ ਦੇ ਖੇਤਰ ਵਿਚ ਕੀਤਾ ਗਿਆ ਹੈ। ਸੇਵਾਵਾਂ ਦੇ ਖੇਤਰ ਵਿਚ ਕੁੱਲ ਨਿਵੇਸ਼ ਦਾ 17.96 ਪ੍ਰਤਿਸ਼ਤ ਨਿਵੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਉਸਾਰੀ ਦੇ ਕੰਮ ਲਈ ਜਿਸ ਵਿਚ ਆਸਾਨੀ ਨਾਲ ਹੋਰ ਲਾਭ ਕਮਾਏ ਜਾ ਸਕਦੇ ਹਨ ਅਤੇ ਜੋਖਮ ਘੱਟ ਹੈ। ਉਸ ਵਿਚ 2352 ਕਰੋੜ ਡਾਲਰ ਦਾ ਨਿਵੇਸ਼ ਵਿਦੇਸ਼ੀ ਕੰਪਨੀਆਂ ਵਲੋਂ ਕੀਤਾ ਗਿਆ ਹੈ ਜੋ ਕੁੱਲ ਨਿਵੇਸ਼ ਦਾ 10.56 ਪ੍ਰਤਿਸ਼ਤ ਬਣਦਾ ਹੈ। ਵਿਦੇਸ਼ੀ ਕੰਪਨੀਆਂ ਲਈ ਦੂਰਸੰਚਾਰ ਦੇ ਔਜ਼ਾਰ ਤੇ ਹਿੱਸੇ-ਪੁਰਜ਼ੇ ਬਣਾਉਣੇ ਅਤੇ ਇਸ ਉਦਯੋਗ ਲਈ 1292 ਕਰੋੜ ਡਾਲਰਾਂ ਦਾ ਨਿਵੇਸ਼ ਪਿਛਲੇ 14 ਸਾਲਾਂ ਵਿਚ ਕੀਤਾ ਗਿਆ ਜੋ ਕੁੱਲ ਨਿਵੇਸ਼ ਦਾ 5.80 ਪ੍ਰਤਿਸ਼ਤ ਬਣਦਾ ਹੈ। ਇਸ ਦੇ ਨਾਲ ਹੀ ਕੰਪਿਊਟਰ ਸਾਫਟਵੇਅਰ ਅਤੇ ਹਾਰਡਵੇਅਰ ਲਈ 1277 ਕਰੋੜ ਡਾਲਰਾਂ ਦਾ ਨਿਵੇਸ਼ ਕੀਤਾ ਗਿਆ ਜੋ ਕੁੱਲ ਨਿਵੇਸ਼ ਦਾ 5.51 ਪ੍ਰਤਿਸ਼ਤ ਬਣਦਾ ਹੈ। ਵਿਦੇਸ਼ੀ ਕੰਪਨੀਆਂ ਵਲੋਂ ਹੋਰ ਧੂਹ ਪਾਉਣ ਵਾਲੇ ਨਿਵੇਸ਼ ਦੇ ਪ੍ਰਜੈਕਟ, ਦਵਾਈਆਂ, ਵਾਹਨਾਂ, ਰਸਾਇਣਕ ਪਦਾਰਥਾਂ ਅਤੇ ਖਾਦਾਂ, ਹੋਟਲਾਂ ਅਤੇ ਸੈਰ-ਸਪਾਟਾ ਸੱਨਅਤ, ਬਿਜਲੀ ਦਾ ਸਾਮਾਨ ਆਦਿ ਹਨ।

ਸਰਕਾਰ ਵਲੋਂ ਢਾਂਚਾ ਵਿਕਸਤ ਕਰਨ, ਕੋਲਾ ਅਤੇ ਲੋਹਾ ਕੱਢਣ, ਪੈਟਰੋਲ ਅਤੇ ਤੇਲ ਦੀ ਖੋਜ ਅਤੇ ਬਾਹਰ ਕੱਢਣਾ, ਸਮੁੰਦਰੀ ਆਵਾਜਾਈ, ਬਨਸਪਤੀ ਆਦਿ ਖੇਤਰਾਂ ਨੂੰ ਪਹਿਲ ਦਿਤੀ ਜਾਂਦੀ ਹੈ ਪਰ ਇਨ੍ਹਾਂ ਖੇਤਰਾਂ ਵਿਚ ਵਿਦੇਸ਼ੀ ਨਿਵੇਸ਼ ਹੋਇਆ ਤਾਂ ਹੈ ਪਰ ਬਹੁਤ ਘੱਟ ਹੋਇਆ ਹੈ। ਭਾਰਤ ਦੀ ਆਰਥਿਕਤਾ ਵਿਚ ਬਹੁਤ ਸਾਰੀਆਂ ਕੰਪਨੀਆਂ ਇਸ ਯੋਗ ਤਾਂ ਹਨ ਕਿ ਉਹ ਇਨ੍ਹਾਂ ਖੇਤਰਾਂ ਵਿਚ ਨਿਵੇਸ਼ ਕਰ ਕੇ ਲੰਮੇ ਸਮੇਂ ਵਿਚ ਵੱਡੇ ਲਾਭ ਕਮਾ ਲੈਣ, ਪਰ ਇਕ ਤਾਂ ਬਹੁਤ ਜ਼ਿਆਦਾ ਪੂੰਜੀ ਦੀ ਲੋੜ ਅਤੇ ਦੂਸਰਾ ਬਹੁਤ ਲੰਮੇ ਸਮੇਂ ਤਕ ਖਰਚ ਕਰਦੇ ਰਹਿਣ ਤੋਂ ਬਾਅਦ ਉਥੋਂ ਮੁਨਾਫ਼ਾ ਮਿਲਣ ਦੀ ਉਮੀਦ ਉਨ੍ਹਾਂ ਅੰਦਰੂਨੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਇਨ੍ਹਾਂ ਖੇਤਰਾਂ ਵਿਚ ਨਿਵੇਸ਼ ਕਰਨ ਨੂੰ ਨਿਰਉਤਸਾਹਿਤ ਕਰਦੀ ਹੈ।

ਪਰ ਮੁਢਲੇ ਢਾਂਚੇ ਵਿਚ ਵਿਦੇਸ਼ੀ ਨਿਵੇਸ਼ ਨਾ ਹੋਣ ਕਰਕੇ ਜਾਂ ਅੰਦਰੂਨੀ ਕੰਪਨੀਆਂ ਵਲੋਂ ਨਿਵੇਸ਼ ਨਾ ਹੋਣ ਕਾਰਨ ਦੇ ਪ੍ਰਭਾਵ ਭਾਰਤ ਦੀ ਸਮੁੱਚੀ ਆਰਥਿਕਤਾ 'ਤੇ ਪੈ ਰਹੇ ਹਨ। ਜਿਸ ਤਰ੍ਹਾਂ ਭਾਰਤ ਕੋਲ ਕੋਲੇ ਦੇ ਇੰਨੇ ਭੰਡਾਰ ਹਨ ਕਿ ਭਾਰਤ ਜੇ ਆਪਣੀ ਸਮਰਥਾ ਅਨੁਸਾਰ ਕੋਲੇ ਦਾ ਉਤਪਾਦਨ ਕਰੇ ਤਾਂ ਉਸ ਦੀ ਉਹ ਕੀਮਤੀ ਵਿਦੇਸ਼ੀ ਮੁਦਰਾ ਜੋ ਕੋਲੇ ਦੇ ਆਯਾਤ 'ਤੇ ਖਰਚੀ ਜਾ ਰਹੀ ਹੈ ਉਹ ਬਚ ਸਕਦੀ ਹੈ। ਫਿਰ ਕੋਲੇ ਦੀ ਲਾਗਤ ਦੇ ਵੱਧ ਹੋਣ ਅਤੇ ਦੇਸ਼ ਦੇ ਥਰਮਲ ਪਲਾਟਾਂ ਲਈ ਲੋੜੀਂਦਾ ਕੋਲਾ ਨਾ ਮਿਲਣ ਕਰਕੇ, ਬਿਜਲੀ ਦੇ ਉਤਪਾਦਨ ਵਿਚ ਆਈ ਕਮੀ ਨਾ ਸਿਰਫ਼ ਮਹਿੰਗੀ ਹੀ ਮਿਲਦੀ ਹੈ ਸਗੋਂ ਇਸ ਨਾਲ ਦੇਸ਼ ਦਾ ਉਦਯੋਗਿਕ ਅਤੇ ਖੇਤੀ ਵਿਕਾਸ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਹੋ ਹਾਲ ਪੈਟਰੋਲ, ਡੀਜ਼ਲ ਅਤੇ ਹੋਰ ਤੇਲ ਦੀ ਆਯਾਤ ਦਾ ਹੈ। ਭਾਰਤ ਨੂੰ ਆਪਣੀਆਂ ਤੇਲ ਲੋੜਾਂ ਪੂਰੀਆਂ ਕਰਨ ਲਈ, ਕੁੱਲ ਮੰਗ ਦਾ 70 ਪ੍ਰਤਿਸ਼ਤ ਵਿਦੇਸ਼ਾਂ ਤੋਂ ਆਯਾਤ ਕਰਨਾ ਪੈਂਦਾ ਹੈ ਅਤੇ ਦੁਨੀਆਂ ਵਿਚ ਤੇਲ ਸੰਕਟ ਕਰਕੇ ਹਰ ਸਾਲ ਤੇਲ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ। ਜਿਹੜਾ ਪੈਟਰੋਲ ਅੱਜ ਤੋਂ ਕੁਝ ਸਾਲ ਪਹਿਲਾਂ 50 ਡਾਲਰ ਪ੍ਰਤਿ ਬੈਰਲ ਸੀ ਹੁਣ 115 ਡਾਲਰ ਪ੍ਰਤਿ ਬੈਰਲ ਜਾਂ ਦੁੱਗਣੇ ਤੋਂ ਵੀ ਵੱਧ ਹੋ ਗਿਆ ਹੈ ਜਿਸ ਨਾਲ ਨਾ ਸਿਰਫ਼ ਉਤਪਾਦਨ ਅਤੇ ਆਵਾਜਾਈ ਪ੍ਰਭਾਵਿਤ ਹੁੰਦੀ ਹੈ ਸਗੋਂ ਇਸ ਨਾਲ ਦੇਸ਼ ਨੂੰ ਮਹਿੰਗਾਈ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਦੇਸ਼ ਵਿਚ ਵਿਦੇਸ਼ੀ ਨਿਵੇਸ਼ ਨਾਲ ਇਸ ਖੇਤਰ ਨੂੰ ਵਿਕਸਤ ਕਰ ਕੇ ਆਪਣੀਆਂ ਲੋੜਾਂ ਜੋਗਾ ਤੇਲ ਪੈਦਾ ਕੀਤਾ ਜਾਵੇ ਤਾਂ ਤੇਲ ਦੀਆਂ ਕੀਮਤਾਂ ਅੱਧ ਤੋਂ ਵੀ ਥੱਲੇ ਆ ਜਾਣਗੀਆਂ, ਜਿਸ ਲਈ ਅੱਜਕੱਲ੍ਹ ਕੁੱਲ ਆਯਾਤ 'ਚੋਂ 30 ਪ੍ਰਤਿਸ਼ਤ ਖਰਚ ਸਿਰਫ਼ ਤੇਲ ਦੇ ਆਯਾਤ ਬਿਲ ਨੂੰ ਚੁਕਾਉਣ ਲਈ ਦਿਤਾ ਜਾਂਦਾ ਹੈ।

ਜਿਥੇ ਭਾਰਤ ਵਿਚ ਵਿਦੇਸ਼ੀ ਨਿਵੇਸ਼ ਹੋਇਆ ਹੈ, ਉਥੇ ਭਾਰਤ ਦੀਆਂ ਕਈ ਕੰਪਨੀਆਂ ਨੇ ਵੀ ਵਿਦੇਸ਼ਾਂ 'ਚ ਨਿਵੇਸ਼ ਕੀਤਾ। ਭਾਰਤੀ ਕੰਪਨੀਆਂ ਦਾ ਨਿਵੇਸ਼ ਨਾ ਸਿਰਫ਼ ਵਿਕਾਸ ਕਰ ਰਹੇ ਦੇਸ਼ਾਂ ਵਿਚ ਸਗੋਂ ਬਹੁਤ ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਇੰਗਲੈਂਡ, ਜਰਮਨੀ, ਕੈਨੇਡਾ, ਡੈਨਮਾਰਕ ਆਦਿ ਵਿਚ ਵੀ ਕੀਤਾ ਗਿਆ ਹੈ। ਭਾਵੇਂ ਕਿ ਭਾਰਤ ਵਿਚ ਨਿਵੇਸ਼ ਦੀ ਬਹੁਤ ਵੱਡੀ ਲੋੜ ਬਣੀ ਹੋਈ ਹੈ ਜਿਸ ਵਿਚ ਸਭ ਤੋਂ ਜ਼ਿਆਦਾ ਆਰਥਿਕ ਢਾਂਚੇ ਨੂੰ ਵਿਕਸਤ ਕਰਨ ਲਈ ਨਿਵੇਸ਼ ਦੀ ਲੋੜ ਹੈ ਜੋ ਕਿ ਇਕ ਅੰਦਾਜ਼ੇ ਅਨੁਸਾਰ ਭਾਰਤ ਵਿਚ 2 ਲੱਖ ਕਰੋੜ ਡਾਲਰ ਆਰਥਿਕ ਢਾਂਚੇ ਦੇ ਵਿਕਾਸ ਲਈ ਚਾਹੀਦੇ ਹਨ ਪਰ ਫਿਰ ਵੀ ਕਈ ਭਾਰਤੀ ਕੰਪਨੀਆਂ ਨੇ ਵਿਦੇਸ਼ਾਂ ਦੇ ਢਾਂਚੇ ਅਤੇ ਸਟੀਲ ਸੀਮੈਂਟ ਆਦਿ ਦੇ ਉਦਯੋਗਾਂ ਵਿਚ ਨਿਵੇਸ਼ ਕੀਤਾ ਹੋਇਆ ਹੈ। ਭਾਰਤੀ ਕੰਪਨੀਆਂ ਵਲੋਂ ਵਿਦੇਸ਼ਾਂ ਵਿਚ ਨਿਵੇਸ਼ ਕਰਨ ਦੇ ਹੋਰ ਖੇਤਰ ਹਨ ਦੂਰਸੰਚਾਰ, ਹੋਟਲ, ਦਵਾਈਆਂ, ਕੱਪੜਾ ਆਦਿ ਦੇ ਉਦਯੋਗ 'ਤੇ ਕੀਤਾ ਗਿਆ ਨਿਵੇਸ਼।

ਆਧੁਨਿਕ ਯੁਗ ਵਿਚ ਹੋਰ ਦੇਸ਼ਾਂ ਵਾਂਗ ਭਾਰਤ ਵੀ ਨਿਵੇਸ਼ ਨੂੰ ਵਧਾਉਣ ਲਈ ਵੱਧ ਤੋਂ ਵੱਧ ਕੋਸ਼ਿਸ਼ਾਂ ਕਰ ਰਿਹਾ ਹੈ ਜਿਸ ਵਿਚ ਅੰਦਰੂਨੀ ਨਿਵੇਸ਼ ਜਾਂ ਵਿਦੇਸ਼ੀ ਨਿਵੇਸ਼ ਦੋਵਾਂ ਤਰ੍ਹਾਂ ਦਾ ਨਿਵੇਸ਼ ਆਉਂਦਾ ਹੈ। ਭਾਵੇਂ ਕਿ ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਉਲਟ ਚਲ ਰਿਹਾ ਹੈ ਜੋ ਇਸ ਦੇ ਵਿਕਾਸ ਵਿਚ ਵੀ ਰੁਕਾਵਟ ਹੈ, ਇਸ ਲਈ ਵਿਦੇਸ਼ੀ ਨਿਵੇਸ਼ ਦੀ ਮਹੱਤਤਾ ਹੋਰ ਵਧ ਜਾਂਦੀ ਹੈ। ਭਾਰਤ ਵਲੋਂ ਖ਼ਾਸ ਕਰਕੇ ਉਨ੍ਹਾਂ ਖੇਤਰਾਂ ਵਿਚ ਨਿਵੇਸ਼ ਨੂੰ ਖਿੱਚਣਾ, ਜੋ ਇਸ ਦੀ ਆਰਥਿਕਤਾ ਦੇ ਮੁਢਲੇ ਢਾਂਚੇ ਨਾਲ ਸੰਬੰਧਿਤ ਹਨ ਜਿਸ ਤਰ੍ਹਾਂ, ਕੋਲਾ, ਲੋਹਾ, ਤੇਲ, ਬਿਜਲੀ ਆਦਿ ਲਈ ਵਿਦੇਸ਼ੀ ਕੰਪਨੀਆਂ ਨੂੰ ਖਿੱਚਣ ਲਈ, ਭੂਮੀ ਦੀ ਉਪਲਬਧਤਾ ਕਿਰਤੀਆਂ ਦੇ ਕਾਨੂੰਨਾਂ ਵਿਚ ਉੱਦਮੀਆਂ ਅਨੁਸਾਰ ਤਬਦੀਲੀਆਂ, ਕਰਾਂ 'ਚ ਰਿਆਇਤਾਂ ਤੇ ਅਫ਼ਸਰਸ਼ਾਹੀ ਰੁਕਾਵਟਾਂ ਨੂੰ ਦੂਰ ਕਰਨਾ, ਇਸ ਨਿਵੇਸ਼ ਨੂੰ ਵਧਾਉਣ ਵਾਲਿਆ ਦੀ ਮੰਗ ਹੈ ਜੋ ਇਸ ਦੇ ਵਾਧੇ ਲਈ ਸਹਾਇਕ ਹੋ ਸਕਦੇ ਹਨ। ਭਾਵੇਂ ਕਿ ਕਰਿਆਨੇ ਲਈ 100 ਪ੍ਰਤਿਸ਼ਤ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਵੀ ਦਿਤੀ ਗਈ ਸੀ ਅਤੇ ਭਾਰਤ ਵਿਚ ਇਸ ਦੀ ਵੱਡੀ ਆਲੋਚਨਾ ਵੀ ਹੋਈ ਸੀ ਅਤੇ ਇਸ ਦੇ ਉਹ ਲਾਭ ਨਹੀਂ ਮਿਲ ਸਕਦੇ ਜੋ ਢਾਂਚਾ ਵਿਕਸਤ ਕਰਨ ਵਾਲੇ ਨਿਵੇਸ਼ ਤੋਂ ਮਿਲ ਸਕਦੇ ਹਨ। ਫਿਰ ਵੀ ਇਸ ਨਿਵੇਸ਼ ਦਾ ਨਾ ਹੋਣਾ ਇਸ ਸੰਬੰਧੀ ਸੁਚੇਤ ਕਰਦਾ ਹੈ ਕਿ ਵੱਡੀ ਮਾਤਰਾ ਵਿਚ ਵਿਦੇਸ਼ੀ ਨਿਵੇਸ਼ ਖਿੱਚਣ ਲਈ ਵੱਡੇ ਯਤਨਾਂ ਦੀ ਲੋੜ ਹੈ।

*(ਲੇਖਿਕਾ ਲੈਕਚਰਾਰ, ਕਾਮਰਸ ਵਿਭਾਗ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਹੈ।)*

# "ਭਾਰਤ ਵਿਚ ਨਿਰਮਾਣ ਕਰੋ" - ਮਾਪਦੰਡ ਤੇ ਨੀਤੀਗਤ ਪਹਿਕਦਮੀਆਂ

## ਨਵੀਆਂ ਪਹਿਲਕਦਮੀਆਂ

"ਭਾਰਤ ਵਿਚ ਨਿਰਮਾਣ ਕਰੋ" ਪ੍ਰੋਗਰਾਮ ਤਹਿਤ ਪੂੰਜੀਕਾਰੀ ਨੂੰ ਉਤਸ਼ਾਹਿਤ ਕਰਨ, ਨਵੇਂ ਤਜਰਬਿਆਂ ਲਈ ਪ੍ਰੇਰਿਤ ਕਰਨ, ਬੌਧਿਕ ਸੰਪਦਾ ਦੀ ਰਾਖੀ ਅਤੇ ਨਿਰਮਾਣ ਲਈ ਸਰਵੋਤਮ ਬੁਨਿਆਦੀ ਢਾਂਚਾ ਕਾਇਮ ਕਰਨ ਜਿਹੀਆਂ ਨਵੀਆਂ ਪਹਿਲਕਦਮੀਆਂ ਉਲੀਕੀਆਂ ਗਈਆਂ ਹਨ। ਭਾਰਤ ਨਾਲ ਵਪਾਰ ਕਰਨ ਲਈ ਨਵੇਂ ਅਮਲਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਤਹਿਤ ਉਦਯੋਗਿਕ ਲਾਇਸੰਸ ਅਤੇ ਉਦਯੋਗਿਕ ਉੱਦਮੀ ਇਕਰਾਰਨਾਮਾ ਲਈ ਅਰਜ਼ੀ ਦੇਣ ਨੂੰ ਈ-ਬਿਜ਼ ਪੋਰਟਲ ਰਾਹੀਂ 24×7 ਆਧਾਰ 'ਤੇ ਆਨਲਾਈਨ ਕਰਨਾ ਸੁਲਭ ਕਰ ਦਿਤਾ ਗਿਆ ਹੈ, ਸੇਵਾਵਾਂ ਲਈ ਸਿੰਗਲ ਵਿੰਡੋ ਸੂਚਨਾ ਤਕਨਾਲੋਜੀ ਮੰਚ ਮੁਹੱਈਆ ਕਰਵਾਇਆ ਗਿਆ ਹੈ, ਉਦਯੋਗਿਕ ਲਾਇਸੰਸ ਦੀ ਮਿਆਦ ਵਧਾ ਕੇ 3 ਸਾਲ ਕਰ ਦਿਤੀ ਗਈ ਹੈ। ਬਾਇਲਰਸ ਕਾਨੂੰਨ ਤਹਿਤ ਰਾਜਾਂ ਨੂੰ ਸਵੈ-ਤਸਦੀਕ ਅਤੇ ਤੀਜੀ ਧਿਰ ਤਸਦੀਕ ਆਰੰਭ ਕਰਨ ਨੂੰ ਕਿਹਾ ਗਿਆ ਹੈ, ਉਦਯੋਗਿਕ ਲਾਇਸੈਂਸਿੰਗ ਤੋਂ ਰੱਖਿਆ ਉਤਪਾਦਾਂ ਦੇ ਵੱਡੇ ਹਿੱਸੇ-ਪੁਰਜ਼ਿਆਂ ਦੀ ਸੂਚੀ ਹਟਾ ਦਿਤੀ ਗਈ ਹੈ, ਫੌਜੀ ਅਤੇ ਸਿਵਿਲੀਅਨ ਕੰਮਾਂ ਵਾਲੀਆਂ ਦੋਹਰੀ ਵਰਤੋਂ ਵਾਲੀਆਂ ਵਸਤਾਂ ਤੋਂ ਨੇਮਬੰਦੀ ਹਟਾ ਦਿਤੀ ਗਈ ਹੈ, ਕੇਂਦਰੀ ਸਰਕਾਰ ਦੇ ਸਾਰੇ ਵਿਭਾਗਾਂ ਅਤੇ ਮੰਤਰਾਲਿਆਂ ਨੂੰ 31 ਦਸੰਬਰ 2014 ਤਕ ਈ-ਬਿਜ਼ ਰਾਹੀਂ ਸੰਗਠਿਤ ਕੀਤਾ ਜਾਂਦਾ ਹੈ, ਵਾਤਾਵਰਣ ਮਨਜ਼ੂਰੀ ਦੇ ਅਮਲ ਨੂੰ ਆਨਲਾਈਨ ਕਰ ਦਿਤਾ ਗਿਆ ਹੈ, ਸਾਰੇ ਵਿਭਾਗਾਂ ਅਤੇ ਰਾਜ ਸਰਕਾਰਾਂ ਨੂੰ ਵਾਤਾਵਰਣ ਨੇਮਾਂ ਨੂੰ ਸੌਖਾ ਅਤੇ ਤਰਕਸੰਗਤ ਬਣਾਉਣ ਲਈ ਕਿਹਾ ਗਿਆ ਹੈ, ਸਾਰੀਆਂ ਰਿਟਰਨਾਂ ਇਕ ਸੰਯੁਕਤ ਫਾਰਮ ਰਾਹੀਂ ਆਨਲਾਈਨ ਭਰੀਆਂ ਜਾਣਗੀਆਂ, ਲੋੜੀਂਦੀਆਂ ਪਾਲਣਾਵਾਂ ਦੀ ਸੂਚੀ ਨੂੰ ਮੰਤਰਾਲਿਆਂ/ਵਿਭਾਗਾਂ ਦੀ ਵੈੱਬ-ਪੋਰਟਲ 'ਤੇ ਪਾਇਆ ਜਾਵੇਗਾ, ਵਪਾਰ ਲਈ ਰੱਖੇ ਜਾਣ ਵਾਲੇ ਸਾਰੇ ਦਸਤਾਵੇਜ਼ਾਂ ਆਦਿ ਦੀ ਥਾਂ ਇਕਲੌਤਾ ਇਲੈਕਟ੍ਰਾਨਿਕ ਰਜਿਸਟਰ ਲਾਇਆ ਜਾਵੇਗਾ ਵਿਭਾਗ ਦੇ ਮੁਖੀ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਨਿਰੀਖਣ ਕਾਰਵਾਈਆਂ ਨਹੀਂ ਕੀਤੀਆਂ ਜਾਣਗੀਆਂ ਅਤੇ ਸਾਰੇ ਗ਼ੈਰ-ਜੋਖਿਮ ਵਾਲੇ ਉਦਯੋਗਾਂ ਲਈ ਸਵੈ-ਤਸਦੀਕ ਦੀ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ।

## ਨਵਾਂ ਬੁਨਿਆਦੀ ਢਾਂਚਾ

ਸੰਪਰਕ ਵਾਲੇ ਸ਼ਨਾਖ਼ਤ ਹੋ ਚੁੱਕੇ ਉਦਯੋਗਿਕ ਲਾਂਘਿਆਂ ਵਿਚ ਨਵੇਂ ਆਧੁਨਿਕ ਸ਼ਹਿਰ ਵਸਾਉਣ ਅਤੇ ਉਦਯੋਗਿਕ ਕੇਂਦਰ ਕਾਇਮ ਕਰਨ ਜਿਹੀਆਂ ਨਵੀਆਂ ਬੁਨਿਆਦੀ ਢਾਂਚਾ ਸਕੀਮਾਂ ਦੀ ਸ਼ਨਾਖਤ ਕੀਤੀ ਗਈ ਹੈ। ਭਾਰਤ ਨੂੰ ਨਿਰਮਾਣ ਕਾਰਜਾਂ ਦੀ ਧੁਰੀ ਬਣਾਉਣ ਲਈ ਨੌਜਵਾਨ ਕੇਂਦਰਿਤ ਪ੍ਰੋਗਰਾਮ ਅਤੇ ਵਿਸ਼ੇਸ਼ ਮੁਹਾਰਤ ਵਿਕਸਤ ਕਰਨ ਲਈ ਵੱਖਰੀਆਂ ਸੰਸਥਾਵਾਂ ਕਾਇਮ ਕਰਨ ਦੀ ਯੋਜਨਾਬੰਦੀ ਕੀਤੀ ਜਾ ਰਹੀ ਹੈ। ਸਾਰੇ ਉਦਯੋਗਿਕ ਲਾਂਘਿਆਂ ਲਈ ਤਾਲਮੇਲ ਬਣਾਉਣ, ਸੰਗਠਿਤ ਕਰਨ, ਨਿਰੀਖਣ ਤੇ ਵਿਕਸਤ ਕਰਨ ਦੇ ਉਦੇਸ਼ਾਂ ਨਾਲ ਇਕ ਨਵੀਂ ਰਾਸ਼ਟਰੀ ਉਦਯੋਗਿਕ ਕਾਰੀਡੋਰ ਵਿਕਾਸ ਅਥਾਰਿਟੀ ਕਾਇਮ ਕੀਤੀ ਗਈ ਹੈ। ਦਿੱਲੀ-ਮੁੰਬਈ ਉਦਯੋਗਿਕ ਕਾਰੀਡੋਰ ਤਹਿਤ ਧੋਲੇਰਾ, ਸ਼ੇਂਦਰਾ-ਬਿਦਕਿਨ, ਗ੍ਰੇਟਰ ਨੋਇਡਾ, ਉੱਜੈਨ ਅਤੇ ਗੁੜਗਾਉਂ ਵਿਖੇ ਅੱਜ ਆਧੁਨਿਕ ਨਗਰਾਂ ਉਪਰ ਕੰਮ ਜਾਰੀ ਹੈ। ਪੋਨੇਰੀ, ਕ੍ਰਿਸ਼ਨਾਪਟਨਮ, ਤੁਮਕਰ (ਕਰਨਾਟਕ), ਵਿਚ ਚੇਨੱਈ ਬੈਂਗਲੁਰੂ, ਉਦਯੋਗਿਕ ਕੋਰੀਡੋਰ ਤਹਿਤ ਤਿੰਨ ਨਵੇਂ ਉਦਯੋਗਿਕ ਕੇਂਦਰਾਂ ਲਈ ਕੰਮ ਵੀ ਜਾਰੀ ਹੈ। ਜਾਪਾਨ ਸਰਕਾਰ ਦੇ ਸਹਿਯੋਗ ਨਾਲ ਉੱਤਰ-ਪੂਰਬੀ ਰਾਜਾਂ ਨੂੰ ਦੇਸ਼ ਦੇ ਦੂਸਰੇ ਉਦਯੋਗਿਕ ਕਾਰੀਡੋਰਾਂ ਨਾਲ ਜੋੜਨ ਦੀ ਵੀ ਯੋਜਨਾ ਹੈ। ਨਿਰਮਾਣ ਖੇਤਰ ਵਿਚ ਆਧੁਨਿਕ ਵਰਤਾਰਿਆਂ ਨੂੰ ਉਤਸਾਹਿਤ ਕਰਨ ਲਈ ਉਦਯੋਗਿਕ ਕੇਂਦਰ ਕਾਇਮ ਕੀਤੇ ਜਾ ਰਹੇ ਹਨ। ਸੋਧੀ ਹੋਈ ਉਦਯੋਗਿਕ ਬੁਨਿਆਦੀ ਢਾਂਚਾ ਸੁਧਾਰ ਸਕੀਮ ਤਹਿਤ 21 ਉਦਯੋਗਿਕ ਸਕੀਮਾਂ ਨੂੰ ਪ੍ਰਵਾਨਗੀ ਦਿਤੀ ਗਈ ਹੈ ਜਿਸ ਵਿਚ ਪਾਣੀ ਦੀ ਮੁੜ-ਵਰਤੋਂ ਅਤੇ ਕੇਂਦਰੀ ਰਹਿੰਦ-ਖੂੰਹਦ ਸੋਧ ਪਲਾਂਟਾਂ ਦੀ ਵਰਤੋਂ ਉਪਰ ਜ਼ੋਰ ਦਿਤਾ ਗਿਆ ਹੈ। 17 ਰਾਸ਼ਟਰੀ ਨਿਵੇਸ਼ ਅਤੇ ਨਿਰਮਾਣ ਹਲਕਿਆਂ ਨੂੰ ਵੀ ਪ੍ਰਵਾਨਗੀ ਦਿਤੀ ਗਈ ਹੈ। ਸੂਚਨਾ ਤਕਨਾਲੋਜੀ ਸਹੂਲਤਾਂ ਦੇ ਮਿਆਰ ਨੂੰ ਅੱਗੋਂ ਹੋਰ ਉੱਚਾ ਚੁੱਕ ਕੇ ਅਤੇ ਵਿਸ਼ਵੀ ਮਿਆਰਾਂ ਅਤੇ ਆਨਲਾਈਨ ਅਰਜ਼ੀ ਅਮਲ ਦੀ ਪਾਲਣਾ ਕਰਕੇ ਬੌਧਿਕ ਸੰਪਦਾ ਨਿਜ਼ਾਮ ਨੂੰ ਮਜ਼ਬੂਤ ਕੀਤਾ ਜਾਵੇਗਾ। ਰਾਸ਼ਟਰੀ ਅਹਿਮੀਅਤ ਵਾਲੇ ਅਦਾਰੇ ਵਜੋਂ ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਈਨ ਅਹਿਮਦਾਬਾਦ ਦੀ ਪ੍ਰਵਾਨਗੀ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਜਿਸ ਤਹਿਤ ਇਹ ਅਦਾਰਾ ਸਰਵੋਚ ਅਦਾਰੇ ਵਜੋਂ ਡਿਜ਼ਾਇਨਿੰਗ ਬਾਰੇ ਸਿੱਖਿਆ ਤੇ ਖੇਤਰ ਵਿਚ ਡਿਗਰੀਆਂ ਪ੍ਰਦਾਨ ਕਰਨ ਅਤੇ ਖੋਜ ਨੂੰ ਉਤਸਾਹਿਤ ਕਰਨ ਵਰਗੇ ਕੰਮ ਕਰ ਸਕੇਗਾ। ਚਾਰ ਹੋਰ ਅਜਿਹੇ ਰਾਸ਼ਟਰੀ ਅਦਾਰਿਆਂ ਨੂੰ ਵੀ ਵਿਕਸਤ ਕੀਤਾ ਜਾ ਰਿਹਾ ਹੈ। ਭਾਰਤੀ ਚਮੜਾ ਵਿਕਾਸ ਪ੍ਰੋਗਰਾਮ ਰਾਹੀਂ ਮੁਹਾਰਤ ਵਿਕਾਸ ਵੱਲ ਖ਼ਾਸ ਧਿਆਨ ਦਿਤਾ ਜਾਵੇਗਾ। ਹੈਦਰਾਬਾਦ, ਪਟਨਾ, ਬਨੂੜ (ਪੰਜਾਬ) ਅਤੇ ਅੰਕਲੇਸ਼ਵਰ (ਗੁਜਰਾਤ) ਵਿਖੇ ਜੁੱਤਿਆਂ ਦੇ ਡਿਜ਼ਾਈਨ ਅਤੇ ਵਿਕਾਸ ਬਾਰੇ ਚਾਰ ਨਵੀਆਂ ਸ਼ਾਖਾਵਾਂ ਖੋਲ੍ਹੀਆਂ ਜਾਣਗੀਆਂ।

## ਨਵੇਂ ਖੇਤਰ

ਨਿਵੇਸ਼ ਸੀਮਾ ਅਤੇ ਨੇਮਬੰਦੀ ਨਰਮ ਕੀਤੇ ਜਾਣ ਨਾਲ ਭਾਰਤ ਦੇ ਉੱਚ ਮੁੱਲ ਵਾਲੇ ਉਦਯੋਗਿਕ ਖੇਤਰਾਂ ਦੀ ਰੱਖਿਆ, ਉਸਾਰੀ ਅਤੇ ਰੇਲਵੇ ਹੁਣ ਵਿਸ਼ਵ ਭਾਈਵਾਲੀ ਲਈ ਖੁੱਲ੍ਹੇ ਹਨ। ਰੱਖਿਆ ਖੇਤਰ ਵਿਚਲੀ ਨੀਤੀ ਦਾ ਉਦਾਰੀਕਰਨ ਕਰਦਿਆਂ ਵਿਦੇਸ਼ੀ ਸਿੱਧੀ ਪੂੰਜੀਕਾਰੀ ਦੀ ਹੱਦ 26 ਪ੍ਰਤਿਸ਼ਤ

ਤੋਂ ਵਧਾ ਕੇ 49 ਪ੍ਰਤਿਸ਼ਤ ਕਰ ਦਿਤੀ ਗਈ ਹੈ ਅਤੇ ਸਵੈ-ਚਾਲਿਤ ਅਮਲ ਰਾਹੀਂ ਹੁਣ ਰੱਖਿਆ ਖੇਤਰ ਵਿਚ 24 ਪ੍ਰਤਿਸ਼ਤ ਪੋਰਟਫੋਲੀਓ ਨਿਵੇਸ਼ ਦੀ ਇਜਾਜ਼ਤ ਹੈ। ਵੱਖ-ਵੱਖ ਮਾਮਲੇ ਦੀ ਪੜਚੋਲ ਦੇ ਆਧਾਰ 'ਤੇ ਰੱਖਿਆ ਖੇਤਰ ਵਿਚ ਆਧੁਨਿਕ ਅਤੇ ਅਤਿ-ਆਧੁਨਿਕ ਤਕਨਾਲੋਜੀ ਲਈ 100 ਪ੍ਰਤਿਸ਼ਤ ਸਿੱਧੀ ਵਿਦੇਸ਼ੀ ਪੂੰਜੀਕਾਰੀ ਦੀ ਆਗਿਆ ਦਿਤੀ ਗਈ ਹੈ। ਸਵੈ-ਚਾਲਿਤ ਅਮਲ ਰਾਹੀਂ ਰੇਲ ਦੀਆਂ ਵਿਸ਼ੇਸ਼ ਬੁਨਿਆਦੀ ਢਾਂਚੇ ਬਾਰੇ ਸਕੀਮਾਂ ਜਿਵੇਂ ਕਿ ਉਪ-ਨਗਰ ਲਾਂਘਾ ਸਕੀਮਾਂ ਤਹਿਤ 100 ਪ੍ਰਤਿਸ਼ਤ ਸਿੱਧੀ ਵਿਦੇਸ਼ੀ ਪੂੰਜੀਕਾਰੀ ਨੂੰ ਮਨਜ਼ੂਰੀ ਦਿਤੀ ਗਈ ਹੈ ਜਿਸ ਵਿਚ ਨਿੱਜੀ ਸਰਕਾਰੀ ਭਾਈਵਾਲੀ ਵਾਲੀਆਂ ਉੱਚ-ਰਫ਼ਤਾਰੀ ਰੇਲ ਬਾਰੇ ਸਕੀਮਾਂ, ਵੱਖਰੀਆਂ ਢੋ-ਢੁਆਈ ਪਟੜੀਆਂ, ਰੇਲ ਇੰਜਨਾਂ ਅਤੇ ਡੱਬਿਆਂ ਆਦਿ ਦਾ ਨਿਰਮਾਣ ਅਤੇ ਸਾਂਭ-ਸੰਭਾਲ ਕੇਂਦਰ, ਰੇਲਵੇ ਬਿਜਲੀਕਰਨ, ਸਿਗਨਲ ਪ੍ਰਣਾਲੀ, ਢੋ-ਢੁਆਈ ਕੇਂਦਰ, ਮੁਸਾਫ਼ਿਰ ਕੇਂਦਰ ਅਤੇ ਮੁੱਖ ਰੇਲਵੇ ਲਾਈਨ ਅਤੇ ਮਾਸ ਰੇਪਿਡ ਟ੍ਰਾਂਸਪੋਰਟ ਸਿਸਟਮ ਨਾਲ ਸੰਪਰਕਸ਼ੁਦਾ ਅਤੇ ਬਿਜਲੀਕ੍ਰਿਤ ਰੇਲਵੇ ਲਾਈਨਾਂ ਸਮੇਤ ਰੇਲਵੇ ਲਾਈਨਾਂ ਤੇ ਉਨ੍ਹਾਂ ਦੇ ਆਸਪਾਸ ਉਦਯੋਗਿਕ ਕੇਂਦਰਾਂ ਵਿਚ ਬੁਨਿਆਦੀ ਢਾਂਚਾ ਵਿਕਸਤ ਕਰਨਾ ਸ਼ਾਮਿਲ ਹੈ। ਉਸਾਰੀ ਵਿਕਾਸ ਖੇਤਰ ਵਿਚ ਸਿੱਧੀ ਵਿਦੇਸ਼ੀ ਪੂੰਜੀਕਾਰੀ ਲਈ ਨੇਮਾਂ ਨੂੰ ਵੀ ਸੌਖਾ ਕੀਤਾ ਜਾਵੇਗਾ।

ਸਭ ਤੋਂ ਮਹੱਤਵਪੂਰਨ ਨੁਕਤੇ ਵਜੋਂ ਭਾਰਤ ਵਿਚ ਨਿਰਮਾਣ ਪ੍ਰੋਗਰਾਮ ਤਹਿਤ ਦੇਸ਼ ਨੂੰ ਇਹ ਦਿਖਾਉਣਾ ਹੈ ਕਿ ਇਹ ਮਹਿਜ਼ ਪਰਮਿਟ ਜਾਰੀ ਕਰਨ ਵਾਲੀ ਅਥਾਰਿਟੀ ਦੀ ਥਾਂ ਸੱਚੇ ਵਪਾਰਕ ਭਾਈਵਾਲ ਵਜੋਂ ਨਿਵੇਸ਼ ਦੇ ਮੁੱਦੇ ਨਾਲ ਜੁੜਦਿਆਂ ਕਿਵੇਂ ਧਾਰਨਾਗਤ ਤਬਦੀਲੀ ਨੂੰ ਮਹਿਸੂਸ ਕਰਾਉਂਦਾ ਹੈ। ਇਸ ਉਦੇਸ਼ ਲਈ ਪਹੁੰਚ ਕਰਨ ਦੇ ਸਮੇਂ ਤੋਂ ਹੀ ਪਹਿਲੀ ਵਾਰ ਨਿਵੇਸ਼ ਕਰ ਰਹੇ ਉੱਦਮੀਆਂ ਦੀ ਸਹਾਇਤਾ ਅਤੇ ਰਹਿਨੁਮਾਈ ਲਈ ਵਿਸ਼ੇਸ਼ ਟੀਮਾਂ ਸਰਗਰਮ ਰਹਿਣਗੀਆਂ ਅਤੇ ਸਾਰੇ ਖੇਤਰਾਂ ਵਿਚ ਕੰਪਨੀਆਂ ਉਪਰ ਧਿਆਨ ਕੇਂਦਰਿਤ ਕੀਤਾ ਜਾਵੇਗਾ।

## ਨਿਰਮਾਣ ਨੀਤੀ

ਦੇਸ਼ ਦੇ ਲੰਮੇ ਸਮੇਂ ਦੇ ਵਿਕਾਸ ਲਈ ਭਾਰਤੀ ਨਿਰਮਾਣ ਖੇਤਰ ਦੀ ਵਿਸ਼ਵੀ ਮੁਕਾਬਲੇ-ਬਾਜ਼ੀ ਦੇ ਪੱਧਰ ਨੂੰ ਉੱਚਾ ਚੁੱਕਣ ਦੀ ਬਹੁਤ ਵੱਡੀ ਲੋੜ ਹੈ। ਰਾਸ਼ਟਰੀ ਨੀਤੀ ਹੁਣ ਤਕ ਸਰਕਾਰ ਵਲੋਂ ਉਲੀਕੀ ਗਈ ਸਭ ਤੋਂ ਵੱਧ ਵਿਆਪਕ ਅਤੇ ਅਹਿਮ ਨੀਤੀ ਹੈ। ਨਿਰਮਾਣ ਖੇਤਰ ਵਿਚ ਆਪਣੇ ਭਾਂਤ ਦੀ ਪਹਿਲੀ ਨੀਤੀ ਹੈ ਜਿਸ ਵਿਚ ਨੇਮਬੰਦੀ, ਬੁਨਿਆਦੀ ਢਾਂਚੇ, ਮੁਹਾਰਤ ਵਿਕਾਸ, ਤਕਨਾਲੋਜੀ, ਆਰਥਿਕ ਸਾਧਨਾਂ ਦੀ ਉਪਲਬਧਤਾ, ਸਕੀਮ ਵਿਚੋਂ ਨਿਕਲ ਸਕਣ ਦੀ ਸਹੂਲਤ ਅਤੇ ਇਸ ਖੇਤਰ ਦੇ ਵਿਕਾਸ ਨਾਲ ਜੁੜੇ ਹੋਰ ਢੁਕਵੇਂ ਮੁੱਦਿਆਂ ਨੂੰ ਕੇਂਦਰ ਵਿਚ ਰਖਿਆ ਗਿਆ ਹੈ। ਨੀਤੀ ਵਿਚ ਦਰਮਿਆਨੀ ਮਿਆਦ ਦੌਰਾਨ ਨਿਰਮਾਣ ਖੇਤਰ ਵਿਕਾਸ ਦਰ 12 ਤੋਂ 14 ਪ੍ਰਤਿਸ਼ਤ ਸਾਲਾਨਾ ਤਕ ਲੈ ਜਾਣ, ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ ਨਿਰਮਾਣ ਖੇਤਰ ਦੀ ਹਿੱਸੇਦਾਰੀ ਸੰਨ 2022 ਤਕ 16 ਤੋਂ 25 ਪ੍ਰਤਿਸ਼ਤ ਤਕ ਲੈ ਜਾਣ ਅਤੇ 2022 ਤਕ ਹੀ 100 ਮਿਲੀਅਨ ਵਾਧੂ ਨੌਕਰੀਆਂ ਪੈਦਾ ਕਰਨ ਦਾ ਟੀਚਾ ਰਖਿਆ ਗਿਆ ਹੈ। ਇਸ ਤਹਿਤ ਸੰਯੁਕਤ ਵਿਕਾਸ ਲਈ ਪੇਂਡੂ ਪਰਵਾਸੀਆਂ ਅਤੇ ਸ਼ਹਿਰੀ ਗਰੀਬਾਂ ਲਈ ਢੁਕਵੀਆਂ ਮੁਹਾਰਤਾਂ ਸਰਗਰਮ ਕਰਨ, ਘਰੇਲੂ ਉਦਯੋਗਿਕ ਵਾਧਾ ਕਰਨ ਅਤੇ ਨਿਰਮਾਣ 'ਚ ਤਕਨਾਲੋਜੀਕਲ ਡੂੰਘਾਈ ਲਿਆਉਣਾ, ਭਾਰਤੀ ਨਿਰਮਾਣ ਖੇਤਰ 'ਚ ਵਿਸ਼ਵੀ ਮੁਕਾਬਲੇਬਾਜ਼ੀ ਦਾ ਪੱਧਰ ਚੁੱਕਣਾ, ਵਾਤਾਵਰਨ ਪ੍ਰਸੰਗ ਵਿਚ ਵਿਕਾਸ ਯਕੀਨੀ ਬਣਾਉਣਾ ਸ਼ਾਮਿਲ ਹੈ।

ਨਿਰਮਾਣ ਨੀਤੀ ਤਹਿਤ ਮੁੱਖ ਕੇਂਦਰਿਤ ਖੇਤਰ ਇਹ ਹਨ :

- ਰਾਸ਼ਟਰਮੁਖੀ ਉਦਯੋਗ ਜਿਵੇਂ ਕਿ ਕੱਪੜਾ, ਕੱਪੜਾ ਨਿਰਮਾਣ, ਚਮੜਾ ਅਤੇ ਜੁੱਤਾ ਨਿਰਮਾਣ, ਨਗ ਅਤੇ ਗਹਿਣੇ ਅਤੇ ਖੁਰਾਕ ਡੱਬੇਬੰਦ ਕਰਨ ਬਾਰੇ ਉਦਯੋਗ।

- ਪੂੰਜੀਗਤ ਵਸਤਾਂ ਉਦਯੋਗ ਜਿਵੇਂ ਮਸ਼ੀਨ, ਔਜ਼ਾਰ, ਭਾਰੀ ਬਿਜਲਈ ਸਾਜ਼-ਸਾਮਾਨ, ਭਾਰੀ ਟ੍ਰਾਂਸਪੋਰਟ, ਮਿੱਟੀ ਹਟਾਉਣਾ ਅਤੇ ਖਾਣਾਂ ਦੀ ਖੁਦਾਈ ਬਾਰੇ ਸਾਜ਼-ਸਾਮਾਨ

- ਰਣਨੀਤਕ ਪੱਖੋਂ ਮਹੱਤਵਪੂਰਨ ਉਦਯੋਗ ਜਿਵੇਂ – ਪੁਲਾੜ, ਜਹਾਜ਼ਰਾਨੀ, ਸੂਚਨਾ ਤਕਨਾਲੋਜੀ, ਹਾਰਡਵੇਅਰ ਅਤੇ ਇਲੈਕਟ੍ਰਾਨਿਕ ਦੂਰਸੰਚਾਰ ਸਾਜ਼ ਸਾਮਾਨ, ਰੱਖਿਆ ਸਾਜ਼-ਸਾਮਾਨ ਅਤੇ ਸੂਰਜੀ ਊਰਜਾ।

- ਆਟੋਮੋਬਾਈਲ, ਦਵਾਈ ਨਿਰਮਾਣ ਅਤੇ ਡਾਕਟਰੀ ਸਾਜ਼-ਸਾਮਾਨ ਉਦਯੋਗ ਜਿਥੇ ਭਾਰਤ ਅੱਗੇ ਹੈ ਛੋਟੀਆਂ, ਦਰਮਿਆਨੀਆਂ ਸਕੀਮਾਂ ਅਤੇ ਸਰਕਾਰੀ ਖੇਤਰ ਦੀਆਂ ਉਦਯੋਗਿਕ ਇਕਾਈਆਂ।

ਘੱਟੋ-ਘੱਟ ਪੰਜ ਹਜ਼ਾਰ ਹੈਕਟੇਅਰ (50 ਵਰਗ ਕਿਲੋਮੀਟਰ) ਰਕਬੇ ਅਤੇ ਕੁੱਲ ਉਤਪਾਦਨ ਦਾ ਘੱਟੋ-ਘੱਟ 30 ਪ੍ਰਤਿਸ਼ਤ ਹਿੱਸਾ ਵੰਡਾਉਣ ਵਾਲੇ ਰਾਸ਼ਟਰੀ ਨਿਵੇਸ਼ ਅਤੇ ਨਿਰਮਾਣ ਹਲਕਿਆਂ ਨੂੰ ਵਿਸ਼ਾਲ ਉਦਯੋਗਿਕ ਨਗਰਾਂ ਵਜੋਂ ਉਲੀਕਿਆ ਗਿਆ ਹੈ ਜੋ ਕਿ ਵਿਸ਼ਵ ਪੱਧਰੀ ਨਿਰਮਾਣ ਸਰਗਰਮੀਆਂ ਨੂੰ ਹੁਲਾਰਾ ਦੇਣਗੇ। ਕੇਂਦਰੀ ਸਰਕਾਰ ਮੁੱਖ ਯੋਜਨਾਕਾਰੀ ਦੀ ਲਾਗਤ ਬਰਦਾਸ਼ਤ ਕਰੇਗੀ, ਰੇਲ, ਸੜਕ, ਬੰਦਰਗਾਹ, ਹਵਾਈ ਅੱਡਿਆਂ ਅਤੇ ਦੂਰ-ਸੰਚਾਰ ਸਮੇਤ ਬਾਹਰੀ ਠੋਸ ਬੁਨਿਆਦੀ ਢਾਂਚਾ ਉਪਲਬਧ ਕਰਾਏਗੀ ਜਾਂ ਇਸ ਵਿਚ ਸੁਧਾਰ ਕਰੇਗੀ। ਉਤਪਾਦਕਤਾ, ਮੁਹਾਰਤ ਵਿਕਾਸ ਅਤੇ ਘਰੇਲੂ ਅਤੇ ਵਿਸ਼ਵੀ ਪੂੰਜੀਕਾਰੀ ਨੂੰ ਉਤਸਾਹਿਤ ਕਰਨ ਲਈ ਸੰਸਥਾਗਤ ਬੁਨਿਆਦੀ ਢਾਂਚਾ ਉਪਲਬਧ ਕਰਾਏਗੀ। ਜ਼ਮੀਨ ਦੀ ਸ਼ਨਾਖਤ ਰਾਜ ਸਰਕਾਰਾਂ ਵਲੋਂ ਕੀਤੀ ਜਾਵੇਗੀ ਅਤੇ ਉਹ ਪਾਣੀ ਸੰਬੰਧੀ ਲੋੜਾਂ, ਬਿਜਲਈ ਸੰਪਰਕ, ਠੋਸ ਬੁਨਿਆਦੀ ਢਾਂਚਾ ਉਪਯੋਗਿਕਤਾ ਸੰਪਰਕ ਵਾਤਾਵਰਨ ਉਪਰ ਅਸਰ ਬਾਰੇ ਅਧਿਐਨ ਲਈ ਜ਼ਿੰਮੇਦਾਰ ਹੋਣਗੀਆਂ ਅਤੇ ਨਾਲ ਦੀ ਨਾਲ ਖਰੀਦੀ ਗਈ ਜ਼ਮੀਨ ਦੇ ਮਾਲਕਾਂ ਦੇ ਮੁੜ ਵਸੇਬੇ ਅਤੇ ਮੁੜ ਵਸੋਂ ਲਈ ਆਰਥਿਕ ਪੈਕੇਜ ਦੇਣਗੀਆਂ।

ਨੇਮਬੰਦੀ ਪ੍ਰਣਾਲੀ ਨੂੰ ਜਿਥੋਂ ਤਕ ਹੋ ਸਕੇ ਸੌਖਾ ਬਣਾਇਆ ਜਾਵੇਗਾ। ਸਭ ਪ੍ਰਣਾਲੀਆਂ ਲਈ ਸਮਾਂ-ਸੀਮਾ ਨਿਸ਼ਚਿਤ ਕੀਤਾ ਜਾਵੇਗਾ। ਕੇਂਦਰ ਅਤੇ ਰਾਜ ਸਰਕਾਰਾਂ ਕੁਝ ਸ਼ਰਤਾਂ ਪੂਰੀਆਂ ਕਰਨ 'ਤੇ ਕਿਰਤ ਅਤੇ ਵਾਤਾਵਰਨ ਆਦਿ ਨਾਲ ਸੰਬੰਧਿਤ ਨੇਮਾਂ ਵਿਚ ਛੋਟ ਦੇਣਗੀਆਂ। ਸੁਤੰਤਰ ਅਥਾਰਿਟੀਆਂ ਦੇ ਸਮੁੱਚੇ ਨਿਯੰਤ੍ਰਣ ਹੇਠ ਸਰਕਾਰੀ ਜਾਂ ਨਿੱਜੀ ਸੰਸਥਾਵਾਂ ਦੇ ਸਰਕਾਰੀ ਨਿਰੀਖਣ ਸੇਵਾਵਾਂ ਨਾਲ ਤਾਲਮੇਲ ਵਿਕਸਤ ਕਰਨ ਲਈ ਇਕ ਸਿਲਸਿਲਾ ਉਲੀਕਿਆ ਜਾਵੇਗਾ। ਕੇਂਦਰ ਅਤੇ ਰਾਜ ਅਥਾਰਿਟੀਆਂ ਵਲੋਂ ਪ੍ਰਵਾਨਗੀ ਅਮਲ ਨੂੰ ਵੈੱਬ-ਆਧਾਰੀ ਕਰ ਦਿਤਾ ਜਾਵੇਗਾ। ਇਕ ਸੰਯੁਕਤ ਅਰਜ਼ੀ ਪ੍ਰਫਾਰਮਾ ਅਤੇ ਇਕ ਸਾਂਝਾ ਰਜਿਸਟਰ ਵਿਕਸਤ ਕੀਤਾ ਜਾਵੇਗਾ। ਵੱਖ-ਵੱਖ ਵਿਭਾਗਾਂ ਨੂੰ ਕਈ 'ਰਿਟਰਨਾਂ' ਭਰਨ ਦੀ ਥਾਂ ਇਕ ਸਾਧਾਰਨ ਮਹੀਨਾਵਾਰ/ਤਿਮਾਹੀ ਰਿਟਰਨ ਭਰੀ ਜਾ ਸਕੇਗੀ। ਵਾਤਾਵਰਨ ਪ੍ਰਵਾਨਗੀਆਂ

ਆਸਾਨ ਕਰਨ ਦੇ ਨਾਲ-ਨਾਲ ਐੱਨ ਆਈ ਐੱਮ ਜ਼ੈੱਡ ਵਿਚਲੀਆਂ ਇਕਾਈਆਂ ਲਈ ਇਕੋ ਖਿੜਕੀ ਰਾਹੀ ਸਭ ਪ੍ਰਵਾਨਗੀਆਂ ਮਿਲਣਾ ਯਕੀਨੀ ਬਣਾਇਆ ਜਾਵੇਗਾ।

ਨੀਤੀ ਦਾ ਉਦੇਸ਼ ਸਰਕਾਰ ਦੀਆਂ ਮੌਜੂਦਾ ਲਾਭ ਸਕੀਮਾਂ ਨੂੰ ਉਤਸਾਹਿਤ ਕਰਨਾ ਹੈ। ਢੁਕਵੀਆਂ ਤਕਨਾਲੋਜੀਆਂ ਹਾਸਲ ਕਰਨ, 'ਪੇਟੈਂਟ ਪੂਲ' ਕਾਇਮ ਕਰਨ ਅਤੇ ਪ੍ਰਦੂਸ਼ਨ ਨਿਯੰਤ੍ਰਣ, ਅਤੇ ਊਰਜਾ ਦੀ ਖਪਤ ਵਿਚ ਕਟੌਤੀ ਲਈ ਵਰਤੋਂ ਵਾਸਤੇ ਨਿਰਮਾਣ ਮਸ਼ੀਨਰੀ ਵਿਕਸਤ ਕਰਨ ਲਈ ਇਕ ਤਕਨਾਲੋਜੀ ਪ੍ਰਾਪਤੀ ਅਤੇ ਵਿਕਾਸ ਢੰਗ ਕਾਇਮ ਕਰਨ ਦੀ ਤਜਵੀਜ਼ ਹੈ ਜੋ ਕਿ ਸੁਤੰਤਰ ਪੇਟੈਂਟ ਪੂਲ ਅਤੇ ਲਾਇਸੰਸਿੰਗ ਏਜੰਸੀ ਵਜੋਂ ਵੀ ਕੰਮ ਕਰੇਗਾ। ਇਹ ਪੇਟੈਂਟ ਹੋਲਡਰਾਂ ਤੋਂ ਬੌਧਿਕ ਸੰਪਦਾ ਹੱਕ ਖਰੀਦੇਗਾ। ਕਿਸੇ ਉਤਪਾਦ ਨੂੰ ਪੈਦਾ ਕਰਨ ਤੇ ਵਿਕਸਤ ਕਰਨ ਲਈ ਬੌਧਿਕ ਸੰਪਦਾ ਦੀ ਵਰਤੋਂ ਕਰਨ ਵਾਲੀ ਕੰਪਨੀ ਇਕ ਤੈਸ਼ੁਦਾ ਰਕਮ ਦਾ ਭੁਗਤਾਨ ਕਰਕੇ ਲਾਇਸੰਸ ਲੈ ਸਕਦੀ ਹੈ।

ਨਿਰਮਾਣ ਇਕਾਈਆਂ ਨੂੰ ਦਿਤੇ ਜਾਣ ਵਾਲੇ ਲਾਭ ਹੇਠ ਲਿਖੇ ਹਨ :

● *ਅਸਾਸਿਆਂ ਦਾ ਤਬਾਦਲਾ :* ਕਿਸੇ ਇਕਾਈ ਦੇ ਬੀਮਾਰ ਐਲਾਨੇ ਜਾਣ 'ਤੇ ਐੱਨ ਆਈ ਐੱਮ ਜ਼ੈੱਡ ਦੇ ਮਾਮਲਿਆਂ ਨੂੰ ਸੰਭਾਲ ਰਹੀ ਕੰਪਨੀ ਅਸਾਸੇ ਦਾ ਤਬਾਦਲਾ ਕਰੇਗੀ। ਤਿੰਨ ਸਾਲ ਦੇ ਅੰਦਰ-ਅੰਦਰ ਉਸੇ ਜਾਂ ਕਿਸੇ ਹੋਰ ਐੱਸ ਆਈ ਐੱਮ ਜ਼ੈੱਡ ਵਿਚ ਨਵਾਂ ਪਲਾਂਟ ਜਾਂ ਮਸ਼ੀਨਰੀ ਖਰੀਦਣ ਲਈ ਪੇਸ਼ਕਸ਼ ਕਰਨ 'ਤੇ ਪਲਾਂਟ ਅਤੇ ਮਸ਼ੀਨਰੀ ਦੀ ਵਿਕਰੀ ਉਪਰ ਪੂੰਜੀ ਲਾਭ ਟੈਕਸ 'ਤੇ ਰਾਹਤ ਦਿਤੀ ਜਾਵੇਗੀ।

● *ਹਰੀ ਤਕਨਾਲੋਜੀ ਅਤੇ ਅਮਲ :* ਪ੍ਰਦੂਸ਼ਨ ਨਿਯੰਤ੍ਰਣ, ਊਰਜਾ ਖਪਤ ਕਟੌਤੀ ਅਤੇ ਪਾਣੀ ਦੀ ਸੰਭਾਲ ਵਾਲੇ ਸਾਜ਼-ਸਾਮਾਨ, ਮਸ਼ੀਨਾਂ, ਜੰਤਰਾਂ ਦੇ ਉਤਪਾਦਨ ਲਈ 5 ਪ੍ਰਤਿਸ਼ਤ ਵਿਆਜ ਵਾਪਸੀ ਅਤੇ 10 ਪ੍ਰਤਿਸ਼ਤ ਪੂੰਜੀ ਸਬਸਿਡੀ ਦਾ ਪ੍ਰਬੰਧ ਇਕ ਲੱਖ ਰੁਪਏ ਦੀ ਹੱਦ ਤਕ ਲੇਖੇ ਉਪਰ ਖਰਚੇ ਲਈ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ 25 ਪ੍ਰਤਿਸ਼ਤ ਦੀ ਗਰਾਂਟ, ਅਣਸੋਧੇ ਪਾਣੀ ਦੀ ਮੁੜ ਵਰਤੋਂ ਸਹੂਲਤਾਂ ਕਾਇਮ ਉਪਰ ਗਰਾਂਟ, ਮੌਜੂਦਾ ਸਕੀਮ ਤਹਿਤ ਮੁੜ ਵਰਤੋਂ ਯੋਗ ਊਰਜਾ ਲਈ ਲਾਭ, ਜੇ ਜੀ ਯੂ ਐੱਸ/ਐੱਲ ਈ ਈ ਡੀ ਜਾਂ ਜੀ ਆਰ ਆਈ ਐੱਨ ਏ ਪ੍ਰਣਾਲੀਆਂ ਤਹਿਤ ਬਾਹਰੀ ਦਰਜਾਬੰਦੀ ਹਾਸਲ ਕਰਨ ਵਾਲੀਆਂ ਸਾਰੀਆਂ ਇਮਾਰਤਾਂ ਨੂੰ 2 ਲੱਖ ਰੁਪਏ ਦੀ ਸਹਾਇਤਾ।

● *ਤਕਨਾਲੋਜੀ ਵਿਕਾਸ :* ਪ੍ਰਦੂਸ਼ਨ ਨਿਯੰਤ੍ਰਣ ਊਰਜਾ ਖਪਤ ਕਟੌਤੀ ਅਤੇ ਪਾਣੀ ਦੀ ਸੰਭਾਲ ਲਈ ਸਾਜ਼-ਸਾਮਾਨ, ਮਸ਼ੀਨਾਂ, ਆਦਿ ਦੇ ਉਤਪਾਦਨ ਉਪਰ ਲਾਭ ਐੱਸ ਐੱਮ ਈ ਐੱਸ ਨੂੰ ਪੇਟੈਂਟ ਪੂਲ ਤਕ ਪਹੁੰਚ ਦਿਤੀ ਜਾਵੇਗੀ ਅਤੇ ਪੰਜ ਸਾਲਾਂ ਦੀ ਮਿਆਦ ਤਕ ਢੁਕਵੀਂ ਤਕਨਾਲੋਜੀ ਹਾਸਲ ਕਰਨ ਉਪਰ ਲਾਗਤ ਦੀ 20 ਲੱਖ ਦੀ ਹੱਦ ਤਕ ਦੀ ਰਕਮ ਕੀ ਵਾਪਸੀ।

● *ਐੱਸ ਐੱਮ ਈ ਐੱਸ ਨੂੰ ਵਿਸ਼ੇਸ਼ ਲਾਭ :* ਰਿਹਾਇਸ਼ੀ ਜਾਇਦਾਦ ਦੇ ਮੁੜ ਨਿਵੇਸ਼ 'ਤੇ ਨਿੱਜੀ ਵਿਅਕਤੀਆਂ ਨੂੰ ਲੰਮੇ ਸਮੇਂ ਦੇ ਪੂੰਜੀ ਫ਼ਾਇਦਾ ਟੈਕਸ ਤੋਂ ਰਾਹਤ ਭਾਰਤੀ ਰਿਜ਼ਰਵ ਬੈਂਕ ਦੇ ਮਸ਼ਵਰੇ ਨਾਲ ਐੱਸ ਐੱਮ ਈ ਕੇਂਦਰਿਤ ਉੱਦਮ-ਪੂੰਜੀ ਫ਼ੰਡ ਦੇਣ ਵਾਲੇ ਬੈਂਕਾਂ ਲਈ ਭਾਰਤੀ ਰਿਜ਼ਰਵ ਬੈਂਕ ਦੇ ਨੇਮਾਂ ਵਿਚ ਰਾਹਤ, ਬੀਮਾ ਕੰਪਨੀਆਂ ਵਲੋਂ ਨਿਵੇਸ਼ ਕਰਨ ਲਈ ਬੀਮਾ ਨੇਮਬੰਦੀ ਵਿਕਾਸ ਅਥਾਰਿਟੀ ਦੇ ਨੇਮਾਂ ਵਿਚ ਖੁੱਲ੍ਹ ਦੇਣਾ, ਤਰਜੀਹੀ ਖੇਤਰ ਮੰਨਦਿਆਂ ਨਿਰਮਾਣ ਖੇਤਰ ਦੀਆਂ ਐੱਸ ਐੱਮ ਈ ਐੱਸ ਨੂੰ ਕਰਜ਼ੇ ਦਿਤੇ ਜਾਣਾ, ਢੁਕਵੇਂ ਬੈਂਕ ਨੇਮਾਂ ਤਹਿਤ ਬੈਂਕ ਕਰਜ਼ੇ ਤਕ ਅਸਾਨ ਪਹੁੰਚ, ਐੱਸ ਐੱਮ ਈ ਐੱਸ ਲਈ ਸ਼ੇਅਰ ਬਾਜ਼ਾਰ ਖੜ੍ਹਾ ਕਰਨਾ ਐੱਸ ਐੱਮ ਈ ਐੱਸ ਦੀ ਵਿਸ਼ੇਸ਼ ਭੁਗਤਾਨਾਂ ਲਈ ਰਕਮ ਇਕੱਤਰ ਕਰਨ ਅਤੇ ਭੁਗਤਾਨ ਵਾਸਤੇ ਵੱਖਰੀ ਸੇਵਾ ਪ੍ਰਣਾਲੀ।

● *ਸਰਕਾਰੀ ਖਰੀਦ :* ਇਸ ਨੀਤੀ ਤਹਿਤ ਵਿਸ਼ੇਸ਼ ਖੇਤਰਾਂ ਵਿਚ ਕੁਝ ਨੇਮਾਂ ਨੂੰ ਧਿਆਨ ਵਿਚ ਰਖਦਿਆਂ ਸਰਕਾਰੀ ਖਰੀਦ ਕੀਤੀ ਜਾਵੇਗੀ। ਇਸ ਵਿਚ ਸੂਰਜੀ ਊਰਜਾ, ਸਾਜ਼-ਸਾਮਾਨ, ਇਲੈਕਟ੍ਰਾਨਿਕ ਹਾਰਡਵੇਅਰ, ਈਂਧਨ ਕੁਸ਼ਲ, ਟ੍ਰਾਂਸਪੋਰਟ ਮਸ਼ੀਨਰੀ, ਸੂਚਨਾ ਤਕਨਾਲੋਜੀ ਆਧਾਰਤ ਸੁੱਰਖਿਆ ਪ੍ਰਣਾਲੀ, ਬਿਜਲੀ, ਸੜਕ ਅਤੇ ਸ਼ਾਹਰਾਹ, ਰੇਲਵੇ, ਹਵਾਬਾਜ਼ੀ ਅਤੇ ਬੰਦਰਗਾਹਾਂ ਜਿਹੀਆਂ ਮਹੱਤਵਪੂਰਨ ਤਕਨਾਲੋਜੀਆਂ ਸ਼ਾਮਿਲ ਹਨ।

*ਉਦਯੋਗਿਕ ਸਿਖਲਾਈ ਅਤੇ ਮੁਹਾਰਤ ਸੁਧਾਰ ਉਪਾਅ :* ਬਹੁ-ਪੱਧਰੀ ਢਾਂਚਾ ਘੱਟੋ-ਘੱਟ ਪੜ੍ਹੀ-ਲਿਖੀ ਕਿਰਤ ਸ਼ਕਤੀ ਵਿਚੋਂ ਵੱਡੀ ਗਿਣਤੀ ਵਿਚ ਮੁਹਾਰਤ ਵਿਕਾਸ, ਨਿੱਜੀ ਸਰਕਾਰੀ ਭਾਈਵਾਲੀ ਤਹਿਤ ਢੁਕਵੀਂ ਕਿੱਤਾਮੁਖੀ ਅਤੇ ਮੁਹਾਰਤ ਬਾਰੇ ਸਿਖਲਾਈ ਲਈ ਆਈ ਵੀ ਆਈ ਕਾਇਮ ਕਰਨੇ, ਪੋਲੀਟੈਕਨਿਕ ਕਾਇਮ ਕਰਨੇ ਅਤੇ ਹਰ ਐੱਨ ਆਈ ਐੱਮ ਜ਼ੈੱਡ ਵਿਚ ਉਸਤਾਦਾਂ ਲਈ ਸਿਖਲਾਈ ਕੇਂਦਰ ਦਾ ਪ੍ਰਬੰਧ।

*ਸਕੀਮ ਵਿਚੋਂ ਨਿਕਲਣ ਦਾ ਪ੍ਰਬੰਧ :* ਰੁਜ਼ਗਾਰ ਖੁੱਸ ਜਾਣ ਦੀ ਨੀਤੀ ਰਾਹੀਂ ਅਤੇ ਇਕ ਵਿਸ਼ੇਸ਼ ਫ਼ੰਡ ਜਾਂ ਦੋਵਾਂ ਦੇ ਸੁਮੇਲ ਨਾਲ ਸਕੀਮ ਛੱਡਣ ਦੀ ਸਹੂਲਤ।

*(ਉਪਰੋਕਤ ਸਾਮੱਗਰੀ ਡੀ ਆਈ ਪੀ ਪੀ ਵੈੱਬਸਾਈਟ ਤੋਂ ਲਈ ਗਈ ਹੈ।)*

## ਆਗਮਨ ਉੱਤੇ ਸੈਲਾਨੀ ਵੀਜ਼ਾ

ਆਗਮਨ ਉੱਤੇ ਵੀਜ਼ਾ ਯੋਜਨਾ ਜਨਵਰੀ, 2010 ਵਿਚ ਪੰਜ ਦੇਸ਼ਾਂ ਦੇ ਨਾਗਰਿਕਾਂ ਲਈ ਸ਼ੁਰੂ ਕੀਤੀ ਗਈ ਸੀ। ਇਨ੍ਹਾਂ ਦੇਸ਼ਾਂ ਦੇ ਨਾਂ ਹਨ ਕੰਬੋਡੀਆ, ਇੰਡੋਨੇਸ਼ੀਆ, ਵੀਅਤਨਾਮ, ਫਿਲੀਪੀਨਸ, ਲਾਓਸ ਅਤੇ ਮਿਆਂਮਾਰ। ਹਾਲ ਹੀ ਵਿਚ ਭਾਰਤ ਸਰਕਾਰ ਨੇ ਆਗਮਨ ਉਤੇ ਵੀਜ਼ਾ ਯੋਜਨਾ ਦੱਖਣੀ ਕੋਰੀਆ ਲਈ ਵੀ ਲਾਗੂ ਕਰ ਦਿਤੀ ਹੈ। ਇਹ ਸਹੂਲਤ 15 ਅਪ੍ਰੈਲ, 2014 ਤੋਂ ਦੱਖਣੀ ਕੋਰੀਆ ਦੇ ਲੋਕਾਂ ਨੂੰ ਵੀ ਦਿਤੀ ਗਈ। ਅਕਤੂਬਰ, 2014 ਦੌਰਾਨ ਕੁੱਲ 2705 ਵੀਜ਼ੇ ਜਾਰੀ ਕੀਤੇ ਗਏ ਜਦ ਕਿ ਅਕਤੂਬਰ, 2013 ਵਿਚ ਇਸ ਤਰ੍ਹਾਂ ਹੀ ਵੀਜ਼ੇ ਜਾਰੀ ਕੀਤੇ ਗਏ ਅਜਿਹੇ ਵੀਜ਼ਿਆਂ ਦੀ ਗਿਣਤੀ 1911 ਸੀ। ਇਹ ਵਾਧਾ 41.5 ਪ੍ਰਤਿਸ਼ਤ ਹੈ। ਜਨਵਰੀ-ਅਕਤੂਬਰ 2014 ਦੌਰਾਨ ਕੁੱਲ 21995 ਵੀਜ਼ੇ ਜਾਰੀ ਕੀਤੇ ਗਏ ਜਦ ਕਿ ਅਕਤੂਬਰ, 2013 ਵਿਚ ਇਨ੍ਹਾਂ ਦੀ ਗਿਣਤੀ 15770 ਸੀ, ਇਹ ਵਾਧਾ 39.05 ਪ੍ਰਤਿਸ਼ਤ ਦੇ ਬਰਾਬਰ ਹੈ। ਅਕਤੂਬਰ 2014 ਦੌਰਾਨ ਇਸ ਯੋਜਨਾ ਦੇ ਹੇਠ ਜਾਰੀ ਕੀਤੇ ਗਏ ਵੀਜ਼ੇ ਦੀ ਗਿਣਤੀ ਇਸ ਤਰ੍ਹਾਂ ਹੈ। ਦੱਖਣੀ ਕੋਰੀਆ 683, ਫਿਲਪੀਨਜ਼ 469, ਜਾਪਾਨ 423, ਨਿਊਜ਼ੀਲੈਂਡ 373, ਸਿੰਗਾਪੁਰ 345, ਇੰਡੋਨੇਸ਼ੀਆ 227, ਫਿਨਲੈਂਡ 105, ਮਿਆਂਮਾਰ 34, ਵੀਅਤਨਾਮ 20, ਲਗਜ਼

ਮਬਰਗ 17, ਕੰਬੋਡੀਆ 10 ਅਤੇ ਲਾਓਸ 01 ਹਨ।

– ਪੀ ਆਈ ਬੀ, ਜਲੰਧਰ

# ਵਧ ਰਿਹਾ ਅਸੰਗਠਿਤ ਅਰਥਚਾਰਾ : ਸੰਗਠਿਤਾ ਵਲ ਕਾਰਜਨੀਤੀ ਦੇ ਤੱਤ

ਅਨੂਪ ਕੁਮਾਰ ਸਤਪਥੀ ਤੇ ਕਲੈਯਾਰਸਨ. ਏ

## ਭੂਮਿਕਾ

ਦੁਨੀਆਂ ਦੀ ਕੰਮਕਾਜੀ ਜਮਾਤ ਦਾ ਲਗਭਗ ਅੱਧਾ ਹਿੱਸਾ ਅਸੰਗਠਿਤ ਅਰਥਵਿਵਸਥਾ ਵਿਚ ਲੱਗਿਆ ਹੋਇਆ ਹੈ ਅਤੇ ਭਾਰਤ ਇਸ ਤੋਂ ਬਾਹਰ ਨਹੀਂ ਹੈ। ਭਾਰਤੀ ਮਜ਼ਦੂਰ ਮੰਡੀ ਵਿਚ ਇਹ ਮੁੱਖ ਭੂਮਿਕਾ ਨਿਭਾ ਰਿਹਾ ਹੈ ਅਤੇ ਕੰਮਕਾਜੀ ਜਮਾਤ ਦਾ ਲਗਭਗ 93 ਪ੍ਰਤਿਸ਼ਤ ਹਿੱਸਾ ਇਸ ਵਿਚ ਲੱਗਾ ਹੋਇਆ ਹੈ ਅਤੇ ਰਾਸ਼ਟਰੀ ਆਮਦਨ ਦਾ 50 ਪ੍ਰਤਿਸ਼ਤ ਹਿੱਸਾ ਪੈਦਾ ਕਰ ਰਿਹਾ ਹੈ। ਪਹਿਲਾਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਜਿਵੇਂ ਹੀ ਆਰਥਿਕ ਸਰਗਰਮੀ ਵਿਚ ਵਿਭਿੰਨਤਾ ਆਉਂਦੀ ਹੈ, ਅਰਥਵਿਵਸਥਾ ਖੇਤੀਬਾੜੀ ਉਪਰ ਆਧਾਰਿਤ ਹੋਣ ਤੋਂ ਪਰੇ ਹਟ ਕੇ ਚੁਫੇਰੇ ਗ਼ੈਰ-ਖੇਤੀਬਾੜੀ ਸਰਗਰਮੀ ਜੋ ਆਧੁਨਿਕ ਤਕਨਾਲੋਜੀ ਉਪਰ ਆਧਾਰਤ ਹੈ, ਨਵੀਂ ਅਤੇ ਅਸੰਗਠਿਤ ਸੰਸਥਾਗਤ ਸ਼ਕਲ ਅਖਤਿਆਰ ਕਰ ਲਵੇਗੀ। ਅਜਿਹੇ ਬਦਲਾਅ ਦਾ ਅਰਥ ਵੱਡੇ ਪੱਧਰ 'ਤੇ ਉਤਪਾਦਨ ਢਾਂਚਾ ਅਤੇ ਪੈਦਾਵਾਰ ਵਿਚ ਵਾਧਾ ਹੈ। ਪਰ ਭਾਰਤ ਵਿਚ ਆਰਥਿਕ ਜਨ ਜੀਵਨ ਸਾਹਮਣੇ ਪਿਛੜੀ ਤਕਨਾਲੋਜੀ ਦੀ ਲਗਾਤਾਰ ਵਰਤੋਂ ਅਤੇ ਉੱਦਮਾਂ ਦੀਆਂ ਰਵਾਇਤੀ ਕਿਸਮਾਂ ਸਿਰਫ਼ ਇਸ ਵੱਲ ਇਸ਼ਾਰਾ ਕਰਦੀਆਂ ਹਨ ਕਿ ਅਸੰਗਠਿਤ ਅਰਥਵਿਵਸਥਾ ਇਕ ਚੁਨੌਤੀਪੂਰਨ ਅਸਲੀਅਤ ਹੈ। ਕੰਮ ਦੀ ਪ੍ਰਕਿਰਿਆ ਦਾ ਅਸੰਗਠਿਤ ਹੋਣਾ ਸਿਰਫ਼ ਅਸੰਗਠਿਤ ਖੇਤਰ ਤਕ ਹੀ ਸੀਮਤ ਨਹੀਂ ਹੈ। ਵਿਸ਼ਵੀਕਰਨ ਅਤੇ ਘਰੇਲੂ ਆਰਥਿਕ ਪੁਨਰਗਠਨ ਦੇ ਜ਼ਮਾਨੇ ਵਿਚ, ਅਸੰਗਠਿਤ ਵੀ ਸੰਗਠਿਤ ਖੇਤਰ ਦਾ ਅਭਿੰਨ ਅੰਗ ਬਣ ਗਿਆ ਹੈ (ਸੁਦਰਸ਼ਨ ਅਤੇ ਉਨੀ 2003)।

ਰਾਸ਼ਟਰੀ ਅਰਥਤੰਤਰ ਵਿਚ ਵੱਡੇ ਯੋਗਦਾਨ ਦੇ ਬਾਵਜੂਦ, ਅਸੰਗਠਿਤ ਅਰਥਵਿਵਸਥਾ ਵਿਚ ਚੰਗੇ ਕੰਮ ਦੀ ਘਾਟ ਸਪੱਸ਼ਟ ਦਿਖਾਈ ਦਿੰਦੀ ਹੈ। ਜਿਥੇ ਸੁਚੱਜੇ ਪ੍ਰਸ਼ਾਸਨ ਦੀ ਘਾਟ, ਅਸੰਗਠਿਤ ਅਰਥਵਿਵਸਥਾ ਦੀ ਪਕਿਆਈ ਅਤੇ ਲਗਾਤਾਰ ਚਾਲੂ ਰਹਿਣ ਦਾ ਕਾਰਨ ਹੋ ਸਕਦਾ ਹੈ, ਹੋਰ ਬੁਨਿਆਦੀ ਕਾਰਨ ਜਿਵੇਂ ਕਿ ਰੋਜ਼ੀ-ਰੋਟੀ ਲਈ ਪਰਿਵਾਰ ਵਲੋਂ ਕੀਤੇ ਜਾ ਰਹੇ ਖੇਤੀਬਾੜੀ ਆਧਾਰਿਤ ਯਤਨਾਂ ਉਪਰ ਬਹੁਤ ਨਿਰਭਰਤਾ, ਉੱਦਮਾਂ ਅਤੇ ਕਿਰਤੀਆਂ ਦਾ ਭੂਗੋਲਿਕ ਵਖਰੇਵਾਂ, ਪ੍ਰਤਿ ਉੱਦਮ ਘੱਟ ਰੁਜ਼ਗਾਰ ਦਰ, ਅਸੰਗਠਿਤ ਕਿਰਤੀਆਂ ਦਾ ਘੱਟ ਪੜ੍ਹੇ-ਲਿਖੇ ਅਤੇ ਘੱਟ ਹੁਨਰ ਆਧਾਰ ਵਾਲੇ ਹੋਣਾ, ਪਰਿਵਾਰਕ ਕਾਮਿਆਂ ਦਾ ਵੱਡੀ ਗਿਣਤੀ ਬਿਨਾਂ ਉਜਰਤ ਹੋਣਾ ਅਤੇ ਅਸੰਗਠਿਤ ਕਾਮਿਆਂ ਦਾ ਅਦ੍ਰਿਸ਼ ਹੋਣਾ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਸਭ ਲਈ ਚੰਗਾ ਕੰਮ ਦੇਣ ਲਈ ਅਸੰਗਠਿਤਾ ਵੱਲ ਵਧਣਾ ਮੁੱਖ ਹੈ ਜੋ ਸਿਰਫ਼ ਇਕ ਸਮੁੱਚਿਤ ਅਤੇ ਵਿਆਪਕ ਨੀਤੀ ਅਪਨਾ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ।

ਇਸ ਪਿਛੋਕੜ ਵਿਚ, ਇਸ ਲੇਖ ਵਿਚ ਤਿੰਨ ਮੁੱਖ ਮੁੱਦਿਆਂ, ਅਸੰਗਠਿਤ ਅਰਥਵਿਵਸਥਾ ਦੀ ਵਿਆਖਿਆ, ਅਸੰਗਠਿਤ ਰੁਜ਼ਗਾਰ ਦਾ ਆਕਾਰ ਅਤੇ ਉਸ ਦੀਆਂ ਵਿਸ਼ੇਸ਼ਤਾਈਆਂ ਅਤੇ ਸੰਗਠਿਤਾ ਵੱਲ ਵਧਣ ਲਈ ਤੱਤ ਅਤੇ ਵਿਆਪਕ ਨੀਤੀ ਉਪਰ ਵਿਚਾਰ ਕੀਤਾ ਗਿਆ ਹੈ।

## ਅਸੰਗਠਿਤ ਅਰਥਵਿਵਸਥਾ ਦੀ ਵਿਆਖਿਆ

ਭਾਵੇਂ ਅਸੰਗਠਿਤ ਅਰਥਵਿਵਸਥਾ ਦੀ ਧਾਰਨਾ ਪਿਛਲੇ ਚਾਰ ਦਹਾਕਿਆਂ ਤੋਂ ਵੱਡੀ ਪੱਧਰ 'ਤੇ ਵਰਤੋਂ ਵਿਚ ਹੈ ਪਰ ਇਸ ਦਾ ਸਪੱਸ਼ਟ ਅਰਥ ਅਸੀਂ ਹਾਲੇ ਵੀ ਨਹੀਂ ਖੋਜ ਸਕੇ ਅਤੇ ਇਹ ਹਮੇਸ਼ਾ ਇਕ ਵੱਡੀ ਬਹਿਸ ਅਤੇ ਵਿਚਾਰ ਵਟਾਂਦਰੇ ਦਾ ਮੁੱਦਾ ਰਿਹਾ ਹੈ (ਹੈਸਮੈਨਜ਼ 1997)। ਇਸ ਤੋਂ ਪਹਿਲਾਂ, ਕੋਈ ਇਕ ਮਿਆਰੀ ਵਿਆਖਿਆ ਨਾ ਹੋਣ ਕਾਰਨ, ਅਸੰਗਠਿਤ ਅਰਥਵਿਵਸਥਾ ਦੇ ਆਕਾਰ ਵਿਚ ਦੇਸ਼ਾਂ ਦੇ ਅੰਦਰ ਅਤੇ ਬਾਹਰ ਵਿਆਪਕਤਾ ਅਤੇ ਕੰਮਕਾਜੀ ਵਿਆਖਿਆ ਦੇ ਕਾਰਜ ਖੇਤਰ ਵਿਚ ਅੰਤਰ ਹੋਣ ਕਾਰਨ ਬਹੁਤ ਭਾਰੀ ਭੇਦ ਦੇਖਣ ਨੂੰ ਮਿਲਦਾ ਹੈ। ਹਾਲ ਹੀ ਦੇ ਸਾਲਾਂ ਵਿਚ ਅਸੰਗਠਿਤ ਅਰਥਵਿਵਸਥਾ ਵਿਚ ਪਹਿਲਾਂ ਦੇ ਮੁਕਾਬਲੇ ਬਹੁਤ ਵਾਧਾ ਹੋਇਆ ਹੈ ਅਤੇ ਵਿਆਖਿਆ ਅਤੇ ਅੰਕੜੇ ਇਕੱਠੇ ਕਰਨ ਦੇ ਤਰੀਕਿਆਂ ਵਿਚ ਕਮੀਆਂ ਨੇ ਅੰਕੜੇ ਇਕੱਤਰ ਕਰਨ ਦੀ ਪ੍ਰਕਿਰਿਆ ਨੂੰ ਨਿਯਮਤ ਕਰਨ ਅਤੇ ਉਸ ਨੂੰ ਪੂਰੀ ਤਰ੍ਹਾਂ ਬਦਲਣ ਦੀ ਲੋੜ ਨੂੰ ਬਲ ਦਿਤਾ ਹੈ (ਸਤਪਥੀ 2004)।

ਅਸੰਗਠਿਤ ਖੇਤਰ ਦੀ ਵਿਆਖਿਆ ਕਰਨ ਦੀ ਸਭ ਤੋਂ ਪਹਿਲੀ ਅੰਤਰਰਾਸ਼ਟਰੀ ਪਹਿਲ 1993 ਵਿਚ ਪੰਦ੍ਰਵੀਂ ਮਜ਼ਦੂਰ ਅੰਕੜਾ ਵਿਗਿਆਨੀਆਂ ਦੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਕੀਤੀ ਗਈ (ਆਈ ਐੱਲ ਓ 1993)। ਇਸ ਕਾਨਫਰੰਸ ਨੇ ਅਸੰਗਠਿਤ ਖੇਤਰ ਦੀ ਵਿਆਖਿਆ ਉਤਪਾਦਨ ਇਕਾਈ (ਉੱਦਮ ਪਹੁੰਚ) ਦੇ ਸੰਦਰਭ ਵਿਚ ਕੀਤੀ। ਇਸ ਨੇ ਇਸ ਖੇਤਰ ਨੂੰ ਉਤਪਾਦਨ ਇਕਾਈਆਂ ਦੇ ਅਜਿਹੇ ਸਮੂਹ ਦੇ ਤੌਰ ਤੇ ਦੇਖਿਆ ਜੋ ਘਰ-ਬਾਰ ਖੇਤਰ ਦਾ ਹਿੱਸਾ ਸੀ ਅਤੇ ਘਰ-ਬਾਰ ਇਕਾਈਆਂ ਦੇ ਤੌਰ ਤੇ ਰੁਜ਼ਗਾਰ ਅਤੇ ਆਮਦਨ ਪੈਦਾ ਕਰਨ ਦੇ ਬੁਨਿਆਦੀ ਨਿਸ਼ਾਨੇ ਨੂੰ ਮੁੱਖ ਰੱਖ ਕੇ ਮਾਲ-ਅਸਬਾਬ ਅਤੇ ਸੇਵਾਵਾਂ ਪੈਦਾ ਕਰਦਾ ਹੈ। ਪਰ ਪੰਦ੍ਰਵੀਂ ਮਜ਼ਦੂਰ ਅੰਕੜਾ ਵਿਗਿਆਨੀਆਂ ਦੀ ਅੰਤਰਰਾਸ਼ਟਰੀ ਕਾਨਫਰੰਸ ਦੀ ਇਸ ਵਿਆਖਿਆ ਨੂੰ ਬਹੁਤ ਸੌੜਾ ਗਿਣਿਆ ਗਿਆ ਕਿਉਂਕਿ ਇਸ ਵਿਚ ਉਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਵੱਲ ਧਿਆਨ ਨਹੀਂ ਦਿਤਾ ਸੀ ਜੋ ਇਸ ਨਾਲ ਜੁੜੇ ਹਨ (ਮਜ਼ਦੂਰ ਪਹੁੰਚ)।

ਦੂਜੇ ਸ਼ਬਦਾਂ ਵਿਚ, ਇਸ ਵਿਆਖਿਆ ਵਿਚ ਉਤਪਾਦਨ ਸੰਬੰਧੀ ਮੁੱਦੇ ਧਿਆਨ ਵਿਚ ਰਖੇ ਗਏ ਸਨ ਅਤੇ ਰੁਜ਼ਗਾਰ ਨਾਲ ਸੰਬੰਧਿਤ ਮੁੱਦਿਆਂ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ ਸੀ। ਸਗੋਂ ਇਸ ਕਾਨਫਰੰਸ ਵਲੋਂ ਦਿਤੀ ਵਿਆਖਿਆ ਹਾਲੇ ਵੀ ਕੁਝ ਢੁਕਵੀਂ ਹੈ ਪਰ ਇਸ ਨੇ ਅਸੰਗਠਿਤਾ ਦੇ ਵੱਖ-ਵੱਖ ਪਹਿਲੂਆਂ ਵੱਲ ਕੋਈ ਧਿਆਨ ਨਹੀਂ ਦਿਤਾ ਜੋ ਹੁਣ ਵਿਸ਼ਵਵਿਆਪੀ ਮੁਕਾਬਲੇ ਅਤੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਵਿਚ ਤੇਜ਼ ਲਹਿਰ ਆ ਜਾਣ ਨਾਲ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਬਹੁਤ ਮਹੱਤਵਪੂਰਨ ਹੋ ਗਏ ਹਨ (ਸਟੈਂਡਿੰਗ 1999)। ਸਭ ਅਸੰਗਠਿਤ ਮੁੱਦਿਆਂ ਉਪਰ ਧਿਆਨ ਦੇਣ ਲਈ, 2003 ਵਿਚ ਮਜ਼ਦੂਰ ਅੰਕੜਾ ਵਿਗਿਆਨੀਆਂ ਦੀ 17ਵੀਂ ਅੰਤਰਰਾਸ਼ਟਰੀ ਕਾਨਫਰੰਸ ਨੇ 'ਅਸੰਗਠਿਤ ਅਰਥਵਿਵਸਥਾ' ਸ਼ਬਦ ਘੜਿਆ ਜੋ ਅਸੰਗਠਿਤ ਖੇਤਰ ਦੀ ਧਾਰਨਾ ਤੋਂ ਵਧੇਰੇ ਵਿਆਪਕ ਹੈ ਅਤੇ ਉਤਪਾਦਨ ਰਿਸ਼ਤਾ ਅਤੇ ਰੁਜ਼ਗਾਰ ਰਿਸ਼ਤਾ ਦੋਹਾਂ ਨੂੰ ਸਮੁੱਚੇ ਤੌਰ ਤੇ ਅਸੰਗਠਿਤ ਦਰਸਾਉਂਦਾ ਹੈ (ਆਈ ਐੱਲ ਓ, 2003)। 'ਅਸੰਗਠਿਤ ਅਰਥਵਿਵਸਥਾ' ਉਨ੍ਹਾਂ ਸਾਰੀਆਂ ਅਸੰਗਠਿਤ ਨੌਕਰੀਆਂ ਨੂੰ ਦਰਸਾਉਂਦੀ ਹੈ ਜੋ ਅਸੰਗਠਿਤ ਖੇਤਰ ਸੰਗਠਿਤ ਖੇਤਰ ਅਤੇ ਘਰ-ਬਾਰ ਖੇਤਰ ਵਿਚ ਹਨ ਅਤੇ ਹੁਣ ਇਸ ਵਿਆਖਿਆ ਬਾਰੇ ਆਮ ਰਾਇ ਹੈ।

ਰਾਸ਼ਟਰੀ ਸੈਂਪਲ ਸਰਵੇ ਦਫ਼ਤਰ (ਐੱਨ ਐੱਨ ਐੱਸ ਓ) ਦੇ ਪੰਜ ਸਾਲਾ ਕਿਰਤੀ ਸਰਵੇ ਵਿਚ ਪਹਿਲੀ ਵਾਰ ਅੰਤਰਰਾਸ਼ਟਰੀ ਵਿਆਖਿਆਵਾਂ ਅਨੁਸਾਰ 1999/2000 ਵਿਚ ਕੁਝ ਘੋਖੀ ਸਵਾਲ ਜੋੜ ਗਏ ਤਾਂ ਕਿ ਅਸੰਗਠਿਤ ਖੇਤਰ ਦਾ ਆਕਾਰ ਪਤਾ ਲੱਗ ਸਕੇ। ਇਸ ਤੋਂ ਬਾਅਦ, ਅਸੰਗਠਿਤ ਖੇਤਰ ਦੇ ਉੱਦਮਾਂ ਦੇ ਰਾਸ਼ਟਰੀ ਕਮਿਸ਼ਨ ਨੇ ਅਸੰਗਠਿਤ ਖੇਤਰ ਅਤੇ ਅਸੰਗਠਿਤ ਰੁਜ਼ਗਾਰ ਦੀ ਵਿਆਖਿਆ ਕੀਤੀ (ਐੱਨ ਸੀ ਈ ਯੂ ਐੱਸ, 2007)। ਕਮਿਸ਼ਨ ਨੇ ਅਸੰਗਠਿਤ ਖੇਤਰ ਦੀ ਵਿਆਖਿਆ ਉਨ੍ਹਾਂ ਸਭ ਨਿੱਜੀ ਅਨਿਗਮਤ ਉੱਦਮਾਂ ਦੇ ਤੌਰ ਤੇ ਕੀਤੀ ਜੋ ਇਕੱਲੇ ਵਿਅਕਤੀਆਂ ਜਾਂ ਪਰਿਵਾਰਾਂ ਵਲੋਂ ਚਲਾਏ ਜਾ ਰਹੇ ਅਤੇ ਜੋ ਇਕੱਲੇ ਤੌਰ ਤੇ ਜਾਂ ਭਾਈਵਾਲੀ ਵਿਚ 10 ਤੋਂ ਘੱਟ ਕਿਰਤੀਆਂ ਨਾਲ ਵਿਕਰੀ ਵਸਤਾਂ ਦਾ ਉਤਪਾਦਨ ਅਤੇ ਸੇਵਾਵਾਂ ਦੇ ਰਹੇ ਹਨ। ਇਸ ਨੇ ਅਸੰਗਠਿਤ ਕਿਰਤੀਆਂ ਦੀ ਵਿਆਖਿਆ ਉਨ੍ਹਾਂ ਕਿਰਤੀਆਂ ਦੇ ਤੌਰ ਤੇ ਕੀਤੀ ਜੋ ਅਸੰਗਠਿਤ ਖੇਤਰ ਜਾਂ ਘਰ ਵਿਚ ਕੰਮ ਕਰਦੇ ਹਨ। ਇਨ੍ਹਾਂ ਵਿਚ ਉਹ ਕਿਰਤੀ ਸ਼ਾਮਿਲ ਨਹੀਂ ਕੀਤੇ ਗਏ ਜੋ ਰੁਜ਼ਗਾਰ ਦੇਣ ਵਾਲਿਆਂ ਵਲੋਂ ਸਮਾਜਿਕ ਸੁਰੱਖਿਆ ਲਾਭ ਦੇ ਪਾਤਰ ਨਿਯਮਤ ਕਾਮੇ ਸਨ ਅਤੇ ਸੰਗਠਿਤ ਖੇਤਰ ਦੇ ਉਹ ਕਿਰਤੀ ਜਿਨ੍ਹਾਂ ਨੂੰ ਰੁਜ਼ਗਾਰ ਦੇਣ ਵਾਲਿਆਂ ਵਲੋਂ ਸਮਾਜਿਕ ਸੁਰੱਖਿਆ ਤੋਂ ਵਾਂਝੇ ਰਖਿਆ ਗਿਆ ਅਤੇ ਬੇਰੁਜ਼ਗਾਰ ਸਨ।


**ਇਸ ਲੇਖ ਵਿਚ ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦੇ ਇਕਾਈ ਪੱਧਰ ਦੇ ਅੰਕੜਿਆਂ ਉਪਰ ਇਸ ਕਮਿਸ਼ਨ ਦੀ ਵਿਆਖਿਆ ਅਸੰਗਠਿਤ ਖੇਤਰ ਅਤੇ ਅਸੰਗਠਿਤ ਅਰਥਵਿਵਸਥਾ ਵਿਚ ਰੁਜ਼ਗਾਰ ਦੇ ਆਕਾਰ ਦਾ ਪਤਾ ਲਗਾਉਣ ਲਈ ਕੀਤੀ ਗਈ ਹੈ।**

## ਰੁਜ਼ਗਾਰ ਆਕਾਰ ਰੁਝਾਨ : ਅਸੰਗਠਿਤ ਖੇਤਰ ਅਤੇ ਅਸੰਗਠਿਤ ਅਰਥਵਿਵਸਥਾ

ਇਸ ਭਾਗ ਵਿਚ ਭਾਰਤ ਵਿਚ ਅਸੰਗਠਿਤ ਖੇਤਰ ਅਤੇ ਅਸੰਗਠਿਤ ਅਰਥ ਵਿਵਸਥਾ ਦੋ ਸਮਿਆਂ 2004-05 ਅਤੇ 2011-12 ਦੌਰਾਨ ਆਕਾਰ ਅਤੇ ਰੁਝਾਨ ਦੀ ਰਚਨਾ ਬਾਰੇ ਦਰਸਾਇਆ ਗਿਆ ਹੈ। ਜਿਵੇਂ ਕਿ ਚਿੱਤਰ-1 ਵਿਚ ਦਿਖਾਇਆ ਗਿਆ ਹੈ, 47 ਕਰੋੜ 40 ਲੱਖ ਕੁੱਲ ਰੁਜ਼ਗਾਰ ਵਿਚੋਂ ਲਗਭਗ 37 ਕਰੋੜ 30 ਲੱਖ ਜਾਂ 79 ਪ੍ਰਤਿਸ਼ਤ ਕਿਰਤੀ ਅਸੰਗਠਿਤ ਖੇਤਰ ਵਿਚ ਸਨ। ਪਰ ਸਮੇਂ ਨਾਲ ਕੁੱਲ ਰੁਜ਼ਗਾਰ ਵਿਚ ਅਸੰਗਠਿਤ ਖੇਤਰ ਦਾ ਹਿੱਸਾ ਘਟ ਗਿਆ ਸੀ - ਇਸ ਦਾ ਹਿੱਸਾ 2004-05 ਵਿਚ 87 ਪ੍ਰਤਿਸ਼ਤ ਤੋਂ ਘਟ ਕੇ 2011-12 ਵਿਚ 79 ਪ੍ਰਤਿਸ਼ਤ ਰਹਿ ਗਿਆ ਸੀ। ਇਹ ਗਿਰਾਵਟ ਸਿਰਫ਼ ਪ੍ਰਤਿਸ਼ਤ ਹਿੱਸੇ ਵਿਚ ਹੀ ਨਹੀਂ ਸਗੋਂ ਅਸੰਗਠਿਤ ਖੇਤਰ ਵਿਚ ਕੁੱਲ ਨੌਕਰੀਆਂ ਵਿਚ ਵੀ ਹੋਈ ਹੈ। ਅਸੰਗਠਿਤ ਖੇਤਰ ਵਿਚ 2004-05 ਵਿਚ ਲਗਭਗ 40 ਕਰੋੜ 10 ਲੱਖ ਨੌਕਰੀਆਂ ਸਨ ਜਿਨ੍ਹਾਂ ਦਾ ਹਿੱਸਾ 2011-12 ਵਿਚ ਘਟ ਕੇ 37 ਕਰੋੜ 30 ਲੱਖ ਰਹਿ ਗਿਆ। ਦੂਜੇ ਸ਼ਬਦਾਂ ਵਿਚ, 2004-05 ਅਤੇ 2011-12 ਵਿਚ, ਲਗਭਗ 2 ਕਰੋੜ 80 ਲੱਖ ਕਿਰਤੀ ਅਸੰਗਠਿਤ ਖੇਤਰ ਤੋਂ ਸੰਗਠਿਤ ਖੇਤਰ ਵਿਚ ਚਲੇ ਗਏ। ਪਰ ਇਸ ਅਸੰਗਠਿਤ ਖੇਤਰ ਤੋਂ ਸੰਗਠਿਤ ਖੇਤਰ ਵੱਲ ਬਦਲਾਅ ਨੂੰ ਸਿਰਫ਼ ਰੁਜ਼ਗਾਰ ਵਿਚ ਸੁਧਾਰ ਦੇ ਤੌਰ ਤੇ ਹੀ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਸੰਗਠਿਤ ਖੇਤਰ ਦੇ ਕਿਰਤੀਆਂ ਦੀ ਜਮਾਤ ਵਿਚ ਅਸੰਗਠਿਤਾ ਦਾ ਰੁਝਾਨ ਵੀ ਸਪੱਸ਼ਟ ਦਿਖਾਈ ਦੇ ਰਿਹਾ ਹੈ।


ਜਿਵੇਂ ਕਿ ਭਾਗ-2 ਵਿਚ ਵਿਚਾਰਿਆ ਗਿਆ ਹੈ, ਅਸੰਗਠਿਤ ਖੇਤਰ ਵਿਚ ਰੁਜ਼ਗਾਰ ਸਿਰਫ਼ ਅਰਥਵਿਵਸਥਾ ਵਿਚ ਅਸੰਗਠਿਤ ਰੁਜ਼ਗਾਰ ਦਾ ਇਕ ਉੱਪ ਸੈੱਟ ਹੈ ਕਿਉਂਕਿ ਅਸੰਗਠਿਤ ਖੇਤਰ

ਚਿੱਤਰ-1 : ਅਸੰਗਠਿਤ ਖੇਤਰ ਵਿਚ 2004-05 ਅਤੇ 2011-12 ਦੌਰਾਨ ਨੌਕਰੀਆਂ ਦਾ ਆਕਾਰ ਅਤੇ ਰੁਝਾਨ (ਮਿਲੀਅਨ ਵਿਚ)




ਸਰੋਤ : ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦਾ 61ਵਾਂ (2004-05) ਅਤੇ 68ਵਾਂ (2011-12) ਗੇੜ ਦੇ ਕਿਰਤ ਸ਼ਕਤੀ ਅੰਕੜੇ

ਚਿੱਤਰ-2 : ਅਸੰਗਠਿਤ ਖੇਤਰ ਵਿਵਸਥਾ ਵਿਚ 2004-05 ਅਤੇ 2011-12 ਦੌਰਾਨ ਨੌਕਰੀਆਂ ਦਾ ਆਕਾਰ ਅਤੇ ਰੁਝਾਨ (ਮਿਲੀਅਨ ਵਿਚ)




ਸਰੋਤ : ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦਾ 61ਵਾਂ (2004-05) ਅਤੇ 68ਵਾਂ (2011-12) ਗੇੜ ਦੇ ਕਿਰਤੀ ਜਮਾਤ ਦੇ ਅੰਕੜੇ

ਵਿਚ ਰੁਜ਼ਗਾਰ ਵਿਚ ਸੰਗਠਿਤ ਖੇਤਰ ਵਿਚ ਅਸੰਗਠਿਤ ਨੌਕਰੀਆਂ ਵਿਚ ਸ਼ਾਮਿਲ ਹਨ। ਇਸ ਤਰ੍ਹਾਂ, ਇਸ ਭਾਗ ਵਿਚ ਅਸੰਗਠਿਤ ਖੇਤਰ ਵਿਚ ਨੌਕਰੀਆਂ ਦੇ ਆਕਾਰ ਅਤੇ ਰੁਝਾਨ ਬਾਰੇ ਵਿਚਾਰ ਕੀਤਾ ਗਿਆ ਹੈ, ਜਿਵੇਂ ਕਿ ਅਸੰਗਠਿਤ ਰੁਜ਼ਗਾਰ ਦੀਆਂ ਸਭ ਕਿਸਮਾਂ - ਭਾਵੇਂ ਉਹ ਅਸੰਗਠਿਤ ਖੇਤਰ ਦੇ ਉੱਦਮਾਂ ਦੇ ਰਾਸ਼ਟਰੀ ਕਮਿਸ਼ਨ ਵਲੋਂ ਕੀਤੀ ਅਸੰਗਠਿਤ ਕਿਰਤੀਆਂ ਦੀ ਵਿਆਖਿਆ ਅਨੁਸਾਰ ਹੋਵੇ ਜਾਂ ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦੇ ਕਿਰਤੀ ਜਮਾਤ ਬਾਰੇ ਅੰਕੜਿਆਂ ਅਨੁਸਾਰ। ਚਿੱਤਰ-2 ਵਿਚ ਦਿਖਾਇਆ ਗਿਆ ਹੈ ਕਿ ਅਸੰਗਠਿਤ ਅਰਥਵਿਵਸਥਾ ਵਿਚ ਨੌਕਰੀਆਂ ਦਾ ਆਕਾਰ 2011-12 ਵਿਚ 43 ਕਰੋੜ 88 ਲੱਖ ਸੀ ਜੋ ਅਸੰਗਠਿਤ ਖੇਤਰ ਵਿਚ ਰੁਜ਼ਗਾਰ ਦੇ ਆਕਾਰ ਨਾਲੋਂ ਬਹੁਤ ਵਾਧੂ ਸੀ (6 ਕਰੋੜ 60 ਲੱਖ ਵੱਧ)। ਇਹ ਨਿਸਬਤਨ ਇਸ਼ਾਰਾ ਕਰਦਾ ਹੈ ਕਿ ਇਹ 6 ਕਰੋੜ 60 ਲੱਖ ਕਿਰਤੀ 2011-12 ਵਿਚ ਸੰਗਠਿਤ ਖੇਤਰ ਵਿਚ ਅਸੰਗਠਿਤ ਨੌਕਰੀਆਂ ਕਰ ਰਹੇ ਸਨ। ਭਾਵੇਂ 2004-05 ਅਤੇ 2011-12 ਵਿਚਕਾਰ ਅਸੰਗਠਿਤ ਅਰਥਵਿਵਸਥਾ ਵਿਚ ਰੁਜ਼ਗਾਰ ਦੇ ਹਿੱਸੇ ਵਿਚ ਕੋਈ ਬਹੁਤ ਵੱਡੀ ਤਬਦੀਲੀ ਨਹੀਂ ਆਈ। ਅਜਿਹੇ ਰੁਜ਼ਗਾਰ ਵਿਚ ਸਿਰਫ਼ 80 ਲੱਖ ਦਾ ਵਾਧਾ ਹੋਇਆ। ਇਕ ਹੋਰ ਨੋਟ ਕਰਨ ਯੋਗ ਦਿਲਚਸਪ ਤੱਥ ਜੋ ਸਾਹਮਣੇ ਆਇਆ ਹੈ, ਉਹ ਹੈ ਕਿ ਸੰਗਠਿਤ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਵਧ ਜਾਣ ਦੇ ਬਾਵਜੂਦ, ਕੁੱਲ ਨੌਕਰੀਆਂ ਵਿਚ ਸੰਗਠਿਤ ਖੇਤਰ ਵਿਚ ਰੁਜ਼ਗਾਰ ਦਾ ਹਿੱਸਾ 2004-05 ਤੋਂ 2011-12 ਤਕ ਲਗਭਗ ਖੜੋਤ ਵਿਚ ਰਿਹਾ ਹੈ। ਕੁੱਲ ਨੌਕਰੀਆਂ ਵਿਚ, ਸੰਗਠਿਤ ਰੁਜ਼ਗਾਰ ਦਾ ਹਿੱਸਾ 2004-05 ਵਿਚ ਸਿਰਫ਼ 6 ਪ੍ਰਤਿਸ਼ਤ ਸੀ ਜੋ 2011-12 ਤਕ ਸਿਰਫ਼ ਥੋੜ੍ਹਾ ਜਿਹਾ ਵਧਿਆ (7 ਪ੍ਰਤਿਸ਼ਤ ਤਕ) ਦੂਜੇ ਸ਼ਬਦਾਂ ਵਿਚ, ਸੰਗਠਿਤ ਖੇਤਰ ਵਿਚ ਵਧੀਆਂ ਨੌਕਰੀਆਂ ਦੇ ਨਾਲ-ਨਾਲ ਸੰਗਠਿਤ ਖੇਤਰ ਵਿਚ ਅਸੰਗਠਿਤ ਕਾਮਿਆਂ ਦੀ ਗਿਣਤੀ ਵੀ ਵਧੀ।

### ਅਸੰਗਠਿਤ ਖੇਤਰ ਦੀਆਂ ਵਿਸ਼ੇਸ਼ਤਾਈਆਂ

ਅਸੰਗਠਿਤ ਖੇਤਰ ਬਹੁਤ ਭਿੰਨਤਾ ਵਾਲਾ ਹੈ ਅਤੇ ਇਹ ਮੁੱਖ ਵਿਸ਼ੇਸ਼ਤਾਈਆਂ ਵਿਚ ਸੰਗਠਿਤ ਖੇਤਰ ਨਾਲੋਂ ਬਹੁਤ ਅਲਗ ਹੈ। ਨਿਮਨ ਪੱਧਰ ਦਾ ਰੁਜ਼ਗਾਰ, ਅਤੇ ਘੱਟ ਉਜਰਤ, ਨਿਮਨ ਪੱਧਰ ਦੀ ਸਿੱਖਿਆ ਅਤੇ ਮੁਹਾਰਤ, ਉੱਦਮਾਂ ਦਾ ਛੋਟਾ ਆਕਾਰ, ਨਾਂ ਮਾਤਰ ਸਮਾਜਿਕ ਸੁਰੱਖਿਆ ਲਾਭ, ਪ੍ਰਸ਼ਾਸਕੀ ਪ੍ਰਬੰਧਨ ਅਤੇ ਕਾਨੂੰਨੀ ਢਾਂਚਿਆਂ ਦੀ ਘਾਟ ਅਤੇ ਟਰੇਡ ਯੂਨੀਅਨਾਂ ਦਾ ਘੱਟ ਹੋਣਾ ਅਸੰਗਠਿਤ ਖੇਤਰ ਦੇ ਕੁੱਝ ਲੱਛਣ ਹਨ ਜਿਨ੍ਹਾਂ ਬਾਰੇ ਅੱਗੇ ਵਿਚਾਰਿਆ ਜਾ ਰਿਹਾ ਹੈ।

### ਰੁਜ਼ਗਾਰ ਦਾ ਨਿਮਨ ਮਿਆਰ ਤੇ ਨਿਮਨ ਕਮਾਈ

ਭਾਰਤ ਵਿਚ ਰੁਜ਼ਗਾਰ ਨਿਮਨ ਮਿਆਰ ਅਤੇ ਨਿਮਨ ਕਮਾਈ ਅਸੰਗਠਿਤ ਖੇਤਰ ਦੇ ਲੱਛਣ ਬਿਆਨ ਕਰਦੇ ਹਨ। ਅਸੰਗਠਿਤ ਖੇਤਰ ਵਿਚ ਕਿਰਤੀ ਭਾਵੇਂ ਇਸ ਸੰਦਰਭ ਵਿਚ ਕਿਰਤੀਆਂ ਦੀ ਜਮਾਤ ਦਾ ਹਿੱਸਾ ਹਨ ਕਿਉਂਕਿ ਉਹ ਬੇ ਰੁਜ਼ਗਾਰ ਨਹੀਂ ਹਨ ਪਰ ਕਿਰਤੀਆਂ ਦੀ ਜਮਾਤ ਦੇ ਅੰਦਰ ਉਨ੍ਹਾਂ ਦੀ ਸ਼ਮੂਲੀਅਤ ਦੀ ਬਣਾਵਟ ਅਤੇ ਕਿਸਮ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਨੌਕਰੀ ਠੀਕ ਪੱਧਰ ਦੀ ਨਹੀਂ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਘੱਟ ਕਮਾਈ ਵਾਲੇ ਕੰਮ ਉਪਰ ਜ਼ਿੰਦਾ ਹਨ।

ਭਾਰਤ ਵਿਚ ਰੁਜ਼ਗਾਰ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਅਸੰਗਠਿਤ ਖੇਤਰ ਵਿਚ ਬਹੁਤੇ ਲੋਕ ਖ਼ੁਦ ਦੇ ਕੰਮਾਂ ਵਿਚ ਲੱਗੇ ਹੋਏ ਹਨ; 63 ਪ੍ਰਤਿਸ਼ਤ ਅਸੰਗਠਿਤ ਖੇਤਰ ਦੇ ਕਿਰਤੀ ਸਵੈ-ਰੁਜ਼ਗਾਰ ਪ੍ਰਾਪਤ ਹਨ (ਤਾਲਿਕਾ-1)। ਸਵੈ-ਰੁਜ਼ਗਾਰ ਕਿਰਤੀਆਂ ਵਿਚ ਵੱਡਾ ਹਿੱਸਾ ਆਪਣਾ ਕਾਰਜ ਕਰਨ ਵਾਲੇ ਹਨ (ਜਿਵੇਂ ਕਿ ਰੇੜ੍ਹੀ-ਫੜ੍ਹੀ ਵਾਲੇ, ਕੂੜੇ ਵਿਚੋਂ ਵਸਤਾਂ ਚੁਣਨ ਵਾਲੇ ਅਤੇ ਰਿਕਸ਼ਾ ਚਾਲਕ) ਅਤੇ ਅਦਾਇਗੀ-ਰਹਿਤ ਪ੍ਰਾਪਤ ਪਰਿਵਾਰਕ ਕਾਮੇ ਹਨ ਜਿਨ੍ਹਾਂ ਵਿਚ ਅਦ੍ਰਿਸ਼ ਘਰਾਂ ਦੇ ਕਿਰਤੀ ਵੀ ਹਨ ਜੋ ਵੱਖੋ-ਵੱਖਰੇ ਉੱਪ ਇਕਰਾਰ ਕਾਮਿਆਂ ਦੇ ਇੰਤਜ਼ਾਮ ਤਹਿਤ ਕੰਮ ਕਰਦੇ ਹਨ

ਤਾਲਿਕਾ-1
ਰੁਜ਼ਗਾਰ ਦੀ ਪੱਧਰ ਦੇ ਆਧਾਰ 'ਤੇ ਅਸੰਗਠਿਤ ਅਤੇ ਸੰਗਠਿਤ ਖੇਤਰ ਵਿਚ ਕਿਰਤੀ (ਪ੍ਰਤਿਸ਼ਤ)

| | 2004-05 | | | 2011-12 | | |
|---|---|---|---|---|---|---|
| ਰੁਜ਼ਗਾਰ ਦਾ ਪੱਧਰ | ਅਸੰਗਠਿਤ ਖੇਤਰ | ਸੰਗਠਿਤ ਖੇਤਰ | ਕੁੱਲ ਜੋੜ | ਅਸੰਗਠਿਤ ਖੇਤਰ | ਸੰਗਠਿਤ ਖੇਤਰ | ਕੁੱਲ ਜੋੜ |
| ਸਵੈ-ਰੁਜ਼ਗਾਰ | 63.9 | 8.2 | 56.9 | 62.7 | 12.2 | 52.2 |
| ਬਾਕਾਇਦਾ ਤਨਖ਼ਾਹਸ਼ੁਦਾ | 6.4 | 68.6 | 14.3 | 7.6 | 57 | 17.9 |
| ਆਰਜ਼ੀ ਕਿਰਤੀ | 29.7 | 23.1 | 28.9 | 29.7 | 30.8 | 29.9 |
| ਸਭ ਮਿਲਾ ਕੇ | 100.0 (402.1 ਐੱਮ) | 100.0 (57.8 ਐੱਮ) | 100.0 (459.9 ਐੱਮ) | 100.0 (375.4 ਐੱਮ) | 100.0 (98.7 ਐੱਮ) | 100.0 (474.1ਐੱਮ) |

*ਸਰੋਤ : ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦਾ 61ਵਾਂ (2004-05) ਅਤੇ 68ਵਾਂ (2011-12) ਗੇੜ*
*ਨੋਟ : ਬਰੈਕਟਾਂ ਵਿਚ ਅੰਕੜੇ ਮਿਲੀਅਨ ਵਿਚ ਹਨ।*

ਤਾਲਿਕਾ-2

ਉੱਦਮਾਂ ਦੇ ਆਕਾਰ ਅਨੁਸਾਰ, ਅਸੰਗਠਿਤ ਅਤੇ ਸੰਗਠਿਤ ਖੇਤਰ ਵਿਚ ਕਿਰਤੀ (ਪ੍ਰਤਿਸ਼ਤ)

| | 2004-05 | | | 2011-12 | | |
|---|---|---|---|---|---|---|
| ਰੁਜ਼ਗਾਰ ਦਾ ਆਕਾਰ | ਅਸੰਗਠਿਤ ਖੇਤਰ | ਸੰਗਠਿਤ ਖੇਤਰ | ਕੁੱਲ ਜੋੜ | ਅਸੰਗਠਿਤ ਖੇਤਰ | ਸੰਗਠਿਤ ਖੇਤਰ | ਕੁੱਲ ਜੋੜ |
| 6 ਤੋਂ ਘੱਟ | 91.9 | 11.0 | 74.6 | 86 | 8 | 60.6 |
| 6 ਤੋਂ ਵੱਧ ਤੇ 10 ਤੋਂ ਘੱਟ | 8.1 | 5.1 | 7.5 | 14 | 7.8 | 12 |
| 10 ਤੋਂ ਵੱਧ ਤੇ 20 ਤੋਂ ਘੱਟ | 0.0 | 27.6 | 5.9 | 0 | 25.6 | 8.3 |
| 20 ਅਤੇ ਉਸ ਤੋਂ ਵੱਧ | 0.0 | 56.4 | 12.0 | 0 | 58.6 | 19.1 |
| ਸਭ ਮਿਲਾ ਕੇ | 100.0 | 100.0 | 100.0 | 100 | 100 | 100 |

*ਸਰੋਤ : ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦਾ 61ਵਾਂ (2004-05) ਅਤੇ 68ਵਾਂ (2011-12) ਗੇੜ*

*ਨੋਟ : ਬਰੈਕਟਾਂ ਵਿਚ ਅੰਕੜੇ ਮਿਲੀਅਨ ਵਿਚ ਹਨ।*

ਅਤੇ ਇਹ ਵਧੇਰੇ ਕਰਕੇ ਔਰਤਾਂ ਵਲੋਂ ਕੀਤੇ ਜਾਂਦੇ ਹਨ। ਇਨ੍ਹਾਂ ਨਿਮਨ ਕਿਸਮ ਦੇ ਅਤੇ ਘੱਟ ਕਮਾਈ ਵਾਲੇ ਨਿਮਾਣੇ ਜਿਹੇ ਕਿੱਤਿਆਂ ਵਿਚ ਲੱਗੇ ਕਿਰਤੀ ਅਕਸਰ ਗਰੀਬੀ ਦਾ ਸ਼ਿਕਾਰ ਹੁੰਦੇ ਹਨ।

2011-12 ਵਿਚ ਅਦਾਇਗੀ ਪ੍ਰਾਪਤ ਕਿਰਤੀ (ਆਰਜ਼ੀ ਅਤੇ ਬਾਕਾਇਦਾ) ਕੁੱਲ ਅਸੰਗਠਿਤ ਖੇਤਰ ਦਾ 37 ਪ੍ਰਤਿਸ਼ਤ ਸਨ। ਜਿਵੇਂ ਕਿ ਸਵੈ-ਰੁਜ਼ਗਾਰ ਦੇ ਹਾਲਾਤ ਵਿਚ ਹੈ, ਅਦਾਇਗੀ ਪ੍ਰਾਪਤ ਕਿਰਤੀ ਇਕ ਸਮਰੂਪ ਜਮਾਤ ਨਹੀਂ ਹਨ। ਉਜਰਤ ਦੇ ਸੰਦਰਭ ਵਿਚ, ਆਰਜ਼ੀ ਕਿਰਤੀ ਜਿਨ੍ਹਾਂ ਕੋਲ ਨੌਕਰੀ, ਉਜਰਤ ਅਤੇ ਸਮਾਜਿਕ ਸੁਰੱਖਿਆ ਨਹੀਂ ਹੈ ਅਤੇ ਕਠਿਨ ਹਾਲਾਤ ਵਿਚ ਕੰਮ ਕਰਦੇ ਹਨ, ਉਹ ਚੰਗੀ ਤਨਖ਼ਾਹ ਵਾਲੇ ਬਾਕਾਇਦਾ ਨੌਕਰੀਸ਼ੁਦਾ ਕਿਰਤੀਆਂ ਨਾਲੋਂ ਕਿਤੇ ਵਾਧੂ ਹਨ ਅਤੇ 2011-12 ਵਿਚ ਅਸੰਗਠਿਤ ਖੇਤਰ ਦੇ ਕਿਰਤੀਆਂ ਦਾ 30 ਪ੍ਰਤਿਸ਼ਤ ਹਿੱਸਾ ਸਨ। ਆਰਜ਼ੀ ਕਿਰਤੀ ਅਸੰਗਠਿਤ ਮਜ਼ਦੂਰ ਮੰਡੀ ਵਿਚ ਠੇਕੇ 'ਤੇ, ਆਰਜ਼ੀ, ਥੋੜ੍ਹੇ ਚਿਰ ਜਾਂ ਦਿਹਾੜੀਦਾਰ ਮਜ਼ਦੂਰਾਂ ਦੇ ਤੌਰ ਤੇ ਕੰਮ ਕਰਦੇ ਹਨ। ਉਹ, ਗ਼ੈਰ ਅਦਾਇਗੀ-ਰਹਿਤ ਪ੍ਰਾਪਤ ਪਰਿਵਾਰਕ ਕਾਮਿਆਂ ਸਮੇਤ ਸਭ ਤੋਂ ਵੱਧ ਔਖਿਆਈ ਵਾਲੀ ਅਤੇ ਕਮਜ਼ੋਰ ਸ਼੍ਰੇਣੀ ਵਿਚੋਂ ਹਨ ਜਿਨ੍ਹਾਂ ਉਪਰ ਪੱਕੀ ਨੌਕਰੀ ਤੋਂ ਬਿਨਾਂ ਹਰ ਵੇਲੇ ਨੌਕਰੀ ਤੋਂ ਕੱਢੇ ਜਾਣ ਦੀ ਤਲਵਾਰ ਲਟਕਦੀ ਰਹਿੰਦੀ ਹੈ, ਉਨ੍ਹਾਂ ਵਿਚ ਸਿੱਖਿਆ ਅਤੇ ਸਿਖਲਾਈ ਦੀ ਘਾਟ ਹੁੰਦੀ ਹੈ ਅਤੇ ਉਨ੍ਹਾਂ ਕੋਲ ਇਕ ਚੰਗੀ ਜ਼ਿੰਦਗੀ ਬਸਰ ਕਰਨ ਲਈ ਢੁਕਵੀਂ ਉਜਰਤ ਲਈ ਸੌਦੇਬਾਜ਼ੀ ਕਰਨ ਲਈ ਆਵਾਜ਼ ਨਹੀਂ ਹੁੰਦੀ। ਅਸੰਗਠਿਤ ਖੇਤਰ ਦੇ ਉੱਦਮਾਂ ਦੇ ਰਾਸ਼ਟਰੀ ਕਮਿਸ਼ਨ ਦਾ ਅੰਦਾਜ਼ਾ ਹੈ ਕਿ ਅਸੰਗਠਿਤ ਅਰਥਵਿਵਸਥਾ ਵਿਚ ਘੱਟ ਉਜਰਤ ਕਾਮਿਆਂ ਦੀ ਬਹੁਤਾਤ ਦੇ ਚਲਦਿਆਂ ਅਸੰਗਠਿਤ ਖੇਤਰ ਦੇ ਕਿਰਤੀਆਂ ਦਾ 79 ਪ੍ਰਤਿਸ਼ਤ ਹਿੱਸਾ ਗਰੀਬ ਅਤੇ ਕਮਜ਼ੋਰ ਸ਼੍ਰੇਣੀ ਦਾ ਹੈ (ਐੱਨ ਸੀ ਈ ਯੂ ਐੱਸ 2007)।

## ਸਿੱਖਿਆ ਤੇ ਹੁਨਰ ਦਾ ਨਿਮਨ ਪੱਧਰ

ਭਾਰਤ ਵਿਚ ਮਜ਼ਦੂਰ ਮੰਡੀ ਦੀ ਆਮ ਤੌਰ ਤੇ ਅਤੇ ਅਸੰਗਠਿਤ ਮਜ਼ਦੂਰ ਮੰਡੀ ਦੀ ਖ਼ਾਸ ਕਰਕੇ ਇਕ ਵੱਡੀ ਢਾਂਚਾਗਤ ਕਮਜ਼ੋਰੀ ਰਹੀ ਹੈ ਕਿਰਤੀਆਂ ਦੀ ਜਮਾਤ ਦੇ ਵੱਡੇ ਹਿੱਸੇ ਦੀ ਨਿਮਨ ਸਿੱਖਿਆ ਅਤੇ ਨਿਮਨ ਹੁਨਰ ਦੀ ਮੁਹਾਰਤ ਰਾਸ਼ਟਰੀ ਸੈਂਪਲ ਸਰਵੇ 2011-12 ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਲਗਭਗ 35 ਪ੍ਰਤਿਸ਼ਤ ਕੰਮਕਾਜੀ ਉਮਰ ਦੀ ਆਬਾਦੀ ਜਾਂ ਤਾਂ ਅਨਪੜ੍ਹ ਹੈ ਅਤੇ ਜਾਂ ਫਿਰ ਪ੍ਰਾਇਮਰੀ ਪੱਧਰ ਤਕ ਹੀ ਸਿੱਖਿਆ ਪ੍ਰਾਪਤ ਹੈ, 97 ਪ੍ਰਤਿਸ਼ਤ ਤਕਨੀਕੀ ਸਿੱਖਿਆ ਤੋਂ ਵਾਂਝੇ ਹਨ ਅਤੇ 88 ਪ੍ਰਤਿਸ਼ਤ ਨੂੰ ਅਸੰਗਠਿਤ ਜਾਂ ਅਸੰਗਠਿਤ ਕਿਰਤੀਆਂ ਨੂੰ ਕਦੇ ਵੀ ਪੇਸ਼ਾਵਰ ਸਿਖਲਾਈ ਨਹੀਂ ਮਿਲੀ ਅਤੇ ਜਾਂ ਹੁਨਰ ਵਿਕਾਸ ਪ੍ਰੋਗਰਾਮ ਵਿਚ ਨਹੀਂ ਗਏ। ਅਨਪੜ੍ਹ ਹਮੇਸ਼ਾ ਗਰੀਬੀ ਅਤੇ ਕਮਜ਼ੋਰੀ ਦਾ ਸ਼ਿਕਾਰ ਬਣਦੇ ਹਨ – ਲਗਭਗ 10 ਵਿਚੋਂ 9 ਅਤੇ ਇਹ ਮੁੱਖ ਤੌਰ ਤੇ ਅਸੰਗਠਿਤ ਕਾਮੇ ਹਨ (ਐੱਨ ਸੀ ਈ ਯੂ ਐੱਸ 2007)। ਅਸਲੀਅਤ ਇਹ ਹੈ ਕਿ ਜਿਉਂ-ਜਿਉਂ ਵਿਅਕਤੀ ਸਿੱਖਿਆ ਦੀ ਪੌੜੀ ਚੜ੍ਹਦਾ ਹੈ, ਅਸੰਗਠਿਤਾ ਘਟਦੀ ਜਾਂਦੀ ਹੈ ਜੋ ਉੱਚ ਮੁਹਾਰਤ ਪ੍ਰਾਪਤ ਕਿਰਤੀਆਂ ਵਿਚ ਸਭ ਤੋਂ ਘੱਟ ਹੈ ਜਿਨ੍ਹਾਂ ਨੂੰ ਵਧੇਰੇ ਨੌਕਰੀ ਸੁਰੱਖਿਆ ਪ੍ਰਾਪਤ ਹੈ ਅਤੇ ਉਹ ਸੰਗਠਿਤ ਅਰਥਵਿਵਸਥਾ ਦੇ ਲਾਭ ਉਠਾਉਂਦੇ ਹਨ (ਆਈ ਐੱਲ ਓ 2014)।

## ਉੱਦਮਾਂ ਦਾ ਛੋਟਾ ਆਕਾਰ

ਅਸੰਗਠਿਤ ਖੇਤਰ ਦੀ ਇਕ ਹੋਰ ਮੁੱਖ ਵਿਸ਼ੇਸ਼ਤਾ ਹੈ ਕਿ ਉਹ ਲਘੂ ਜਾਂ ਛੋਟੀਆਂ ਇਕਾਈਆਂ ਹਨ (ਤਾਲਿਕਾ-2)। ਅਸੰਗਠਿਤ ਖੇਤਰ ਵਿਚ ਲਗਭਗ 86 ਪ੍ਰਤਿਸ਼ਤ ਕਿਰਤੀ ਅਜਿਹੇ ਉੱਦਮਾਂ ਵਿਚ ਕੰਮ ਕਰਦੇ ਹਨ ਜਿਨ੍ਹਾਂ ਵਿਚ 6 ਤੋਂ ਘੱਟ ਕਾਮੇ ਹਨ ਅਤੇ ਬਾਕੀ 14 ਪ੍ਰਤਿਸ਼ਤ ਅਜਿਹੇ ਉੱਦਮਾਂ ਵਿਚ ਜਿਨ੍ਹਾਂ ਵਿਚ 2011-12 ਵਿਚ 6 ਤੋਂ ਵੱਧ ਅਤੇ 10 ਤੋਂ ਘੱਟ ਕਾਮੇ ਸਨ। ਇਸ ਤੋਂ ਇਲਾਵਾ, ਅਸੰਗਠਿਤ ਖੇਤਰ ਦੇ ਅਦਾਰਿਆਂ ਵਿਚ 2004-05 ਤੋਂ ਅੱਜ ਤਕ ਰੁਜ਼ਗਾਰ ਵਿਚ ਵੀ ਕੋਈ ਖ਼ਾਸ ਤਬਦੀਲੀ ਨਹੀਂ ਆਈ ਹੈ। ਇਸ ਦੇ ਮੁਕਾਬਲੇ, ਲਗਭਗ 59 ਪ੍ਰਤਿਸ਼ਤ ਅਦਾਰੇ ਅਜਿਹੇ ਹਨ ਜਿਨ੍ਹਾਂ ਵਿਚ 10 ਜਾਂ ਉਸ ਤੋਂ ਵੱਧ ਕਾਮੇ ਕੰਮ ਕਰਦੇ ਹਨ। ਮੁੱਖ ਮੁੱਦਾ ਇਹ ਹੈ ਕਿ ਸਮੁੱਚੇ ਤੌਰ ਤੇ ਲਗਭਗ 61 ਪ੍ਰਤਿਸ਼ਤ ਕਾਮੇ ਅਜਿਹੇ ਹਨ ਜੋ 6 ਕਿਰਤੀਆਂ ਤੋਂ ਘੱਟ ਵਾਲੇ ਅਦਾਰਿਆਂ ਵਿਚ ਅਤੇ ਕੁੱਲ ਕਿਰਤੀ ਜਮਾਤ ਦਾ ਸਿਰਫ਼ 19 ਪ੍ਰਤਿਸ਼ਤ ਹਿੱਸਾ ਹੀ 20 ਤੋਂ ਵਧੀਕ ਕਾਮਿਆਂ ਵਾਲੇ ਅਦਾਰਿਆਂ ਵਿਚ ਕੰਮ ਕਰ ਰਹੇ ਹਨ। 2004-05 ਅਤੇ 2011-12 ਦੇ ਸਮੇਂ ਵਿਚਕਾਰ ਲਘੂ/ਛੋਟੇ ਅਦਾਰਿਆਂ ਦਾ ਦਰਮਿਆਨੇ ਅਤੇ ਵੱਡੇ ਅਦਾਰਿਆਂ ਦੀ ਸ਼੍ਰੇਣੀ ਵਲ ਬਦਲਾਅ ਦੀ ਗਤੀ ਬਹੁਤ ਧੀਮੀ ਰਹੀ ਹੈ ਅਤੇ ਇਸ ਪ੍ਰਕਿਰਿਆ ਦੇ ਚਲਦਿਆਂ, ਇਕ ਵੱਡਾ ਦਰਮਿਆਨਾ ਖੇਤਰ ਜੋ ਪਹਿਲਾਂ ਨਹੀਂ ਸੀ, ਪੈਦਾ ਹੋ ਗਿਆ ਹੈ।

## ਸਮਾਜਿਕ ਸੁਰੱਖਿਆ ਦੀ ਅਣਹੋਂਦ

ਬਾਕਾਇਦਾ ਨੌਕਰੀ ਵਾਲੇ ਸਭ ਕਿਰਤੀਆਂ ਨੂੰ ਅਸੂਲਨ ਕੁਝ ਨਾ ਕੁਝ ਸਮਾਜਿਕ ਸੁਰੱਖਿਆ ਮਿਲ ਰਹੀ ਹੈ ਪਰ ਅਸੰਗਠਿਤ ਨੌਕਰੀ ਵਾਲੇ ਸਭ ਕਾਮਿਆਂ ਨੂੰ ਜੋ ਕਿਰਤੀਆਂ ਦੀ ਕੁੱਲ ਸੰਖਿਆ ਦਾ ਲਗਭਗ 93 ਪ੍ਰਤਿਸ਼ਤ ਹਨ, ਸਮਾਜਿਕ ਸੁਰੱਖਿਆ ਨਹੀਂ ਮਿਲਦੀ। ਕਿਉਂਕਿ ਕਿਰਤੀਆਂ ਦੀ ਅਜਿਹੀ ਜਮਾਤ ਦਾ ਵੱਡਾ ਭਾਗ ਸਵੈ-ਰੁਜ਼ਗਾਰ ਵਿਚ ਲੱਗਿਆ ਹੋਇਆ ਹੈ। ਇਸ ਲਈ ਸਮਾਜਿਕ ਸੁਰੱਖਿਆ ਦੇ ਘੇਰੇ ਤੋਂ ਬਾਹਰ ਹੈ। ਉਦਾਹਰਣ ਦੇ ਤੌਰ ਤੇ ਸਮਾਜਿਕ ਸੁਰੱਖਿਆ ਘੇਰੇ ਦੇ ਅੰਕੜੇ ਅਸਲ ਵਿਚ ਸਿਰਫ਼ 31.5 ਪ੍ਰਤਿਸ਼ਤ ਜਾਂ ਕੁੱਲ 47 ਕਰੋੜ 40 ਲੱਖ ਕਿਰਤੀਆਂ ਦੀ ਜਮਾਤ ਵਿਚੋਂ, 2011-12 ਵਿਚ 14 ਕਰੋੜ

95 ਲੱਖ ਕਾਮਿਆਂ ਦੇ ਹੀ ਲਏ ਗਏ ਸਨ। ਦੂਸਰੇ ਸ਼ਬਦਾਂ ਵਿਚ, ਬਾਕੀ 68.5 ਪ੍ਰਤਿਸ਼ਤ ਕਿਰਤੀ ਜਾਂ ਤਾਂ ਸਵੈ-ਰੁਜ਼ਗਾਰ ਵਾਲੇ ਹਨ ਅਤੇ ਜਾਂ ਫ਼ਸਲਾਂ ਨਾਲ ਜੁੜੇ ਅਤੇ ਖੇਤੀਬਾੜੀ ਖੇਤਰ ਵਿਚ ਸਨ ਜੋ ਸਮਾਜਿਕ ਸੁਰੱਖਿਆ ਦੇ ਘੇਰੇ ਤੋਂ ਬਾਹਰ ਸੀ। ਉਦਾਹਰਣ ਦੇ ਤੌਰ ਤੇ ਅਸੰਗਠਿਤ ਖੇਤਰ ਵਿਚ 7 ਕਰੋੜ 8 ਲੱਖ ਕਿਰਤੀ ਹੀ ਅਜਿਹੇ ਸਮਾਜਿਕ ਸੁਰੱਖਿਆ ਲਾਭ ਦੇ ਪਾਤਰ ਹਨ ਜੋ ਇਸ ਖੇਤਰ ਵਿਚਲੇ ਕੁੱਲ ਕਿਰਤੀਆਂ ਦਾ ਸਿਰਫ਼ 18.9 ਪ੍ਰਤਿਸ਼ਤ ਹਿੱਸਾ ਹੀ ਹੈ। ਇਸ ਦੇ ਮੁਕਾਬਲੇ, ਸੰਗਠਿਤ ਖੇਤਰ ਵਿਚ ਲਗਭਗ 78.8 ਪ੍ਰਤਿਸ਼ਤ ਕਾਮੇ ਸਮਾਜਿਕ ਸੁਰੱਖਿਆ ਲਾਭ ਉਠਾਉਣ ਦੇ ਪਾਤਰ ਹਨ ਜੋ ਉਸ ਖੇਤਰ ਦੇ ਕੁੱਲ ਕਿਰਤੀਆਂ ਦਾ ਲਗਭਗ 80 ਪ੍ਰਤਿਸ਼ਤ ਹੈ। ਇਹ ਬੁਨਿਆਦੀ ਤੌਰ ਤੇ ਇਸ ਲਈ ਹੈ ਕਿਉਂਕਿ ਸੰਗਠਿਤ ਖੇਤਰ ਵਿਚ ਕਾਮਿਆਂ ਦੀ ਵੱਡੀ ਗਿਣਤੀ ਬਾਕਾਇਦਾ ਨੌਕਰੀਸ਼ੁਦਾ ਹੈ ਜਾਂ ਆਰਜ਼ੀ ਕਾਮਿਆਂ ਦੇ ਤੌਰ ਤੇ ਕੰਮ ਕਰ ਰਹੀ ਹੈ। ਇਸ ਤਰ੍ਹਾਂ ਵਧੇਰੇ ਗਿਣਤੀ ਸਮਾਜਿਕ ਸੁਰੱਖਿਆ ਦੀ ਹੱਕਦਾਰ ਹੈ।

ਇਸ ਤੋਂ ਇਲਾਵਾ, 2011-12 ਵਿਚ 14 ਕਰੋੜ 95 ਲੱਖ ਯੋਗ ਕਿਰਤੀਆਂ ਵਿਚੋਂ ਸਿਰਫ਼ 3 ਕਰੋੜ 49 ਲੱਖ ਕਿਰਤੀ ਹੀ ਸਮਾਜਿਕ ਸੁਰੱਖਿਆ ਦੇ ਲਾਭਾਂ ਦੇ ਘੇਰੇ ਹੇਠ ਆਉਂਦੇ ਸਨ। ਇਨ੍ਹਾਂ ਵਿਚੋਂ 3 ਕਰੋੜ 32 ਲੱਖ ਸੰਗਠਿਤ ਖੇਤਰ ਵਿਚ ਸਨ ਅਤੇ ਬਾਕੀ 1 ਕਰੋੜ 80 ਲੱਖ ਅਸੰਗਠਿਤ ਖੇਤਰ ਵਿਚ। ਇਸ ਤੋਂ ਇਹ ਸਪੱਸ਼ਟ ਹੈ ਕਿ ਸਿਰਫ਼ ਸੰਗਠਿਤ ਖੇਤਰ ਹੀ ਆਪਣੇ ਕਿਰਤੀਆਂ ਨੂੰ ਕੁਝ ਨਾ ਕੁਝ ਸਮਾਜਿਕ ਸੁਰੱਖਿਆ ਦਿੰਦਾ ਹੈ ਜਦੋਂ ਕਿ ਅਸੰਗਠਿਤ ਖੇਤਰ ਵਿਚ ਇਹ ਸਿਰਫ਼ ਨਾਂ ਮਾਤਰ ਹੀ ਹੈ। ਪਰ ਦੋਹਾਂ ਖੇਤਰਾਂ ਵਿਚ ਹੀ ਕਿਉਂਕਿ ਰੁਜ਼ਗਾਰ ਦੇਣ ਵਾਲੇ ਸਮਾਜਿਕ ਸੁਰੱਖਿਆ ਲਾਭਾਂ ਵਿਚ ਕੋਈ ਯੋਗਦਾਨ ਨਹੀਂ ਪਾਉਂਦੇ ਇਸ ਲਈ ਕਿਰਤੀਆਂ ਦਾ ਵੱਡਾ ਹਿੱਸਾ ਸਮਾਜਿਕ ਸੁਰੱਖਿਆ ਲਾਭਾਂ ਤੋਂ ਵਾਂਝਾ ਰਹਿ ਜਾਂਦਾ ਹੈ।


## ਵਿਵਸਥਾ ਤੇ ਜਥੇਬੰਦੀ ਦਾ ਨਾ ਹੋਣਾ

ਭਾਰਤੀ ਮਜ਼ਦੂਰ ਮੰਡੀ ਬਹੁਤਾ ਕਰਕੇ ਅਨਿਯਮਤ ਹੈ। 90 ਪ੍ਰਤਿਸ਼ਤ ਤੋਂ ਵੱਧ ਕਿਰਤੀ ਜੋ ਵਧੇਰੇ ਕਰਕੇ ਅਸੰਗਠਿਤ ਅਰਥਵਿਵਸਥਾ ਖੇਤਰ ਵਿਚ ਹਨ, ਨਿਯਮਤ ਘੇਰੇ ਤੋਂ ਬਾਹਰ ਹਨ – ਕਾਨੂੰਨੀ ਤੌਰ ਤੇ ਜਾਂ ਅਸਲੀਅਤ ਵਿਚ। ਕਿਰਤੀਆਂ ਨਾਲ ਸੰਬੰਧਿਤ ਕਾਇਦੇ-ਕਾਨੂੰਨ ਵਧੇਰੇ ਕਰਕੇ ਸੰਗਠਿਤ ਖੇਤਰ ਦੇ ਕਿਰਤੀਆਂ ਲਈ ਹਨ। ਕਿਰਤੀਆਂ ਨਾਲ ਜੁੜੇ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਨਾ ਕੀਤੇ ਜਾਣ ਦੀ ਸੂਰਤ ਵਿਚ ਕੰਮ ਦੇ ਹਾਲਾਤ, ਉਜਰਤ ਅਤੇ ਸਮਾਜਿਕ ਸੁਰੱਖਿਆ ਦੀਆਂ ਮਦਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਇਸ ਤਰ੍ਹਾਂ ਅਸੰਗਠਿਤ ਖੇਤਰ ਦੇ ਕਿਰਤੀ ਕੰਮ ਦੇ ਸਥਾਨ 'ਤੇ ਆਪਣੇ ਹੱਕਾਂ ਲਈ ਆਪਣੇ ਆਪ ਲੜਨ ਜੋਗੇ ਰਹਿ ਗਏ। ਇਸ ਮਾਮਲੇ ਵਿਚ ਵਧੇਰੇ ਸੰਗੀਨ ਗੁੰਝਲ ਇਹ ਵੀ ਹੈ ਕਿ ਕੁੱਲ ਕਿਰਤੀਆਂ ਦਾ ਸਿਰਫ਼ 2 ਪ੍ਰਤਿਸ਼ਤ ਹਿੱਸਾ ਅਤੇ ਗ਼ੈਰ-ਖੇਤੀਬਾੜੀ ਖੇਤਰ ਦੇ ਕਾਮਿਆਂ ਦਾ 5 ਪ੍ਰਤਿਸ਼ਤ ਹਿੱਸਾ ਹੀ ਕਿਸੇ ਨਾ ਕਿਸੇ ਯੂਨੀਅਨ ਨਾਲ ਜੁੜਿਆ ਹੋਇਆ ਹੈ।

ਵਿਵਸਥਾ ਦੀ ਘਾਟ ਕਾਰਨ ਨਾ ਸਿਰਫ਼ ਕਿਰਤੀਆਂ ਉਪਰ ਅਸਰ ਪੈਂਦਾ ਹੈ ਸਗੋਂ ਲਘੂ ਅਤੇ ਛੋਟੀਆਂ ਇਕਾਈਆਂ ਉਪਰ ਵੀ। ਇਹ ਆਰਥਿਕ ਇਕਾਈਆਂ ਵਧੇਰੇ ਕਰਕੇ ਅਨਿਯਮਤ ਹਨ ਅਤੇ ਇਨ੍ਹਾਂ ਨੂੰ ਸੁਰੱਖਿਆ ਸੰਪਦਾ ਅਧਿਕਾਰ ਪ੍ਰਾਪਤ ਨਹੀਂ ਹਨ, ਇਸ ਲਈ ਇਹ ਪੂੰਜੀ ਅਤੇ ਕਰਜ਼ਾ ਦੋਹਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਨ੍ਹਾਂ ਅਦਾਰਿਆਂ ਨੂੰ ਨਿਯਮਤ ਘੇਰੇ ਵਿਚ ਲਿਆਉਣ ਦੀ ਲੋੜ ਹੈ ਅਤੇ ਵਿੱਤ, ਮੰਡੀ, ਆਧਾਰਕ ਢਾਂਚਾ, ਹੁਨਰ ਵਿਕਾਸ ਅਤੇ ਹੋਰ ਸੰਬੰਧਿਤ ਸਰਗਰਮੀਆਂ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਉਨ੍ਹਾਂ ਨੂੰ ਵਧੇਰੇ ਉਪਯੋਗੀ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੇ ਕਾਰਜ ਖੇਤਰ ਨੂੰ ਹੋਰ ਮੋਕਲਾ ਕੀਤਾ ਜਾ ਸਕੇ।

ਜਿਵੇਂ ਕਿ ਦੇਖਿਆ ਗਿਆ ਹੈ, ਉਨ੍ਹਾਂ ਸਭ ਲੋਕਾਂ ਨੂੰ ਜੋ ਸਿੱਖਿਆ, ਹੁਨਰ ਜਾਂ ਕਿਸੇ ਹੋਰ ਘਾਟ ਕਾਰਨ ਸੰਗਠਿਤ ਕਿਰਤੀ ਜਮਾਤ ਵਿਚ ਸ਼ਾਮਿਲ ਨਹੀਂ ਹੋ ਸਕੇ, ਅਸੰਗਠਿਤ ਖੇਤਰ ਸਹਾਰਾ ਦਿੰਦਾ ਹੈ। ਅਸਲੀਅਤ ਇਹ ਹੈ ਕਿ ਸੰਗਠਿਤ ਖੇਤਰ ਵਿਚ ਚੰਗੀ ਉਜਰਤ, ਵਧੀਆ ਕੰਮਕਾਜੀ ਹਾਲਾਤ ਅਤੇ ਸਮਾਜਿਕ ਸੁਰੱਖਿਆ ਵਾਲੀਆਂ ਨੌਕਰੀਆਂ ਦੀ ਘਾਟ ਕਿਰਤੀਆਂ ਨੂੰ ਰੋਜ਼ੀ-ਰੋਟੀ ਲਈ ਕੁਝ ਨਾ ਕੁਝ ਹਾਸਲ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ, ਭਾਵੇਂ ਉਹ ਅਸੰਗਠਿਤ ਖੇਤਰ ਵਿਚ ਕਿੰਨਾ ਹੀ ਜੋਖਮ ਭਰਿਆ ਘੱਟ ਉਜਰਤ ਵਾਲਾ ਅਤੇ ਘਟੀਆ ਕੰਮਕਾਜੀ ਹਾਲਾਤ ਵਾਲਾ ਕਿਉਂ ਨਾ ਹੋਵੇ। ਇਸੇ ਤਰ੍ਹਾਂ, ਸੰਗਠਿਤ ਖੇਤਰ ਵਿਚ ਰੁਜ਼ਗਾਰ ਦੇ ਰਿਸ਼ਤਿਆਂ ਦੇ ਅਸੰਗਠਿਤ ਹੋਣ ਨੂੰ ਵੀ ਹੁਣ ਮੰਨਿਆ ਗਿਆ ਹੈ ਅਤੇ ਇਸ ਨੂੰ ਵੀ ਉਨਾ ਹੀ ਚਿੰਤਾ ਦਾ ਵਿਸ਼ਾ ਕਰ ਕੇ ਜਾਣਿਆ ਜਾਂਦਾ ਹੈ। ਸੰਗਠਿਤ ਖੇਤਰ ਵਿਚ ਅਨਿਯਮਤ ਕਿਰਤੀ ਵੀ ਹੁਣ ਅਸੰਗਠਿਤ ਖੇਤਰ ਦੇ ਕਿਰਤੀਆਂ ਵਾਂਗ, ਕਿਰਤੀਆਂ ਲਈ ਮਿਆਰਾਂ ਦੀ ਘਾਟ ਦਾ ਸ਼ਿਕਾਰ ਹੁੰਦੇ ਹਨ ਅਤੇ ਦੁੱਖ ਝੱਲਦੇ ਹਨ। ਇਸ ਨਿਯਮਤ ਕਰਨ ਵੱਲ ਕਦਮ ਉਠਾਉਣ ਤੋਂ ਪਹਿਲਾਂ ਇਸ ਅਸਲੀਅਤ

ਚਿੱਤਰ-3 : ਕਿਰਤੀਆਂ ਲਈ ਸਮਾਜਿਕ ਸੁਰੱਖਿਆ ਦਾ ਘੇਰਾ (ਮਿਲੀਅਨ ਵਿਚ), 2011-12




*ਸਰੋਤ : ਰਾਸ਼ਟਰੀ ਸੈਂਪਲ ਸਰਵੇ ਦਫ਼ਤਰ ਦਾ 68ਵਾਂ (2011-12) ਗੇੜ*

ਨੂੰ ਜਾਣਨਾ ਬਹੁਤ ਜ਼ਰੂਰੀ ਹੈ।

ਲੰਬੇ ਸਮੇਂ ਤੋਂ ਸਰਕਾਰ ਨੇ ਕਾਨੂੰਨਾਂ, ਨੀਤੀਆਂ ਅਤੇ ਪ੍ਰੋਗਰਾਮਾਂ ਦੀ ਸ਼ਕਲ ਵਿਚ ਅਸੰਗਠਿਤ ਅਰਥਵਿਵਸਥਾ ਨੂੰ ਹੌਲੀ-ਹੌਲੀ ਨਿਯਮਤ ਕਰਨ ਲਈ ਕਈ ਕਦਮ ਉਠਾਏ ਹਨ। ਉਦਾਹਰਣ ਲਈ, ਅਸੰਗਠਿਤ ਖੇਤਰ ਦੇ ਉੱਦਮਾਂ ਦੇ ਰਾਸ਼ਟਰੀ ਕਮਿਸ਼ਨ ਨੇ ਇਕ ਬੁਨਿਆਦੀ 'ਘੱਟੋ-ਘੱਟ ਸਮਾਜਿਕ ਪੱਧਰ' ਅਤੇ ਅਸੰਗਠਿਤ ਖੇਤਰ ਦੇ ਕਿਰਤੀਆਂ ਲਈ ਰੁਜ਼ਗਾਰ ਅਤੇ ਰੁਜ਼ਗਾਰ ਦੇ ਮੌਕੇ ਵਧਾ ਕੇ ਸੰਗਠਿਤ ਅਤੇ ਅਸੰਗਠਿਤ ਦੋਹਾਂ ਖੇਤਰਾਂ ਵਿਚ 'ਰੋਜ਼ੀ-ਰੋਟੀ ਵਿਵਸਥਾ ਵਧਾਉਣ' ਲਈ ਵਿਚਾਰ ਪੇਸ਼ ਕੀਤਾ (ਐਸ ਸੀ ਈ ਯੂ ਐੱਸ, 2007)।

ਹਾਲ ਹੀ ਵਿਚ, ਜੂਨ 2014 ਵਿਚ ਅੰਤਰ-ਰਾਸ਼ਟਰੀ ਮਜ਼ਦੂਰ ਸੰਗਠਨ ਨੇ ਅੰਤਰਰਾਸ਼ਟਰੀ ਮਜ਼ਦੂਰ ਕਾਂਗਰਸ ਦੇ 103ਵੇਂ ਇਜਲਾਸ ਵਿਚ ਇਕ ਅੰਤਰਰਾਸ਼ਟਰੀ ਦਸਤਾਵੇਜ਼ ਦੇ ਪੇਪਰ ਉਪਰ ਵਿਚਾਰ-ਵਟਾਂਦਰਾ ਕੀਤਾ ਜਿਸ ਵਿਚ ਅਸੰਗਠਿਤ ਖੇਤਰ ਤੋਂ ਸੰਗਠਿਤ ਖੇਤਰ ਵੱਲ ਬਦਲਾਅ ਲਈ 7 ਨੀਤੀਆਂ ਦਾ ਸੁਝਾਅ ਦਿਤਾ ਗਿਆ ਹੈ। ਅਸੰਗਠਿਤ ਉੱਦਮਾਂ ਦੇ ਰਾਸ਼ਟਰੀ ਕਮਿਸ਼ਨ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵਲੋਂ ਸੁਝਾਈਆਂ ਨੀਤੀਆਂ ਵਿਚ ਕਾਫ਼ੀ ਸਮਾਨਤਾ ਹੈ। ਅਸੰਗਠਿਤ ਅਰਥਵਿਵਸਥਾ ਦੇ ਸੰਗਠਿਤ ਕਰਨ ਲਈ ਸੁਝਾਈਆਂ ਨੀਤੀਆਂ ਦੇ ਕੁਝ ਮੁੱਖ ਮੁੱਦੇ ਭਾਰਤੀ ਸੰਦਰਭ 'ਚ ਹੇਠ ਦਿਤੇ ਅਨੁਸਾਰ ਵਿਚਾਰ ਕੀਤੇ ਜਾ ਰਹੇ ਹਨ।

● ਵਧੇਰੇ ਵਿਕਾਸ ਅਤੇ ਵਧੇਰੇ ਰੁਜ਼ਗਾਰ ਮੁਖੀ ਖੇਤਰ ਉਪਰ ਜ਼ੋਰ ਦੇ ਕੇ ਜੋ ਕਿਰਤੀ ਜਮਾਤ ਵਿਚ ਸ਼ਾਮਿਲ ਹੋਣ ਵਾਲੇ ਨਵੇਂ ਲੋਕਾਂ, ਬੇਰੁਜ਼ਗਾਰ ਅਤੇ ਅਸੰਗਠਿਤ ਅਰਥਵਿਵਸਥਾ ਵਿਚ ਫਸੇ ਲੋਕਾਂ ਲਈ ਉੱਚ ਪੱਧਰੀ ਅਤੇ ਚੰਗੀ ਕਮਾਈ ਵਾਲਾ ਰੁਜ਼ਗਾਰ ਪੈਦਾ ਕਰਨਾ। ਜਿਥੋਂ ਤਕ ਸੰਭਵ ਹੋ ਸਕੇ, ਰੁਜ਼ਗਾਰ ਮੁਖੀ ਵਿਸ਼ਾਲ ਆਰਥਿਕ ਅਤੇ ਖੇਤਰੀ ਨੀਤੀਆਂ ਅਪਨਾ ਕੇ ਅਤੇ ਪਾਇਦਾਰ ਉੱਦਮਾਂ ਰਾਹੀਂ ਸੰਗਠਿਤ ਅਰਥਵਿਵਸਥਾ ਵਿਚ ਵਧੇਰੇ ਨੌਕਰੀਆਂ ਪੈਦਾ ਕਰਨ ਅਤੇ ਅਸੰਗਠਿਤ ਅਰਥਵਿਵਸਥਾ ਵਿਚ ਕੰਮ ਦੇ ਹਾਲਾਤ (ਕੰਮ ਦੇ ਭੌਤਿਕੀ ਹਾਲਾਤ ਅਤੇ ਕੰਮਕਾਜ ਦੇ ਸਮੇਂ) ਵਿਚ ਸੁਧਾਰ ਕਰਨ ਉਪਰ ਜ਼ੋਰ ਦੇਣਾ।

● ਕੰਮ ਦੇ ਹਾਲਾਤ ਵਿਚ ਸੁਧਾਰ ਕਰਨ ਲਈ ਅਤੇ ਕੰਮ ਦੇ ਸਥਾਨ 'ਤੇ ਅਧਿਕਾਰਾਂ ਦੀ ਸੁਰੱਖਿਆ ਲਈ ਅਸੰਗਠਿਤ ਅਰਥਵਿਵਸਥਾ ਨਾਲ ਸੰਬੰਧਿਤ ਕਿਰਤੀ ਕਾਨੂੰਨਾਂ ਦਾ ਅਸਰਦਾਰ ਲਾਗੂਕਰਨ ਅਤੇ ਉਨ੍ਹਾਂ ਦੀ ਪਾਲਣਾ ਕਰਨਾ। ਬੱਚਿਆਂ ਨੂੰ ਨੌਕਰੀ 'ਤੇ ਰੱਖਣ, ਜ਼ਬਰਦਸਤੀ ਮਜ਼ਦੂਰੀ ਕਰਾਉਣ ਅਤੇ ਕੰਮ ਦੇ ਸਥਾਨ 'ਤੇ ਹੱਕਾਂ ਦੀਆਂ ਹੋਰ ਅਜਿਹੀਆਂ ਭਿਆਨਕ ਹੁਕਮ ਅਦੂਲੀਆਂ ਦੀ ਸੂਰਤ ਵਿਚ ਕਾਨੂੰਨ ਦੀ ਪਾਲਣਾ ਅਤੇ ਲਾਗੂਕਰਨ ਸਖ਼ਤੀ ਨਾਲ ਕਰਕੇ ਢੁਕਵੀਂ ਸਜ਼ਾ ਦੇਣਾ। ਚਾਲੂ ਕਿਰਤੀ ਕਾਨੂੰਨਾਂ ਦੇ ਲਾਗੂਕਰਨ ਦੀ ਸ਼ੁਰੂਆਤੀ ਹੱਦ ਹੌਲੀ-ਹੌਲੀ ਘਟਾ ਕੇ ਸਭ ਕਾਮਿਆਂ ਅਤੇ ਆਰਥਿਕ ਇਕਾਈਆਂ ਨੂੰ ਉਨ੍ਹਾਂ ਦੇ ਘੇਰੇ ਵਿਚ ਲਿਆਉਣ ਦੀ ਲੋੜ ਹੈ। ਇਸ ਤਰ੍ਹਾਂ ਅਸੰਗਠਿਤ ਅਰਥਵਿਵਸਥਾ ਵਿਚ ਇਕਾਈਆਂ ਦੇ ਰਿਕਾਰਡ/ ਰਜਿਸਟਰਾਂ ਨੂੰ ਵੀ ਦਰਜਸ਼ੁਦਾ ਹੋਣ ਲਈ ਪ੍ਰੇਰਿਤ ਕਰਨ ਲਈ ਸੁਧਾਰ ਦੀ ਲੋੜ ਹੈ।

● ਅਸੰਗਠਿਤ ਅਰਥਵਿਵਸਥਾ ਕਿਰਤੀਆਂ ਅਤੇ ਉੱਦਮਾਂ ਵਿਚ ਨਿਪੁੰਨਤਾ ਜੋ 2009 ਵਿਚ ਕਿਰਤ ਅਤੇ ਰੁਜ਼ਗਾਰ ਮੰਤਰਾਲਾ ਵਲੋਂ ਬਣਾਈ ਮੁਹਾਰਤ ਵਿਕਾਸ ਨੀਤੀ ਅਨੁਸਾਰ ਸੋਚੀ ਗਈ। ਇਸ ਸਮੁੱਚੇ ਮੁਹਾਰਤ ਵਿਕਾਸ ਨਮੂਨੇ ਦਾ ਇਕ ਮਹੱਤਵਪੂਰਨ ਅੰਗ ਹੈ ਅਸੰਗਠਿਤ ਅਰਥਵਿਵਸਥਾ ਦੇ ਕਾਮਿਆਂ ਦੀ ਸਿੱਖਿਆ। ਨਿਪੁੰਨਤਾ ਦਾ ਪਹਿਲਾਂ ਤੋਂ ਮੁੱਲੰਕਣ ਅਤੇ ਉਸ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੀ ਪਹਿਲਾਂ ਤੋਂ ਪ੍ਰਾਪਤ ਸਿੱਖਿਆ ਨੂੰ ਸਰਟੀਫਿਕੇਟ ਦੇਣਾ। ਪਹਿਲਾਂ ਤੋਂ ਪ੍ਰਾਪਤ ਸਿੱਖਿਆ ਦੇ ਸਿੱਟੇ ਆਧਾਰਤ ਮੁੱਲੰਕਣ ਨਾਲ ਅਸੰਗਠਿਤ ਖੇਤਰ ਦੇ ਕਾਮਿਆਂ ਨੂੰ ਇਹ ਸਿੱਧ ਕਰਨ ਦਾ ਮੌਕਾ ਮਿਲਦਾ ਹੈ ਕਿ ਉਹ ਅਮੁਕ ਖ਼ਾਸ ਕੰਮ ਕਰਨ ਦੇ ਸਮਰੱਥ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਨੌਕਰੀਆਂ ਬਦਲਣ ਅਤੇ ਵਧੇਰੇ ਉਜਰਤ ਹਾਸਲ ਕਰਨ ਵਿਚ ਮਦਦ ਮਿਲਦੀ ਹੈ।

● ਅਸੰਗਠਿਤ ਅਰਥਵਿਵਸਥਾ ਵਿਚ ਕੰਮ ਕਰ ਰਹੇ ਕਿਰਤੀਆਂ ਨੂੰ ਸਮਾਜਿਕ ਸੁਰੱਖਿਆ ਦੇ ਘੇਰੇ ਵਿਚ ਲਿਆਉਣਾ ਅਤੇ ਉਨ੍ਹਾਂ ਦੀ ਇਕ ਕੇਂਦਰ ਮੁਖੀ ਨੀਤੀ ਵਿਧੀ ਅਨੁਸਾਰ ਸਭ ਸਮਾਜਿਕ ਸੁਰੱਖਿਆ ਲਾਭਾਂ ਤਕ ਪਹੁੰਚ ਬਣਾਉਣਾ ਜਿਸ ਦੇ ਘੇਰੇ 'ਚ ਵਿਧਵਾਵਾਂ ਤੇ ਬਜ਼ੁਰਗਾਂ ਨੂੰ ਸਿਹਤ, ਹਾਦਸੇ, ਜਣੇਪਾ ਤੇ ਪੈਨਸ਼ਨ ਲਾਭ ਲਿਆਂਦੇ ਜਾਣ।

● ਸੰਸਥਾਨ, ਨੁਮਾਇੰਦਗੀ ਅਤੇ ਸਮਾਜਿਕ ਵਿਚਾਰ-ਵਟਾਂਦਰੇ ਨੂੰ ਉਤਸਾਹਤ ਕਰਨਾ : ਭਾਰਤ ਇਕ ਲੋਕਤੰਤਰੀ ਅਤੇ ਸੁਤੰਤਰ ਉੱਦਮਾਂ ਵਾਲੀ ਅਰਥਵਿਵਸਥਾ ਹੋਣ ਨਾਲ, ਇਸ ਦੇ ਕਿਰਤੀਆਂ ਅਤੇ ਕੰਮ ਦੇਣ ਵਾਲਿਆਂ ਦੇ ਸੰਸਥਾਨ, ਮਹੱਤਵਪੂਰਨ ਸਮਾਜਿਕ ਅਤੇ ਮਜ਼ਦੂਰ ਮੰਡੀ ਸੰਸਥਾਨ ਹਨ। ਦੇਸ਼ ਦੇ ਸੰਵਿਧਾਨ ਅਤੇ ਕਾਨੂੰਨੀ ਢਾਂਚੇ ਵਿਚ ਇਕ ਆਜ਼ਾਦ, ਖੁੱਲ੍ਹੀ ਅਤੇ ਬਹੁ-ਪੱਖੀ ਯੂਨੀਅਨ ਦੀ ਖੁੱਲ੍ਹ ਹੈ। ਪਰ ਇਨ੍ਹਾਂ ਸਕਾਰਾਤਮਕ ਪਹਿਲੂਆਂ ਦੇ ਬਾਵਜੂਦ, ਅਸੰਗਠਿਤ ਅਰਥਵਿਵਸਥਾ ਵਿਚ ਕਮਜ਼ੋਰ ਵਰਗ ਜਿਵੇਂ ਕਿ ਔਰਤ ਕਿਰਤੀ, ਆਰਜ਼ੀ ਕਾਮੇ, ਰੇੜ੍ਹੀ-ਫੜ੍ਹੀ ਵਾਲੇ, ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਅਦਲਾਬਦਲੀ ਵਾਲੇ ਕਾਮੇ, ਘਰਾਂ ਵਿਚ ਕੰਮ ਕਰਨ ਵਾਲੇ ਕਾਮੇ ਅਤੇ ਘਰੇਲੂ ਮਜ਼ਦੂਰ ਵਰਗ ਦੀ ਹਾਲੇ ਵੀ ਘੱਟ ਨੁਮਾਇੰਦਗੀ ਹੈ। ਇਸ ਨੁਮਾਇੰਦਗੀ ਖੱਪੇ ਨੂੰ ਪੂਰਨ ਦੀ ਲੋੜ ਹੈ ਜਿਸ ਨਾਲ ਅਸੰਗਠਿਤ ਅਰਥਵਿਵਸਥਾ ਦੇ ਕਿਰਤੀਆਂ ਅਤੇ ਇਕਾਈਆਂ ਦੀ ਸੌਦੇਬਾਜ਼ੀ ਕਰਨ ਦੀ ਤਾਕਤ ਨੂੰ ਮਜ਼ਬੂਤੀ ਮਿਲੇਗੀ ਅਤੇ ਸੰਗਠਿਤ ਖੇਤਰ ਵੱਲ ਬਦਲਾਅ ਦਾ ਰਾਹ ਪੱਧਰਾ ਹੋਵੇਗਾ।

● ਸੂਖਮ, ਛੋਟੇ ਅਤੇ ਮੱਧਮ ਦਰਜੇ ਦੇ ਉੱਦਮਾਂ ਦੀ ਵਿੱਤ, ਮੰਡੀਕਰਨ, ਪ੍ਰਬੰਧਨ ਅਤੇ ਨਵੀਨ ਤਕਨਾਲੋਜੀ ਤਕ ਪਹੁੰਚ ਬਣਾਉਣਾ ਅਤੇ ਉਨ੍ਹਾਂ ਵਲੋਂ ਆਪਣੇ ਉਤਪਾਦਨ ਵਿਚ ਵਾਧਾ ਕਰਨ ਅਤੇ ਇਸ ਨਾਲ ਜੁੜੇ ਵਿਕਾਸ ਅਤੇ ਉਪਜਾਇਕਤਾ ਨੂੰ ਵਧਾਉਣ ਵਿਚ ਕਾਨੂੰਨੀ ਅਤੇ ਹੋਰ ਅੜਚਨਾਂ ਦੂਰ ਕਰਨਾ।

ਅੰਤ ਵਿਚ, ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਵਿਚ ਅਸੰਗਠਿਤ ਅਰਥਵਿਵਸਥਾ ਬਹੁਤ ਵਿਖਮ ਅਤੇ ਵੱਖ-ਵੱਖ ਤਰ੍ਹਾਂ ਦੀ ਹੈ। ਅਸੰਗਠਿਤ ਅਰਥਵਿਵਸਥਾ ਦੇ ਕਿਰਤੀਆਂ ਅਤੇ ਇਕਾਈਆਂ ਦੀ ਵਿਖਮਤਾ ਅਤੇ ਵਿਭਿੰਨਤਾ ਬੁਨਿਆਦੀ ਅਸੂਲਾਂ ਅਤੇ ਕੰਮ ਦੇ ਸਥਾਨ ਦੇ ਹੱਕਾਂ ਦੇ ਘੇਰੇ ਦਾ ਆਦਰ ਕਰਦੇ ਹੋਏ ਇਕ ਗਿਣੀ-ਮਿਥੀ ਪਹੁੰਚ ਰਖਣ ਦਾ ਸੱਦਾ ਦਿੰਦੀ ਹੈ। ਇਸ ਤੋਂ ਇਲਾਵਾ, ਅਸੰਗਠਿਤ ਅਰਥਵਿਵਸਥਾ ਵਿਚ ਰੋਜ਼ੀ-ਰੋਟੀ ਅਤੇ ਉੱਦਮੀ ਮੌਕਿਆਂ ਦੀ ਸੰਭਾਲ ਜ਼ਰੂਰੀ ਹੈ ਅਤੇ ਬਦਲਾਅ ਦੇ ਖਰਚੇ ਨੂੰ ਘੱਟ ਕਰਨ ਦੀ ਲੋੜ ਹੈ ਜਦ ਕਿ ਅਸੰਗਠਿਤ ਅਰਥਵਿਵਸਥਾ ਵੱਲ ਹੌਲੀ-ਹੌਲੀ ਬਦਲਾਅ ਲਈ ਲਾਭਾਂ ਨੂੰ ਵੱਧ ਤੋਂ ਵੱਧ ਕਰਨ ਦੀ ਲੋੜ ਹੈ।

*(ਲੇਖਕ ਵੀ.ਵੀ.ਗਿਰੀ ਨੈਸ਼ਨਲ ਲੇਬਰ ਇੰਸਟੀਚਿਊਟ, ਨਵੀਂ ਦਿੱਲੀ ਵਿਖੇ ਫੈਕੂਲਿਟੀ ਹਨ।)*

# ਭਾਰਤ ਵਿਚ ਸਮਾਜਿਕ ਆਰਥਿਕ ਵਿਕਾਸ ਲਈ ਅੰਤਰਰਾਸ਼ਟਰੀ ਕਾਢਾਂ ਤੋਂ ਸਬਕ

ਮਨੋਜ ਜੋਸ਼ੀ, ਅਪੂਰਵਾ ਸ੍ਰੀਵਾਸਤਵ ਤੇ (ਸ੍ਰੀਮਤੀ) ਬਲਵਿੰਦਰ ਸ਼ੁਕਲਾ

## ਨਵੀਂ ਕਾਢ ਅਤੇ ਨਵੀਨਤਾ ਪ੍ਰਚਲਨ

ਕਾਢਾਂ ਦੀ ਪਰਿਭਾਸ਼ਾ ਬਾਰੇ ਬਹੁਤ ਕੁਝ ਲਿਖਿਆ ਨਹੀਂ ਮਿਲਦਾ। ਰੋਜਰਜ਼ (1983) ਨੇ ਕਾਢਾਂ ਦੀ ਪਰਿਭਾਸ਼ਾ ਇਕ ਵਿਚਾਰ, ਵਿਹਾਰ ਜਾਂ ਕੋਈ ਅਜਿਹੀ ਵਸਤੂ ਜੋ ਉਨ੍ਹਾਂ ਵਿਅਕਤੀਆਂ ਜਾਂ ਇਕਾਈਆਂ ਵਲੋਂ ਜੋ ਉਸ ਨੂੰ ਆਪਣਾਉਂਦੇ ਹਨ ਨਵੀਂ ਕਰ ਕੇ ਜਾਣੀ ਜਾਂਦੀ ਹੈ, ਦੇ ਤੌਰ ਤੇ ਦਿਤੀ ਹੈ। ਦਮਨਪੁਰ (1991, ਸਫ਼ਾ 556) ਨੇ ਕਾਢ ਨੂੰ ਇਕ ਅਜਿਹਾ ਕਲ-ਪੁਰਜ਼ਾ ਪ੍ਰਣਾਲੀ, ਨੀਤੀ, ਪ੍ਰੋਗਰਾਮ, ਪ੍ਰਕਿਰਿਆ, ਉਤਪਤੀ ਜਾਂ ਸੇਵਾ ਜੋ ਅੰਦਰ ਖਾਤੇ ਪੈਦਾ ਕੀਤੀ ਹੋਵੇ ਜਾਂ ਖਰੀਦੀ ਜਾਵੇ ਅਤੇ ਅਪਣਾਉਣ ਵਾਲੇ ਸੰਸਥਾਨ ਲਈ ਨਵੀਂ ਹੋਣ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਹੈ। ਕੁਝ ਹੋਰਨਾਂ ਨੇ ਕਾਢ ਦੀ ਪਰਿਭਾਸ਼ਾ ਕੁਝ ਵੀ ਨਵੇਂ ਜਾਂ ਸੁਧਰੇ ਹੋਏ ਦੇ ਤੌਰ ਤੇ ਕੀਤੀ ਹੈ ਜੋ ਮੁੱਲ ਵਰਧਕ ਹੋਵੇ। ਥੌਮਪਸਨ (1969) ਨੂੰ ਕਾਢ ਦੀ ਇਕ ਵੱਖਰੀ ਪਰਿਭਾਸ਼ਾ ਅਜਿਹੇ ਉਤਪਾਦਨ ਅਤੇ ਸੇਵਾਵਾਂ ਜੋ ਮੁਕਾਬਲੇ ਤੋਂ ਹਟ ਕੇ ਹੋਣ ਅਤੇ ਉਪਭੋਗਤਾ ਲਈ ਵਾਜਬ ਕੀਮਤ 'ਤੇ ਲਾਭਕਾਰੀ ਹੋਣ, ਦਿਤੀ ਹੈ। ਅਜਿਹੇ ਉੱਦਮ, ਹਰ ਹੀਲੇ ਛੋਟੇ ਅਤੇ ਬਹੁਤੇ ਹਾਲਾਤ ਵਿਚ ਪਰਿਵਾਰਕ ਵਿਰਾਸਤ ਵਾਲੇ (ਬਰੋਹੋਜ਼, 1980), ਤੇਜ਼ੀ ਨਾਲ ਵਿਕਸਤ ਹੋਣ ਵਾਲੇ (ਡਰੱਕਰ, 1985) ਅਤੇ ਨਵੀਨ ਹੁੰਦੇ ਹਨ।

ਨਵੇਂ ਵਿਕਸਤ ਦੇਸ਼ਾਂ ਵਲੋਂ ਕੀਤੀਆਂ ਕਾਢਾਂ ਉੱਚ ਆਮਦਨ ਵਾਲੇ ਉਤਪਾਦਨਾਂ ਦਾ ਸਾਧਨ ਬਣਦੀਆਂ ਹਨ ਜਿਨ੍ਹਾਂ ਨੂੰ ਉੱਚ ਸਿੱਖਿਆ ਅਤੇ ਮੁਹਾਰਤ ਦੀ ਲੋੜ ਹੁੰਦੀ ਹੈ ਜੋ ਵੱਡੇ ਪੈਮਾਨੇ ਦੀ ਅਤੇ ਵਿਵੇਕਪੂਰਨ ਪ੍ਰਬੰਧਨ ਦੀ ਲੋੜ ਵਾਲੀ ਹੋਵੇ, ਕਿਰਤੀਆਂ ਦੀ ਉੱਚ ਉਤਪਾਦਿਕਤਾ ਵਾਲੀ ਹੋਵੇ ਅਤੇ ਜੋ ਬਾਕੀ ਅਗਾਂਹਵਧੂ ਤਕਨਾਲੋਜੀ ਪ੍ਰਣਾਲੀਆਂ ਨਾਲ ਅਦਾਨ-ਪ੍ਰਦਾਨ ਰਾਹੀਂ ਜੁੜੀ ਹੋਵੇ। ਜੇ ਇਨ੍ਹਾਂ ਕਾਢਾਂ ਨੂੰ ਸਭ ਤੋਂ ਘੱਟ ਵਿਕਸਤ ਦੇਸ਼ਾਂ ਵਿਚ ਬਿਨਾਂ ਬਦਲਾਅ ਤੋਂ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਦਾ ਸਿੱਟਾ ਸਰੋਤਾਂ ਦਾ ਇਕ ਜਗ੍ਹਾ ਕੇਂਦਰੀਕਰਨ ਹੋ ਜਾਵੇਗਾ, ਅਰਥਵਿਵਸਥਾ ਦੇ ਛੋਟੇ ਜਿਹੇ ਭਾਗ ਵਿਚ ਬੱਚਤਾਂ ਅਤੇ ਆਧਾਰਕ ਢਾਂਚੇ ਦਾ ਕੇਂਦਰੀਕਰਨ ਹੋ ਜਾਵੇਗਾ। ਇਸ ਖੇਤਰ ਵਿਚ ਆਮਦਨ ਦਾ ਕੇਂਦਰੀਕਰਨ ਹੋ ਜਾਵੇਗਾ ਜਿਸ ਨਾਲ ਉੱਚ ਆਮਦਨ ਉਤਪਾਦਨਾਂ ਅਤੇ ਪ੍ਰਣਾਲੀ ਉਤਪਤੀ ਲਈ ਮੰਡੀ ਬਣ ਜਾਵੇਗੀ। ਘੱਟ ਆਮਦਨ ਵਾਲੇ ਦੇਸ਼ਾਂ ਵਿਚ ਉਪਲਬਧ ਸਰੋਤ ਭੰਡਾਰਾਂ ਅਤੇ ਕੱਚੇ ਮਾਲ ਅਤੇ ਕਿਰਤੀਆਂ ਦੀ ਸਮਰਥਾ ਦੀ ਵਰਤੋਂ ਘੱਟ ਹੋਣ ਦੇ ਆਸਾਰ ਬਣ ਜਾਣਗੇ।

ਦੋਹਰੇ ਅਰਥਤੰਤਰਾਂ ਦੀਆਂ ਕੁਝ ਬਹੁਤ ਜਾਣੀਆਂ-ਪਛਾਣੀਆਂ ਵਿਸ਼ੇਸ਼ਤਾਈਆਂ, ਵਿਕਸਤ ਦੇਸ਼ਾਂ ਵਲੋਂ ਕੀਤੀਆਂ ਕਾਢਾਂ ਦੀਆਂ ਖ਼ੂਬੀਆਂ ਵਿਚ ਦੇਖੀਆਂ ਜਾ ਸਕਦੀਆਂ ਹਨ। ਇਸ ਦਾ ਅਰਥ ਇਹ ਹੈ ਕਿ ਘੱਟ ਆਮਦਨ ਉਪਭੋਗਤਾਵਾਂ ਲਈ ਵਧੇਰੇ ਢੁਕਵੀਂ ਤਕਨਾਲੋਜੀ ਵਧੇਰੇ ਕਾਰਗਰ ਸਾਬਤ ਹੋਵੇਗੀ। ਅੰਤਰਰਾਸ਼ਟਰੀ ਪੱਧਰ 'ਤੇ ਕਾਢਾਂ, ਧਨ ਦੌਲਤ ਦਾ ਵੱਡਾ ਹਿੱਸਾ ਉਤਪਾਦਨ ਤਕਨੀਕਾਂ ਵਿਚ ਵੱਡੀ ਪੂੰਜੀ, ਬਾਹਰ ਦੇ ਮੈਨੇਜਰਾਂ ਉਪਰ ਭਾਰੀ ਸਵੈ-ਨਿਰਭਰਤਾ (ਮਾਨਵੀ ਪੂੰਜੀ), ਮੁਹਾਰਤਾਂ ਦੀ ਕਮੀ, ਬੇਰੁਜ਼ਗਾਰੀ ਅਤੇ ਘੱਟ ਰੁਜ਼ਗਾਰ ਅਤੇ ਨਵੇਂ ਤਕਨਾਲੋਜੀ ਦੇ ਖੇਤਰ ਨਾਲੋਂ ਨਿਸਬਤਨ ਆਰਥਿਕ ਵਿਹੂਣਤਾ (ਜੋ ਆਮ ਤੌਰ ਤੇ ਪੂਰਨ ਹੁੰਦੀ ਹੈ), ਦੇਖੀ ਜਾ ਸਕਦੀ ਹੈ। ਸਿਰਫ਼ ਉਹ ਅਰਥਤੰਤਰ ਜੋ ਬਹੁਤ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ ਅਤੇ ਕਾਢਾਂ ਦੀਆਂ ਕਿਸਮਾਂ ਲਈ ਬਹੁਤ ਚੋਣਸ਼ੀਲ ਹੁੰਦੇ ਹਨ ਅਤੇ ਉਨ੍ਹਾਂ ਵਿਚ ਬਦਲਾਅ ਲਿਆਉਣ ਵਿਚ ਮਾਹਰ ਹੁੰਦੇ ਹਨ, ਹੀ ਆਪਣੇ ਕਿਰਤੀਆਂ ਦੀ ਵਧ ਰਹੀ ਜਮਾਤ ਨੂੰ ਨਵੇਂ ਖੇਤਰ ਵਿਚ ਕੰਮ ਕਰ ਕੇ ਇਸ ਦੋਹਰੇਪਨ ਉਪਰ ਕਾਬੂ ਪਾ ਸਕਦੇ ਹਨ। ਦੱਖਣੀ ਕੋਰੀਆ ਅਤੇ ਤਾਇਵਾਨ ਇਸ ਦੇ ਸੁਭਾਵਕ ਹੀ ਉਦਾਹਰਣ ਹਨ। ਇਹ ਦੋਹਰਾਪਨ ਭਾਰਤ ਵਿਚ ਵੀ ਚਲ ਰਿਹਾ ਹੈ।

ਕਾਢ ਦੀ ਵਧੇਰੇ ਢੁਕਵੀਂ ਕਿਸਮ ਦੀ ਵਿਆਖਿਆ ਉਸ ਤਕਨਾਲੋਜੀ ਦੇ ਤੌਰ ਤੇ ਕੀਤੀ ਜਾ ਸਕਦੀ ਹੈ ਜੋ ਘੱਟ ਆਮਦਨ ਉਪਭੋਗਤਾਵਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਵਧੇਰੇ ਉਪਯੋਗੀ ਹੋਵੇ। ਇਸ ਦਾ ਇਹ ਅਰਥ ਹੋਇਆ ਕਿ ਵਧੇਰੇ ਢੁਕਵੀਂ ਤਕਨਾਲੋਜੀ ਘੱਟ ਆਮਦਨ ਉਪਭੋਗਤਾਵਾਂ ਲਈ ਵਧੇਰੇ ਢੁਕਵੀਂ ਹੋਵੇਗੀ। ਦੁਨੀਆਂ ਭਰ ਵਿਚ ਨਵੀਆਂ ਕਾਢਾਂ ਕੱਢਣ ਵਾਲੇ ਧਨ-ਦੌਲਤ ਦਾ ਬਹੁਤਾ ਹਿੱਸਾ ਪੈਦਾ ਕਰਦੇ ਹਨ, ਇਹ ਨਵਾਂ ਵੀ ਹੋ ਸਕਦਾ ਹੈ ਜਾਂ ਪਹਿਲਾਂ ਤੋਂ ਪ੍ਰਾਪਤ ਧਨ-ਦੌਲਤ ਵਿਚ ਬਹੁਤ ਵੱਡਾ ਵਾਧਾ ਵੀ, ਜਦ ਕਿ ਪ੍ਰਬੰਧਕ ਅਤੇ ਹੋਰ ਵਿਅਕਤੀ ਇਸ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਬਹੁਤ ਵਿਕਾਸ ਉੱਦਮੀਆਂ ਦੇ ਸਦਕਾ ਹੁੰਦਾ ਹੈ ਅਤੇ ਇਸ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ। ਉਹ ਪੁਰਾਣੀ ਸੰਪਤੀ ਵਿਚ ਨਵੀਂ ਰੂਹ ਫੂਕ ਦਿੰਦੇ ਹਨ ਅਤੇ ਸਮੁੱਚੇ ਤੌਰ ਤੇ ਹੀ ਧਨ-ਦੌਲਤ ਦੇ ਨਵੇਂ ਸਰੋਤ ਪੈਦਾ ਕਰਦੇ ਹਨ (ਜੋਸ਼ੀ 2010)। ਵਧੇਰੇ ਢੁਕਵੀਂ ਕਾਢ ਸ਼ਾਇਦ ਸਮਾਜਿਕ ਤੌਰ ਤੇ ਬਹੁਤੀ ਉਪਯੋਗੀ ਨਾ ਹੋਵੇ।

ਇਸ ਲਈ ਇਸ ਗੱਲ ਦੀ ਖੋਜ ਕਰਨੀ

ਬਹੁਤ ਲਾਜ਼ਮੀ ਹੈ ਕਿ ਕਿਉਂ ਕੁਝ ਕੰਪਨੀਆਂ ਦੂਸਰੀ ਨਾਲੋਂ ਵੱਧ ਧਨ-ਦੌਲਤ ਪੈਦਾ ਕਰਨ ਕਾਬਲ ਹੁੰਦੀਆਂ ਹਨ। ਕਿਸ ਤਰ੍ਹਾਂ ਕੁਝ ਖੇਤਰ ਦੂਸਰਿਆਂ ਨਾਲੋਂ ਵਧੇਰੇ ਧਨ-ਦੌਲਤ ਪੈਦਾ ਕਰਦੇ ਹਨ? ਕਿਉਂ ਕੁਝ ਦੇਸ਼ ਦੂਸਰਿਆਂ ਨਾਲੋਂ ਚੰਗਾ ਕੰਮ ਕਰਦੇ ਹਨ ਅਤੇ ਧਨ-ਦੌਲਤ ਪੈਦਾ ਕਰਨ ਦੀ ਕਾਮਯਾਬੀ ਦਾ ਅਸਲ ਰਾਜ਼ ਕੀ ਹੈ? ਕੀ ਕਾਢ ਕਿਸੇ ਦੇਸ਼ ਦੇ ਸਮਾਜਿਕ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੈ?

## ਪੂੰਜੀ ਵਿਸਤਾਰ ਲਈ ਕਾਢਾਂ

ਸਾਨੂੰ ਵਿਕਸਤ ਦੇਸ਼ਾਂ ਦੀ ਤਕਨਾਲੋਜੀ ਪੱਧਰ ਜਿਥੇ ਉਹ ਪਹੁੰਚ ਚੁੱਕੇ ਹਨ, ਬਾਰੇ ਸਮਝਣਾ ਜ਼ਰੂਰੀ ਹੈ ਜੋ ਘੱਟ ਵਿਕਸਤ ਦੇਸ਼ ਕਾਢਾਂ ਕੱਢ ਕੇ ਪਹੁੰਚਦੇ ਹਨ। ਇਸ ਤੋਂ ਸਾਨੂੰ ਇਕ ਮਹੱਤਵਪੂਰਨ ਪਸਾਰ ਦਾ ਪਤਾ ਲਗਦਾ ਹੈ। 1. ਉਸ ਤਕਨਾਲੋਜੀ ਦੀ ਵਿਸ਼ੇਸ਼ ਕਿਸਮ, 2. ਸਭ ਘੱਟ ਵਿਕਸਤ ਦੇਸ਼ਾਂ ਵਿਚ ਮੁਢਲੀ ਮੈਨੇਜਰੀ ਅਤੇ ਉੱਦਮੀ ਸਮਰਥਾ ਦੀ ਉਪਲਬਧਤਾ ਅਤੇ 3. ਨਵੇਂ ਵਿਕਾਸ ਦੇ ਰਸਤੇ 'ਤੇ ਚੱਲਣ ਵਿਚ ਉਸ ਮੈਨੇਜਰੀ ਅਤੇ ਉੱਦਮੀ ਸਮਰਥਾ ਵਿਚ ਬਦਲਾਅ ਆ ਸਕਣ ਦਾ ਸੁਭਾਅ।

ਅਸਲ ਵਿਚ, ਬਦਲਾਅ ਦੀ ਪ੍ਰਵਿਰਤੀ ਦੀ ਵੱਧ ਤੋਂ ਵੱਧ ਢੁਕਵੀਂ ਵਿਆਖਿਆ ਉੱਦਮ ਦੀ ਅਸਲੀ ਕਮੀ ਹੈ ਜੋ ਇਸ ਉੱਦਮੀ, ਸਮਰਥਾ ਨੂੰ ਹਾਸਲ ਕਰਨ ਅਤੇ ਉਸ ਦਾ ਵਿਕਾਸ ਕਰਨ ਲਈ ਗ਼ੈਰ-ਰਸਮੀ ਜਾਣਕਾਰੀ ਜਾਂ ਰਸਮੀ ਸਿੱਖਿਆ ਪ੍ਰਕਿਰਿਆ ਰਾਹੀਂ ਸਮਾਂ ਦਿੰਦੀ ਹੈ। ਜਿਵੇਂ-ਜਿਵੇਂ ਵਿਵਸਥਾ ਵਿਚ ਆਯਾਤ ਬਦਲਾਅ ਦੇ ਦੌਰ ਵਿਚ ਕੁਦਰਤੀ ਸਰੋਤਾਂ ਆਧਾਰਤ ਵਿਕਾਸ ਪ੍ਰਕਿਰਿਆ ਤੋਂ ਨਿਰਯਾਤ ਬਦਲਾਅ ਦੌਰ ਵੱਲ ਮਨੁੱਖੀ ਸਰੋਤ ਆਧਾਰਤ ਪ੍ਰਣਾਲੀ ਵੱਲ ਬਦਲਾਅ ਹੁੰਦਾ ਹੈ, ਲਿਆਕਤ ਵੱਲ ਲਗਾਤਾਰ ਸੰਵੇਦਨਸ਼ੀਲਤਾ ਵਧਦੀ ਹੈ। ਸਭ ਤੋਂ ਪਹਿਲਾਂ ਘਰੇਲੂ ਗ਼ੈਰ-ਮੁਹਾਰਤ ਪ੍ਰਾਪਤ ਕਿਰਤੀਆਂ ਦੀ ਜਮਾਤ ਦੀ ਉਪਯੋਗੀ ਵਰਤੋਂ ਵੱਲ ਅਤੇ ਫਿਰ ਵਿਕਸਤ ਹੋ ਰਹੀ ਘਰੇਲੂ ਮੁਹਾਰਤ ਅਤੇ ਸੂਖਮ ਬੁੱਧੀ ਦੀ ਵਰਤੋਂ ਵੱਲ। ਦੂਜੇ ਸ਼ਬਦਾਂ ਵਿਚ, ਜੋ ਢੁਕਵੀਂ ਤਕਨਾਲੋਜੀ ਅੰਤਰ ਵਿਚ ਵਿਕਸਤ ਹੁੰਦੀ ਹੈ, ਉਹ ਪਹਿਲਾਂ ਤੋਂ ਉਪਲਬਧ ਤਕਨਾਲੋਜੀ ਹੀ ਨਹੀਂ ਹੋਣੀ ਚਾਹੀਦੀ ਸਗੋਂ ਜਾਣ-ਬੁੱਝ ਕੇ ਉਸ ਵਿਚ ਸਥਾਨਕ ਸਰੋਤਾਂ ਅਤੇ ਸਮਰਥਾਵਾਂ ਦੀ ਉਪਲਬਧਤਾ ਅਨੁਸਾਰ ਤਬਦੀਲੀਆਂ ਲਿਆਂਦੀਆਂ ਹੋਣੀਆਂ ਚਾਹੀਦੀਆਂ ਹਨ ਜੋ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ।

## ਕੋਰੀਆ ਅਤੇ ਚੀਨ ਤੋਂ ਨਵੀਆਂ ਕਾਢਾਂ ਬਾਰੇ ਸਬਕ

1970 ਦੇ ਦਹਾਕੇ ਦੇ ਅੱਧ ਤੋਂ ਲੈ ਕੇ ਅੰਤ ਤਕ ਨਾ ਕੋਰੀਆ ਨੇ ਅਤੇ ਨਾ ਹੀ ਤਾਇਵਾਨ (ਚੀਨ) ਨੇ ਸਪੱਸ਼ਟ ਤਕਨਾਲੋਜੀ ਨੀਤੀਆਂ ਅਪਣਾਈਆਂ ਸਨ। ਪਰ ਮੁੱਖ ਛੋਟਾਂ ਸਨ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਉਪਰ ਬੰਦਸ਼ਾਂ ਅਤੇ ਕੋਰੀਆ ਵਿਚ ਲਾਇਸੰਸ ਸਮਝੌਤਿਆਂ ਉਪਰ ਸਰਸਰੀ ਤਰੀਕੇ ਗੌਰ। ਇਨ੍ਹਾਂ ਦੋਹਾਂ ਦੇਸ਼ਾਂ ਵਿਚ ਅਦਾਰਿਆਂ ਵਲੋਂ ਰਾਸ਼ਟਰੀ ਆਰਥਿਕ ਨੀਤੀਆਂ ਵਿਚ ਦਿਤੇ ਪ੍ਰੇਰਕਾਂ ਨੂੰ ਹੁੰਗਾਰੇ ਕਾਰਨ ਉਤਪਾਦਿਕਤਾ ਵਿਚ ਮੁਢਲੀ ਕਮੀ ਦੂਰ ਹੋ ਗਈ। ਇਨ੍ਹਾਂ ਨੀਤੀਆਂ ਵਿਚ ਸਨ :-

- ਵਿਦੇਸ਼ੀ ਵਪਾਰ ਦੀ ਘਰੇਲੂ ਅਤੇ ਵਿਦੇਸ਼ੀ ਵਪਾਰ ਵਿਚਕਾਰ ਸੰਬੰਧਿਤ ਨਿਰਪੱਖਤਾ ਅਤੇ ਵੱਖ-ਵੱਖ ਖੇਤਰਾਂ ਨੂੰ ਸੁਰੱਖਿਆ ਵਿਚ ਬਹੁਤ ਥੋੜ੍ਹਾ ਫ਼ਰਕ ਹੋਣਾ।

- ਵਧੇਰੇ ਕਰਕੇ ਕੋਰੀਆ ਵਿਚ ਵਿਦੇਸ਼ੀ ਵਪਾਰ ਤੋਂ ਆਮਦਨ ਅਤੇ ਤਾਇਵਾਨ (ਚੀਨ) ਵਿਚ ਮੁਦਰਾ ਬਦਲਾਅ ਦਰ ਵਿਚ ਘੱਟ ਦਰ ਦਿਖਾਉਣ ਨਾਲ ਵਿਦੇਸ਼ੀ ਵਪਾਰ ਨੂੰ ਉਤਸ਼ਾਹਤ ਕਰਨਾ ਵੀ ਘਰੇਲੂ ਬਾਜ਼ਾਰ ਵਿਚ ਨਵੇਂ ਉਦਯੋਗ ਨੂੰ ਮਿਲ ਰਹੀ ਸੁਰੱਖਿਆ ਦਾ ਸਬੱਬ ਹੋ ਸਕਦਾ ਹੈ।

- ਸਾਪੇਖਕ ਰੂਪ ਵਿਚ ਬਿਨਾਂ ਛੇੜਛਾੜ ਕੀਤਿਆਂ ਕਿਰਤੀਆਂ ਦੀ ਮੰਡੀ ਦੇ ਨਾਲ-ਨਾਲ ਮੰਡੀ ਵੱਲ ਕੁਝ ਝੁਕਾਅ ਅਤੇ ਮੰਡੀ ਵਿਆਜ ਦਰਾਂ ਨਾਲ ਝੁਕਾਅ (ਖ਼ਾਸ ਕਰਕੇ ਚੀਨ ਅਤੇ ਤਾਇਵਾਨ ਵਿਚ) ਨੇ ਦੂਸਰੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਉਜਰਤ ਦੀਆਂ ਦਰਾਂ ਨੂੰ ਥੁੜ ਦੇ ਨੇੜੇ ਰਖਿਆ।

ਇਨ੍ਹਾਂ ਪ੍ਰੇਰਕਾਂ ਦੇ ਹੰਗਾਰੇ ਨਾਲ ਕੁਝ ਬਿਨਾ ਕੀਤੇ ਲਾਭਕਾਰੀ ਤਕਨਾਲੋਜੀ ਨਤੀਜੇ ਮਿਲੇ। ਇਨ੍ਹਾਂ ਖੇਤਰਾਂ ਵਿਚ ਇੰਜੀਨੀਅਰਾਂ ਦੀ ਉੱਚ ਪੜ੍ਹੀ-ਲਿਖੀ ਜਮਾਤ ਦੇ ਵੱਡੇ ਜ਼ਖ਼ੀਰੇ ਤੋਂ ਬਿਨਾਂ ਹੀ ਤਕਨਾਲੋਜੀ ਅਤੇ ਗਿਆਨ ਹਾਸਲ ਕਰਨਾ ਅਤੇ ਉਸ ਵਿਚ ਸਮਾਉਣਾ ਸਾਪੇਖਕ ਤੌਰ ਤੇ ਆਸਾਨ ਸੀ। ਵਧੇਰੇ ਉਤਪਾਦਨ ਲਈ ਲਗਾਈ ਮਸ਼ੀਨਰੀ ਕਾਫ਼ੀ ਕਿਰਤੀ ਆਧਾਰਤ ਸੀ ਜੋ ਘੱਟ ਉਜਰਤ ਦਰ ਨੂੰ ਹੁੰਗਾਰਾ ਸੀ (ਵੈਸਟਫਾਲ 1977)। ਸਾਧਾਰਨ ਸਾਜ਼-ਸਾਮਾਨ ਅਤੇ ਲਗਾਤਾਰ ਉਤਪਾਦਨ ਪ੍ਰਕਿਰਿਆ ਦੀ ਗੈਰ-ਮੌਜੂਦਗੀ, ਮਸ਼ੀਨੀ ਕਾਰੀਗਰਾਂ ਵਲੋਂ ਸੁਝਾਇਆ ਛੋਟੀਆਂ-ਛੋਟੀਆਂ ਕਾਢਾਂ ਉਤਪਾਦਿਕਤਾ ਵਾਧੇ ਲਈ ਸਹਾਈ ਸਨ। ਇਸ ਤਰ੍ਹਾਂ ਵਪਾਰਕ ਅਤੇ ਵਸਤੂ ਕੀਮਤ ਪ੍ਰਬੰਧਨ ਇਕ ਦੂਜੇ ਦੇ ਪੂਰਕ ਸਨ ਅਤੇ ਦੋਵੇਂ ਉਤਪਾਦਨ ਵਿਚ ਵਾਧਾ ਕਰਨ ਲਈ ਅਤੇ ਚੰਗੇ ਅਮਲ ਤਰੀਕੇ ਅਪਣਾਉਣ ਵਿਚ ਸਹਾਇਕ ਸਨ।

ਕੋਰੀਆ ਵਿਚ, ਚੋਣਵੇਂ ਕਰਜ਼ ਤਰੀਕਿਆਂ ਨਾਲ ਵੱਡੀਆਂ ਇਕਾਈਆਂ ਦੇ ਵਿਕਾਸ ਨੂੰ ਉਤਸ਼ਾਹ ਮਿਲਿਆ। ਜਿਵੇਂ-ਜਿਵੇਂ ਕਿਰਤੀਆਂ ਦੀ ਘਰੇਲੂ ਉਜਰਤ ਵਿਚ ਵਾਧਾ ਹੋਇਆ ਅਤੇ ਅੰਤਰਰਾਸ਼ਟਰੀ ਮੰਡੀ ਵਿਚ ਨਵੇਂ-ਨਵੇਂ ਕਿਰਤੀ ਉਜਰਤ ਵਿਚ ਮੁਕਾਬਲਾਕਾਰ ਸ਼ਾਮਿਲ ਹੋਏ, ਕੋਰੀਆ ਦੇ ਵੱਡੇ ਅਦਾਰਿਆਂ ਵਿਚ ਵੀ ਤਕਨੀਕੀ ਸਮਰਥਾ ਵਧਾਉਣ ਲਈ ਉਤਸ਼ਾਹ ਮਿਲਿਆ।

ਤਾਇਵਾਨ (ਚੀਨ) ਵਿਚ ਉਪਭੋਗਤਾ ਉਦਯੋਗ ਵਿਚ ਤਕਨੀਕ ਅਤੇ ਗਿਆਨ ਵਿਚ ਬਦਲਾਅ ਜਿਸ ਵਿਚ ਉਸ ਦੀ ਮੁੱਢਲੀ ਨਿਰਯਾਤ ਕੋਸ਼ਿਸ਼ ਦਾ ਪੂਰਾ ਜ਼ੋਰ ਸੀ। ਕੋਰੀਆ ਜਿਹਾ ਹੀ ਸੀ (ਪੈਕ 1992 ਤਾਇਵਾਨ ਵਿਚ ਨਿਰਯਾਤ ਨਵੇਂ ਖੇਤਰਾਂ ਵਿਚ ਸ਼ੁਰੂ ਹੋਇਆ, ਪਰ ਇਸ ਨਾਲ ਵੱਡੇ ਕਾਰੋਬਾਰਾਂ ਨੂੰ ਖੋਜ ਅਤੇ ਵਿਕਾਸ ਵਿਚ ਵੱਡੀ ਪੂੰਜੀ ਖਰਚ ਕਰਨ ਨੂੰ ਕੋਈ ਉਤਸ਼ਾਹ ਨਾ ਮਿਲਿਆ। ਤਾਇਵਾਨ ਨੇ ਕੇਂਦਰੀ ਸੰਸਥਾਨ ਜਿਵੇਂ ਕਿ ਉਦਯੋਗਿਕ ਤਕਨਾਲੋਜੀ ਖੋਜ ਕੇਂਦਰ ਅਤੇ ਚੀਨ ਉਤਪਾਦਿਕਤਾ ਕੇਂਦਰ ਨੂੰ ਨਵੀਂ ਤਕਨਾਲੋਜੀ ਲਾਗੂ ਕਰਨ, ਨਵੇਂ, ਉਤਪਾਦਨ ਅਤੇ ਪ੍ਰਕਿਰਿਆਵਾਂ ਵਿਕਸਤ ਕਰਨ, ਨਵਾਂ ਗਿਆਨ ਮੁਹੱਈਆ ਕਰਨ ਅਤੇ ਉਤਪਾਦਨ ਅਤੇ ਪ੍ਰਕਿਰਿਆ ਦੋਹਾਂ ਲਈ ਅੰਤਰਰਾਸ਼ਟਰੀ ਮੰਡੀਆਂ ਦੀ ਛਾਣਬੀਣ ਕੀਤੀ (ਦਾਹਲਮੈਨ ਅਤੇ ਸਨਾਨੀਕੋਨ 1990)। ਉਤਪਾਦਿਕਤਾ ਹੀ ਦੇਸ਼ ਦੇ ਵਿਕਾਸ ਦਾ ਇਕੋ ਇਕ ਸਬੱਬ ਰਿਹਾ ਹੈ।

## ਕਾਢਕਾਰਾਂ ਨੂੰ ਕੀ ਚਾਹੀਦਾ ਹੈ?

- ਉੱਦਮਸ਼ੀਲ ਹੋਣ ਨੂੰ ਇਕ ਵਧੇਰੇ ਚੰਗੀ ਪਸੰਦ ਹੋਣ ਬਾਰੇ ਸੋਚੋ। ਇਸ ਲਈ ਲੱਗਣ ਵਾਲੀ ਪੂੰਜੀ ਅਤੇ ਉਸ ਤੋਂ ਮਿਲਣ ਵਾਲੇ ਲਾਭ ਅਤੇ ਹੋ ਸਕਣ ਵਾਲੇ ਜੋਖਮਾਂ ਦਾ ਪੂਰੀ ਤਰ੍ਹਾਂ

ਮੁੱਲੰਕਣ ਕਰਨ ਦੀ ਲੋੜ ਹੋਵੇਗੀ। ਜੇ ਲਾਭ ਪੂੰਜੀ ਤੋਂ ਵਧੇਰੇ ਹੋਣ ਦੀ ਆਸ ਹੋਵੇ ਤਾਂ ਮੌਕੇ ਦਾ ਫ਼ਾਇਦਾ ਉਠਾਉਣਾ ਅਤੇ ਉੱਦਮ ਸ਼ੁਰੂ ਕਰਨ ਦਾ ਮੌਕਾ ਹੈ। ਇਹ ਲਾਭ ਅਤੇ ਕੀਮਤਾਂ ਮਾਨਸਿਕ ਅਤੇ ਵਿੱਤੀ ਹੋ ਸਕਦੀਆਂ ਹਨ।

- ਉਪਭੋਗਤਾ ਦੀ ਪਸੰਦ ਅਤੇ ਨਾਪਸੰਦ ਦੀ ਸੂਚੀ ਬਣਾਓ ਜੋ ਪਹਿਲਾਂ ਦੇ ਤਜਰਬੇ ਉਪਰ ਆਧਾਰਤ ਹੋਣੀ ਚਾਹੀਦੀ ਹੈ।

- ਮੰਡੀ ਵਿਚ ਵਿਅਕਤੀ ਵਿਸ਼ੇਸ਼ ਕੁਸ਼ਲਤਾ, ਮੁਹਾਰਤ ਅਤੇ ਸੰਬੰਧਿਤ ਨੈੱਟਵਰਕ ਦੀ ਖੋਜ, ਕਿਉਂਕਿ ਇਹ ਜ਼ਰੂਰੀ ਹੋ ਸਕਦਾ ਹੈ ਕਿ ਮੰਡੀ ਵਿਚ ਪੈਦਾ ਹੋਏ ਮੌਕਿਆਂ ਤੋਂ ਲਾਭ ਉਠਾਉਣ ਲਈ ਇਸ ਦੀ ਲੋੜ ਪਵੇ। ਇਹ ਮੌਕੇ ਮੁਕਾਬਲੇ ਦੀ ਉਪਲਬਧਤਾ ਵਿਚ ਕਮੀਆਂ ਅਤੇ ਉਪਭੋਗਤਾ ਦੇ ਬਾਜ਼ਾਰ ਵਿਚ ਉਪਲਬਧ ਵਸਤਾਂ ਜਾਂ ਸੇਵਾਵਾਂ ਤੋਂ ਨਿਰਾਸਤਾ ਵਿਚ ਮਿਲ ਸਕਦੇ ਹਨ।

- ਸੰਭਾਵੀ ਉਪਯੋਗਤਾਵਾਂ ਦੀ ਵੇਰਵੇ ਸਹਿਤ ਜਾਣਕਾਰੀ ਵੇਰਵੇ ਦਾ ਅੰਦਾਜ਼ਾ ਲਗਾਉ। ਕੁਝ ਗਿਣਤੀ ਦੇ ਗਾਹਕਾਂ ਬਾਰੇ ਅਧਿਐਨ ਕਰੋ ਅਤੇ ਜਾਂਚ ਕਰੋ ਕਿ ਕੀ ਉਨ੍ਹਾਂ ਨੂੰ ਅਜਿਹੀਆਂ ਵਸਤਾਂ ਅਤੇ ਸੇਵਾਵਾਂ ਦੀ ਲੋੜ ਹੈ, ਜੋ ਜ਼ਰੂਰੀ ਸਾਮਾਨ ਦੀ ਕਮੀ ਪੂਰੀ ਕਰ ਸਕੇ। ਇਸ ਲਈ ਮੰਡੀ ਦੇ ਆਕਾਰ ਬਾਰੇ ਅੰਦਾਜ਼ਾ ਲਗਾਉ ਅਤੇ ਭਵਿੱਖ ਦੀ ਯੋਜਨਾ ਵਿਚ ਸੋਧਾਂ ਕਰੋ।

## ਕਾਢ ਅਤੇ ਕਾਢਕਾਰਾਂ ਦੇ ਰਾਹ ਵਿਚ ਰੁਕਾਵਟਾਂ

ਮੰਡੀ ਆਧਾਰਤ ਬੰਦਸ਼ਾਂ ਕਈ ਕਿਸਮ ਦੀਆਂ ਮੰਡੀ ਨਾਕਾਮਯਾਬੀ ਨਾਲ ਜੁੜੀਆਂ ਹੋਈਆਂ ਹਨ, ਜਿਵੇਂ ਕਿ ਨਾਕਾਫ਼ੀ ਉਚਿਤਤਾ। ਕੁੱਝ ਹੋਰ ਹਨ ਮੰਡੀ ਦੇ ਜੋਖਮ, ਕੀਤੀ ਖੋਜ ਦਾ ਛੋਟਾ ਦਾਇਰਾ ਆਦਿ। ਇਕ ਹੋਰ ਬੰਦਸ਼ ਹੈ 'ਥੋੜ੍ਹੀ ਮਿਆਦਵਾਦ' ਜੋ ਦਬਾਅ ਕਾਰਨ ਹੁੰਦਾ ਹੈ। ਵਿੱਤੀ ਬੰਦਸ਼ਾਂ ਵੀ ਬਹੁਤ ਮਹੱਤਵਪੂਰਨ ਕਿਸਮਾਂ ਦੀਆਂ ਹਨ। ਇਹ ਬੰਦਸ਼ਾਂ ਕਰਜ਼ੇ ਦੇਣ ਵਾਲਿਆਂ ਵਿਚ ਝਿਜਕ ਪੈਦਾ ਕਰ ਸਕਦੀਆਂ ਹਨ ਜਿਨ੍ਹਾਂ ਨਵੇਂ ਮੌਕਿਆਂ ਲਈ ਮਾਲੀ ਪ੍ਰਕਿਰਿਆ ਵਿਚ ਸਹਾਇਤਾ ਕਰਨੀ ਹੁੰਦੀ ਹੈ।

ਸਰਕਾਰ ਅਤੇ ਉਸ ਦੀਆਂ ਨੀਤੀਆਂ ਵੀ ਨਵੀਂ ਕਾਢ ਦੀ ਪ੍ਰਕਿਰਿਆ ਵਿਚ ਰੁਕਾਵਟ ਪੈਦਾ ਕਰ ਸਕਦੀਆਂ ਹਨ। ਭਾਵੇਂ ਮੰਡੀ ਹੋਵੇ ਜਾਂ ਉਦਯੋਗ, ਜਿਥੇ ਨਵੀਂ ਖੋਜ ਕੁਝ ਭੂਮਿਕਾ ਅਦਾ ਕਰ ਸਕਦੀ ਹੈ। ਕੁਝ ਨੀਤੀਆਂ ਸਿੱਧਿਆਂ ਜਾਂ ਅਸਿੱਧਿਆਂ ਅਸਰ ਪਾ ਸਕਦੀਆਂ ਹਨ। ਸਥਾਨਕ ਕਾਨੂੰਨ ਵੀ ਰੁਕਾਵਟ ਪੈਦਾ ਕਰ ਸਕਦੇ ਹਨ ਅਤੇ ਭਾਗੀਦਾਰਾਂ ਦਾ ਬਚਾਅ ਵੀ ਕਰ ਸਕਦੇ ਹਨ ਅਤੇ ਇਹ ਨਵੀਆਂ ਖੋਜਾਂ ਦੀ ਸਮਰਥਾ ਦੇ ਖ਼ਿਲਾਫ਼ ਜਾ ਸਕਦਾ ਹੈ।

ਨਵੀਆਂ ਕਾਢਾਂ ਦੇ ਪੈਰੋਕਾਰਾਂ ਨੂੰ ਕੁਦਰਤੀ ਵਿਰੋਧ ਦਾ ਸਾਹਮਣਾ ਕਰਨ ਦੀ ਲੋੜ ਹੋਵੇਗੀ ਅਤੇ ਉਨ੍ਹਾਂ ਤੋਂ ਬਿਨਾਂ, ਉਦਯੋਗ ਵਿਚ ਨਵੀਂ ਖੋਜ ਲਈ ਵੱਡੀ ਬੰਦਸ਼ ਹੋ ਸਕਦੀ ਹੈ। ਇਹ ਵਿਚਾਰ ਵਟਾਂਦਰੇ ਦੀ ਘਾਟ, ਨਾਕਾਫ਼ੀ ਪ੍ਰੇਰਕ ਪ੍ਰਣਾਲੀ ਅਤੇ ਵੱਖ-ਵੱਖ ਵਿਭਾਗਾਂ ਵਲੋਂ ਰੁਕਾਵਟ ਦੀ ਸ਼ਕਲ ਵਿਚ ਹੋ ਸਕਦੀ ਹੈ। ਪੁਰਾਣੇ ਅਦਾਰਿਆਂ ਵਿਚ, ਸ਼ਕਤੀ ਦਾ ਕੇਂਦਰੀਕਰਨ ਵੀ ਨਵੀਆਂ ਖੋਜਾਂ ਉਪਰ ਨਾਂਹ ਪੱਖੀ ਅਸਰ ਪਾ ਸਕਦਾ ਹੈ (ਜਦੋਂ ਕਿ ਨਵੇਂ ਅਦਾਰਿਆਂ ਵਿਚ ਇਸ ਅਸਰ ਨੂੰ ਹਾਂ ਪੱਖੀ ਦੇਖਿਆ ਜਾ ਰਿਹਾ ਹੈ। ਸਮੇਂ ਦੀ ਘਾਟ ਦਾ ਹਵਾਲਾ ਵੀ ਨਵੀਂ ਖੋਜ ਨਾ ਕਰ ਸਕਣ ਵਿਚ ਅਕਸਰ ਦਿਤਾ ਜਾਂਦਾ ਹੈ। ਕਈ ਖੋਜਕਾਰਾਂ ਨੇ ਨੀਤੀ ਤਿਆਰ ਕਰਨ ਦੇ ਮੁੱਦੇ 'ਤੇ ਵਿਚਾਰ ਪੇਸ਼ ਕੀਤੇ ਹਨ। ਲੰਬੀ ਮਿਆਦ ਦੇ ਟੀਚੇ ਨੂੰ ਮੁੱਖ ਰੱਖ ਕੇ ਕਈ ਅਦਾਰਿਆਂ ਵਿਚ ਨੀਤੀ ਦੀ ਨਾਕਾਮਯਾਬੀ ਨੂੰ ਲਚਕੀਲੀ ਨਿਰਮਾਣਸਾਜ਼ੀ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

## ਭਾਰਤ ਲਈ ਸਬਕ

ਛੋਟੇ ਅਤੇ ਦਰਮਿਆਨੇ ਦਰਜੇ ਦੀਆਂ ਇਕਾਈਆਂ ਦਾ ਭਾਰਤ ਦੀ ਅਰਥਵਿਵਸਥਾ ਉਪਰ ਬਹੁਤ ਅਸਰ ਪੈਂਦਾ ਹੈ। ਖੋਜ ਤੋਂ, ਇਨ੍ਹਾਂ ਇਕਾਈਆਂ ਵਿਚ ਤਰੱਕੀ ਨਾਲ ਆਉਣ ਵਾਲੀਆਂ ਅਤੇ ਬੁਨਿਆਦੀ ਖੋਜਾਂ ਦੀ ਗਵਾਹੀ ਮਿਲਦੀ ਹੈ। ਜਿਸ ਤਰੀਕੇ ਇਨ੍ਹਾਂ ਦਾ ਚੀਨ ਵਿਚ ਵਾਧਾ ਹੋਇਆ, ਉਸੇ ਤਰ੍ਹਾਂ ਭਾਰਤ ਵਿਚ ਹੋ ਸਕਦਾ ਹੈ।

ਨਵੀਆਂ ਇਕਾਈਆਂ ਨੂੰ ਸਮੁੱਚੀ ਦੁਨੀਆਂ ਵਿਚ ਉਤਸ਼ਾਹ ਦਿਤਾ ਜਾ ਰਿਹਾ ਹੈ ਅਤੇ ਛੋਟੇ ਅਦਾਰਿਆਂ ਨੂੰ ਪੈਰ ਜਮਾਉਣ ਵਿਚ ਮਦਦ ਕੀਤੀ ਜਾ ਰਹੀ ਹੈ। ਉੱਦਮਾਂ ਵਿਚ ਵਾਧੇ ਲਈ ਵੱਖ-ਵੱਖ ਸਰਕਾਰਾਂ ਪ੍ਰੋਗਰਾਮਾਂ ਦੇ ਪਸਾਰ ਦੇ ਉਪਰਾਲੇ ਕਰਦੀਆਂ ਰਹੀਆਂ ਹਨ। ਬਹੁਤੇ ਵਿਕਸਤ ਅਰਥਤੰਤਰਾਂ ਦੀਆਂ ਸਰਕਾਰਾਂ ਨਵੇਂ ਅਤੇ ਛੋਟੇ ਅਦਾਰਿਆਂ ਨੂੰ ਆਰਥਿਕ ਵਿਕਾਸ ਅਤੇ ਧਨ ਦੌਲਤ ਪੈਦਾ ਕਰਨ ਦੇ ਫੁਹਾਰੇ ਕਹਿੰਦੀਆਂ ਹਨ। ਉੱਦਮਾਂ ਅਤੇ ਨਵੀਆਂ ਕਾਢਾਂ ਜੋ ਕਿ ਆਪਸੀ ਮੇਲ ਖਾਂਦੇ ਹਨ, ਨੂੰ ਭਾਰਤ ਦੇ ਨੀਤੀ ਏਜੰਡੇ ਵਿਚ ਪਹਿਲ ਦਿਤੀ ਜਾਂਦੀ ਹੈ। ਦੱਖਣੀ ਕੋਰੀਆ ਵਿਚ 'ਕਾਰਖ਼ਾਨੇਦਾਰੀ ਅਦਾਰਿਆਂ ਦਾ ਸਮਰਪਿਤ ਸਮਾਜ' ਇਕ ਅਜਿਹੀ ਉਦਾਹਰਣ ਹੈ ਜੋ ਵਿਕਾਸ ਵਿਚ ਕਮੀ ਨੂੰ ਦੂਰ ਕਰਨ ਲਈ ਬਹੁਤ ਉਪਯੋਗੀ ਹੈ।

ਛੋਟੇ ਅਤੇ ਦਰਮਿਆਨੇ ਅਦਾਰਿਆਂ ਦਾ ਮਹੱਤਵ ਉਨਾ ਹੀ ਹੈ, ਜਿੰਨਾ ਆਰਥਿਕ ਵਿਕਾਸ ਦੇ ਵਸੀਲਿਆਂ ਦਾ ਹੈ ਜੋ ਰਾਸ਼ਟਰੀ ਅਰਥਵਿਵਸਥਾ ਦੇ ਵਿਕਾਸ ਵਿਚ ਮਦਦ ਕਰਦੇ ਹਨ। ਨਵੀਆਂ ਕਾਢਾਂ ਅਤੇ ਛੋਟੇ ਤੇ ਦਰਮਿਆਨੇ ਅਦਾਰਿਆਂ ਦੇ ਮਹੱਤਵ ਨੂੰ ਮਾਨਤਾ ਇਸ ਤੱਥ ਵਿਚ ਦੇਖੀ ਜਾ ਸਕਦੀ ਹੈ ਕਿ ਕਈ ਦੇਸ਼ਾਂ ਵਿਚ ਨਵੀਆਂ ਕਾਢਾਂ ਦੀ ਰਾਸ਼ਟਰੀ ਪ੍ਰਣਾਲੀ ਸਥਾਪਤ ਕੀਤੀ ਗਈ ਹੈ। ਇਸ ਕੰਮ ਵਿਚ ਕਾਢ ਮੋਢੀ ਹੈ ਇਸ ਲਈ ਉਨ੍ਹਾਂ ਛੋਟੇ ਅਤੇ ਦਰਮਿਆਨੇ ਅਦਾਰਿਆਂ ਲਈ ਜਿਨ੍ਹਾਂ ਨੇ ਉੱਚ ਵਿਕਾਸ ਦਰ ਹਾਸਲ ਕੀਤੀ ਹੈ 'ਗੈਜ਼ਲੇ' ਸ਼ਬਦ ਘੜਿਆ ਗਿਆ ਹੈ। ਹੈਂਡਰਸਨ ਅਤੇ ਕਲਾਰਕ (1990) ਦਾ ਕਹਿਣਾ ਹੈ ਕਿ ਉੱਦਮਸ਼ੀਲ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਸਥਾਨਕ ਆਮਦਨ ਅਤੇ ਧਨ-ਦੌਲਤ ਵਿਚ ਵਾਧਾ ਕਰਨ ਦੇ ਨਾਲ-ਨਾਲ ਸਮਾਜ ਨੂੰ ਵਿਸਤ੍ਰਿਤ ਵਿਸ਼ਵੀ ਅਰਥਤੰਤਰ ਨਾਲ ਜੋੜਨ ਲਈ ਜ਼ਿੰਮੇਵਾਰ ਹੁੰਦੀ ਹੈ। ਕਈ ਅਰਥਸ਼ਾਸਤਰੀ ਤਰਕ ਦਿੰਦੇ ਹਨ ਕਿ ਉਹ ਅਰਥਵਿਵਸਥਾ ਦੇ ਵਿਕਾਸ ਇੰਜਨ ਹੁੰਦੇ ਹਨ। ਪਰ ਹਾਲੇ ਵੀ ਅਸੀਂ ਛੋਟੇ ਅਤੇ ਦਰਮਿਆਨੇ ਅਦਾਰਿਆਂ ਦੀ ਵਿਕਾਸ ਪ੍ਰਕਿਰਿਆ ਵਿਚ ਨਵੀਆਂ ਖੋਜਾਂ ਦੀ ਭੂਮਿਕਾ ਤੋਂ ਅਣਜਾਣ ਹਾਂ।

ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਵਿਚ ਕਾਢਾਂ ਦੇ ਪ੍ਰਬੰਧਨ ਨਾਲ ਇਨ੍ਹਾਂ ਅਦਾਰਿਆਂ ਵਿਚ ਖੋਜੀ ਪ੍ਰਕਿਰਿਆਵਾਂ ਬਾਰੇ ਛਾਣਬੀਣ ਸ਼ੁਰੂ ਹੁੰਦੀ ਹੈ ਕਿ ਕਿਵੇਂ ਇਹ ਇਕਾਈਆਂ ਨਵੇਂ ਉਤਪਾਦਨ ਅਤੇ ਸੇਵਾਵਾਂ ਦੀ ਖੋਜ ਦਾ ਅਸਲ ਵਿਚ ਪ੍ਰਬੰਧ ਕਰਦੀਆਂ ਹਨ। ਇਸ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਨਾ ਬਹੁਤ ਜ਼ਰੂਰੀ ਹੈ। ਇਹ ਡੂੰਘੀ ਖੋਜ ਤੋਂ ਪਤਾ ਲਗਦਾ ਹੈ ਕਿ ਉਤਪਾਦਨ ਵਿਚ ਨਵੀਨ ਕਾਢਾਂ ਲਿਆਉਣ ਲਈ ਖੋਜ ਅਤੇ

*ਬਾਕੀ ਸਫ਼ਾ 53 ਉੱਤੇ*

# ਵਿਘਨ ਪਾਉਣ ਵਾਲੀ ਕਾਢ ਤੇ ਨੇੜਲੀ ਸੰਭਾਵਨਾ

ਦੇਵ ਨਾਥਨ

**ਭੂਮਿਕਾ**

*ਇਸ ਸੰਖੇਪ ਨੋਟ ਵਿਚ ਮੈਂ ਵਿਘਨ ਪਾਉਣ ਵਾਲੀਆਂ ਕਾਢਾਂ ਦੇ ਸਵਾਲ ਦੀ ਗੱਲ ਕਰਾਂਗਾ (ਕ੍ਰਿਸਟੈਨਸਨ, 1997) ਅਤੇ ਇਸ ਨੂੰ ਤਕਨੀਕੀ ਪ੍ਰਣਾਲੀ ਦੀ ਉਤਪਤੀ ਦੇ ਸੰਦਰਭ ਵਿਚ ਰੱਖਾਂਗਾ।*

ਵਿਘਨ ਪਾਉਣ ਵਾਲੀ ਕਾਢ ਹੈ ਕੀ? ਇਹ ਅਜਿਹੀ ਪ੍ਰਕਿਰਿਆ ਹੈ ਜੋ ਨਵੀਂ ਅਤੇ ਸਸਤੀ ਪ੍ਰਣਾਲੀ ਰਾਹੀਂ ਮੌਜੂਦਾ ਬਾਜ਼ਾਰ ਵਿਚ ਅੜਿੱਕਾ ਪਾਉਂਦੀ ਹੈ। ਇਸੇ ਨੂੰ ਹੀ ਕ੍ਰਿਸਟੈਨਸਨ ਨੇ 'ਘਟੀਆ ਵਿਘਨ ਪਾਉਣ ਵਾਲੀ ਪ੍ਰਕਿਰਿਆ' ਆਖਿਆ ਹੋਵੇਗਾ ਜੋ ਉਨ੍ਹਾਂ ਗਾਹਕਾਂ ਨੂੰ ਆਕਰਸ਼ਿਤ ਕਰਦੀ ਹੈ ਜੋ ਮਹਿੰਗੇ ਉਤਪਾਦ ਨਹੀਂ ਖਰੀਦ ਸਕਦੇ। "ਆਮ ਤੌਰ ਤੇ, ਵਿਘਨ ਪਾਉਣ ਵਾਲੀਆਂ ਕਾਢਾਂ ਤਕਨੀਕੀ ਤੌਰ ਤੇ ਸਰਲ ਹੁੰਦੀਆਂ ਹਨ ਜਿਨ੍ਹਾਂ ਵਿਚ ਮਹਿੰਗੇ ਉਤਪਾਦਾਂ ਦੇ ਅੰਗਾਂ ਨੂੰ ਇਕ ਉਤਪਾਦ ਵਸਤੂਕਲਾ ਵਿਚ ਢਾਲ ਦਿਤਾ ਜਾਂਦਾ ਹੈ ਜੋ ਪੂਰਵ ਪਹੁੰਚਾਂ ਨਾਲੋਂ ਸਰਲ-ਸੁਖੈਨ ਹੁੰਦੇ ਹਨ। ਉਹ ਸਥਾਪਤ ਬਾਜ਼ਾਰ ਦੇ ਗਾਹਕਾਂ ਨੂੰ ਘੱਟ ਪੇਸ਼ਕਸ਼ ਕਰਦੇ ਹਨ, ਇਸ ਕਾਰਨ ਸ਼ੁਰੂ ਵਿਚ ਉਥੇ ਕਾਰੋਬਾਰ ਔਖਾ ਹੁੰਦਾ ਹੈ। ਉਹ ਉੱਭਰ ਰਹੇ ਬਾਜ਼ਾਰ ਵਿਚ ਵੱਖਰੇ ਗੁਣਾਂ ਦਾ ਸਮੂਹ ਪੇਸ਼ ਕਰਦੇ ਹਨ ਜੋ ਮੁੱਖ ਧਾਰਾ ਲਈ ਅਹਿਮ ਨਹੀਂ ਹੋਵੇਗਾ।" (ਕ੍ਰਿਸਟੈਨਸਨ, 1997:15)।

ਵਿਘਨ ਪਾਉਣ ਵਾਲੀ ਕਾਢ ਦੀ ਇਕ ਖ਼ਾਸ ਮਿਸਾਲ ਭਾਰਤੀ ਦਵਾਈ ਕੰਪਨੀਆਂ ਵਲੋਂ ਆਮ ਦਵਾਈਆਂ ਦਾ ਬਾਜ਼ਾਰ ਵਿਕਸਤ ਕਰਨਾ ਹੈ। ਉਤਪਾਦ ਕਾਢ ਨਹੀਂ, ਸਗੋਂ ਉਲਟ ਇੰਜੀਨੀਅਰਿੰਗ ਤੇ ਪ੍ਰਕਿਰਿਆ ਆਧਾਰਤ, ਸ਼ੁਰੂਆਤ ਵਿਚ ਇਸ ਨੂੰ ਭਾਰਤੀ ਪੇਟੈਂਟ ਕਾਨੂੰਨ ਵਲੋਂ ਉਤਸਾਹਿਤ ਕੀਤਾ ਗਿਆ, ਜੋ ਉਤਪਾਦ ਪੇਟੈਂਟ ਲਈ ਨਹੀਂ ਸਗੋਂ ਪ੍ਰਕਿਰਿਆਵਾਂ ਲਈ ਸੀ। ਵਿਸ਼ਵ ਵਪਾਰ ਸੰਸਥਾ ਦੇ ਦਖ਼ਲ ਤੋਂ ਬਾਅਦ ਭਾਰਤੀ ਪੇਟੈਂਟ ਕਾਨੂੰਨ ਨੂੰ ਟੀ ਆਰ ਆਈ ਪੀ ਐੱਸ ਦੇ ਤਾਲਮੇਲ ਵਿਚ ਲਿਆਂਦਾ ਗਿਆ ਹੈ। ਫਿਰ ਵੀ, ਭਾਰਤੀ ਦਵਾਈ ਕੰਪਨੀਆਂ ਨੇ ਦਵਾਈ ਉਤਪਾਦਾਂ ਦੀਆਂ ਆਮ ਕਿਸਮਾਂ ਵਿਕਸਤ ਕਰਨਾ ਜਾਰੀ ਰੱਖਿਆ ਜੋ ਆਮ ਤੌਰ ਤੇ 20 ਸਾਲ ਦੀ ਸੁਰੱਖਿਆ ਉਪਰੰਤ ਪੇਟੈਂਟ ਮੁਕਤ ਹੋ ਜਾਂਦੇ ਹਨ ਜਦ ਕਿ ਵਿਸ਼ਵ ਵਪਾਰ ਸੰਸਥਾ ਨੂੰ ਵਿਕਾਸਸ਼ੀਲ ਦੁਨੀਆਂ ਵਿਚ ਨਿਮਨ ਅਤੇ ਮੱਧ ਆਮਦਨ ਪੱਧਰ ਦੀਆਂ ਆਰਥਿਕਤਾਵਾਂ ਅੰਦਰ ਜਨ ਸਿਹਤ ਦੀਆਂ ਲੋੜਾਂ ਦਾ ਜਾਇਜ਼ਾ ਲੈਣ ਲਈ ਮਜਬੂਰ ਹੋਣਾ ਪਿਆ, ਅੰਤਰਰਾਸ਼ਟਰੀ ਬਾਜ਼ਾਰ ਵਿਚ ਆਮ ਦਵਾਈਆਂ ਦੇ ਵਪਾਰ ਦੀ ਵੀ ਖੁੱਲ੍ਹ ਮਿਲ ਗਈ। ਇਕ ਖ਼ਾਸ ਵਿਘਨ ਪਾਉਣ ਵਾਲੇ ਅੰਦਾਜ਼ ਵਿਚ, ਆਮ ਦਵਾਈਆਂ, ਜੋ ਪਹਿਲਾਂ ਪਹਿਲ ਸਿਰਫ਼ ਘੱਟ ਆਮਦਨ ਵਾਲੇ ਬਾਜ਼ਾਰ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਸਨ, ਹੁਣ ਉੱਚ ਆਮਦਨ ਬਾਜ਼ਾਰ ਵਿਚ ਵੀ ਪੈਰ ਪਸਾਰ ਰਹੀਆਂ ਹਨ, ਜਿਥੇ ਸਿਹਤ ਸੰਭਾਲ ਦੀਆਂ ਆਸਮਾਨ ਛੂੰਹਦੀਆਂ ਕੀਮਤਾਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਿੱਟੇ ਵਜੋਂ, ਦੂਰ-ਦੁਰਾਡੇ ਅਤੇ ਮੁੱਖਧਾਰਾ ਤੋਂ ਨਿੱਖੜੇ ਬਾਜ਼ਾਰਾਂ ਤੋਂ ਨਿਕਲ ਕੇ ਆਮ ਦਵਾਈਆਂ ਹੁਣ ਉੱਚ ਆਮਦਨ ਵਾਲੇ ਦੇਸ਼ਾਂ ਦੀ ਸਿਹਤ ਸੰਭਾਲ ਪ੍ਰਣਾਲੀ ਵਿਚ ਸਥਾਪਤ ਹੋ ਚੁੱਕੀਆਂ ਹਨ। ਅਮਰੀਕਾ ਵਲੋਂ ਨਿਰਯਾਤ ਕੀਤੀਆਂ ਜਾਣ ਵਾਲੀਆਂ ਆਮ ਦਵਾਈਆਂ ਦਾ ਲਗਭਗ 40 ਪ੍ਰਤਿਸ਼ਤ ਭਾਰਤੀ ਕੰਪਨੀਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਦਵਾਈ ਸੱਨਅਤ ਵਿਚ ਭਾਰਤੀ ਵਿਘਨ ਪਾਉਣ ਵਾਲੀ ਕਾਢ ਦੀ ਮਹੱਤਤਾ ਦਾ ਅੰਦਾਜ਼ਾ ਇਕ ਅਮਰੀਕੀ ਦਵਾਈ ਨਿਰਮਾਤਾ ਦੇ ਹਾਲੀਆ ਕਦਮ ਤੋਂ ਲਗਾਇਆ ਜਾ ਸਕਦਾ ਹੈ ਜਿਸ ਨੇ ਆਮ ਦਵਾਈਆਂ ਦੀਆਂ ਕਿਸਮਾਂ ਲਈ ਭਾਰਤੀ ਕੰਪਨੀਆਂ ਨਾਲ ਸਮਝੌਤਾ ਕੀਤਾ ਹੈ। ਇਹ ਉਦੋਂ ਹੋਇਆ ਹੈ ਜਦੋਂ ਅਸਲ ਦਵਾਈਆਂ ਪੇਟੈਂਟ ਸੁਰੱਖਿਆ ਅਧੀਨ ਹਨ। ਹੈਪੇਟਾਈਟਿਸ-ਸੀ ਦਾ ਇਲਾਜ ਕਰਨ ਵਾਲੀ ਇਹ ਦਵਾਈ ਵਿਕਾਸਸ਼ੀਲ ਦੁਨੀਆਂ ਵਿਚ ਸਿਹਤ ਲਈ ਅਤਿ ਮਹੱਤਵਪੂਰਨ ਹੈ। ਇਸ ਸਮਝੌਤੇ ਤਹਿਤ ਉੱਚ ਆਮਦਨ ਵਾਲੇ ਦੇਸ਼ਾਂ ਵਿਚ ਜਿਹੜੀ ਗੋਲੀ 1000 ਅਮਰੀਕੀ ਡਾਲਰ ਦੀ ਮਿਲਦੀ ਸੀ, ਉਹੀ ਦਵਾਈ ਨਿਮਨ ਆਮਦਨ ਵਾਲੇ ਦੇਸ਼ਾਂ ਵਿਚ 1 ਡਾਲਰ ਵਿਚ ਉਪਲਬਧ ਹੋਵੇਗੀ। ਇਸ ਸਮਝੌਤੇ ਨਾਲ ਅਮਰੀਕੀ ਕੰਪਨੀ ਉੱਚ ਆਮਦਨ ਵਾਲੇ ਦੇਸ਼ਾਂ ਵਿਚ ਆਪਣੇ ਬਾਜ਼ਾਰੀ ਹਿਤ ਸੁਰੱਖਿਅਤ ਕਰ ਸਕੇਗੀ ਜਦ ਕਿ ਘੱਟ ਆਮਦਨ ਵਾਲੇ ਦੇਸ਼ਾਂ ਵਿਚ ਘੱਟ ਮੁਨਾਫ਼ਾ ਕਮਾਏਗੀ। ਆਮ ਦਵਾਈਆਂ ਦੁਆਰਾ ਦਵਾਈ ਬਾਜ਼ਾਰ ਵਿਚ ਦਖ਼ਲਅੰਦਾਜ਼ੀ ਨਾਲ ਪੱਛਮੀ ਦੇਸ਼ਾਂ ਦੀਆਂ ਪ੍ਰਮੁੱਖ ਦਵਾਈ ਕੰਪਨੀਆਂ ਨੂੰ ਵਪਾਰਕ ਰਣਨੀਤੀ ਬਣਾਉਣ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ।

ਆਮ ਦਵਾਈਆਂ ਵਿਘਨ ਪਾਉਣ ਵਾਲੀ ਕਾਢ ਦਾ ਇਕ ਸ਼ਾਨਦਾਰ ਮਾਮਲਾ ਸਿੱਧ ਹੋਈਆਂ ਹਨ। ਇਹ ਦਵਾਈਆਂ ਨਵੇਂ ਉਤਪਾਦ ਨਾ ਹੋ ਕੇ ਨਵੀਆਂ ਤਕਨੀਕੀ ਪ੍ਰਕਿਰਿਆਵਾਂ ਦੀ ਕਾਢ ਹੈ, ਜੋ ਸਥਾਪਤ ਉਤਪਾਦਾਂ ਦੇ ਉਤਪਾਦਨ ਲਈ ਨਵੀਆਂ ਤਕਨੀਕਾਂ ਪੇਸ਼ ਕਰਦੀ ਹੈ। ਹੋਰ ਬਹੁਤ ਸਾਰੀਆਂ ਭਾਰਤੀ ਪ੍ਰਕਿਰਿਆਤਮਕ ਕਾਢਾਂ ਵੀ ਹਨ ਜੋ ਹਾਲੇ ਇੰਨੀਆਂ ਅੜਿੱਕਾ ਪਾਉਣ ਵਾਲੀਆਂ ਨਹੀਂ ਪਰ ਕੁਝ ਸਮੇਂ ਉਪਰੰਤ ਹੋ ਸਕਦੀਆਂ ਹਨ। ਮੰਗਲ ਮਿਸ਼ਨ ਸਿਰਫ਼ ਇਸ ਲਈ ਕਿਫ਼ਾਇਤੀ ਨਹੀਂ ਸੀ ਕਿ ਭਾਰਤੀ ਵਿਗਿਆਨੀ ਅਤੇ ਇੰਜੀਨੀਅਰ ਉੱਚ ਆਮਦਨ ਵਾਲੇ ਦੇਸ਼ਾਂ ਨਾਲੋਂ ਸਸਤੇ ਮਿਲ ਜਾਂਦੇ ਹਨ। ਇਹ ਦੱਸਿਆ ਗਿਆ ਹੈ ਕਿ ਇਸ ਵਿਚ ਇਕ ਅਹਿਮ ਪ੍ਰਕਿਰਿਆ ਦੀ ਖੋਜ ਵੀ ਸ਼ਾਮਿਲ

ਸੀ ਜਿਸ ਨੇ ਮੰਗਲ ਦੇ ਪੰਧ ਵਿਚ ਮੰਗਲਯਾਨ ਨੂੰ ਲਿਜਾਉਣ ਵਾਲੇ ਰਾਕਟ ਦਾ ਆਕਾਰ ਘੱਟ ਕਰ ਦਿਤਾ। ਭਾਰਤ ਕੋਲ ਹਾਲੇ ਅਮਰੀਕਾ, ਰੂਸ ਜਾਂ ਚੀਨ ਜਿੰਨਾ ਸ਼ਕਤੀਸ਼ਾਲੀ ਰਾਕਟ ਨਹੀਂ ਹੈ। ਸੋ, ਇਸਰੋ ਨੇ ਕੀ ਕੀਤਾ ਕਿ ਰਾਕਟ ਨੂੰ ਧਰਤੀ ਦੇ ਪੰਧ 'ਤੇ ਪਾ ਦਿਤਾ ਤਾਂ ਜੋ ਉਹ ਇੰਨੀ ਰਫ਼ਤਾਰ ਫੜ ਸਕੇ ਜੋ ਇਕ ਵੱਧ ਸ਼ਕਤੀਸ਼ਾਲੀ ਰਾਕਟ ਦੁਆਰਾ ਹੀ ਸੰਭਵ ਹੈ। ''... ਮਜਬੂਰੀ ਹੀ ਕਿਫ਼ਾਇਤੀ ਕਾਢ ਦੀ ਮਾਂ ਹੁੰਦੀ ਹੈ," ਜਿਵੇਂ ਕਿ ਟੈਰੀ ਬ੍ਰੈਸਨਹੈਮ, ਜੀ ਈ-ਹੈਲਥਕੇਅਰ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਕਿਸੇ ਹੋਰ ਸੰਦਰਭ ਵਿਚ ਆਖਿਆ ਸੀ (ਗੋਵਿੰਦਰਾਜਨ ਵਿਚ ਹਵਾਲਾ, 2014)। ਗ਼ੈਰ ਭਰੋਸੇਯੋਗ ਬਿਜਲੀ ਪੂਰਤੀ ਅਤੇ ਭਾਰਤ ਦੇ ਦਿਹਾਤੀ ਖੇਤਰ ਵਿਚ ਧੂੜ-ਘੱਟੇ ਵਾਲੀਆਂ ਹਾਲਤਾਂ ਜਿਹੀਆਂ ਮਜਬੂਰੀਆਂ ਦੇ ਚਲਦਿਆਂ, ਆਈ ਆਈ ਟੀ-ਚੇਨੱਈ ਵਲੋਂ ਇਕ ਏ ਟੀ ਐੱਮ ਤਿਆਰ ਕੀਤਾ ਗਿਆ ਜਿਸ ਵਿਚ ਸਪਰਿੰਗ ਦਾ ਇਸਤੇਮਾਲ ਨਹੀਂ ਹੁੰਦਾ ਪਰ ਨੋਟਾਂ ਦੀ ਗਰੂਤਾ ਆਕਰਸ਼ਣ ਨਾਲ ਭਰਾਈ ਕੀਤੀ ਜਾਂਦੀ ਹੈ। ਇਸ ਨਾਲ ਬਿਜਲੀ ਦੀ ਖਪਤ 95 ਪ੍ਰਤਿਸ਼ਤ ਤਕ ਘਟ ਗਈ ਅਤੇ ਵਾਤਾਨਕੂਲਨ ਦੀ ਜ਼ਰੂਰਤ ਖਤਮ ਹੋ ਗਈ।

ਅਜਿਹੀਆਂ ਪ੍ਰਕਿਰਿਆ ਕਾਢਾਂ ਨੂੰ ਤਕਨੀਕੀ ਉਤਪਤੀ ਦੇ ਢਾਂਚੇ ਅੰਦਰ ਕਿਵੇਂ ਸਥਾਪਤ ਕੀਤਾ ਜਾ ਸਕਦਾ ਹੈ? ਅਜਿਹੇ ਉਤਪਤੀ ਵਾਲੇ ਢਾਂਚੇ ਤੋਂ ਇਹ ਵੇਖਣ ਵਿਚ ਮਦਦ ਮਿਲਦੀ ਹੈ ਕਿ ਭਾਰਤ ਦੀਆਂ ਮੌਜੂਦਾ ਕਾਢਾਂ ਦੀਆਂ ਤਾਕਤਾਂ ਕਿੱਥੇ ਖਲੋਂਦੀਆਂ ਹਨ।

## ਭਾਰਤੀ ਪ੍ਰਕਿਰਿਆ ਕਾਢਾਂ ਦੀ ਸਥਾਪਨਾ

ਤਕਨੀਕੀ ਕਾਢਾਂ ਦਾ ਦਾਇਰਾ ਅਸਲ ਵਿਚ ਮੌਜੂਦਾ ਤਕਨੀਕਾਂ ਦੀਆਂ ਕਿਸਮਾਂ ਤੋਂ ਅੱਗੇ ਹੈ। ਕਾਢ, ਅਸਲ ਨੂੰ ਸਟੁਅਰਟ ਕਾਫਮੈਨ ਦੇ ਸ਼ਬਦਾਂ ਵਿਚ 'ਨਿਕਟਤਮ ਸੰਭਾਵਨਾ' ਤਕ ਲੈ ਜਾਂਦੀ ਹੈ (2000:45)।

ਜੈਵਿਕ ਅਰਥਾਂ ਵਿਚ 'ਨਿਕਟਤਮ ਸੰਭਾਵਨਾ ਦਾ ਮਤਲਬ ਹੈ ਅਣੂ ਪ੍ਰਜਾਤੀਆਂ ਦਾ ਸਮੂਹ ਜੋ ਅਸਲ ਤੋਂ ਇਕ ਕਦਮ ਦੂਰ ਹੁੰਦੇ ਹਨ, ਪਰ ਜਿਨ੍ਹਾਂ ਦੀ ਹਾਲੇ ਹੋਂਦ ਨਹੀਂ ਬਣੀ ਹੁੰਦੀ। (2000:45)।

ਆਰਥਿਕ ਅਰਥਾਂ ਵਿਚ, ਅਸਲ ਮੌਜੂਦਾ ਤਕਨੀਕਾਂ ਦਾ ਇਕ ਸਮੂਹ ਹੁੰਦਾ ਹੈ। ਪਰ ਤਕਨੀਕਾਂ ਦਾ ਇਕ ਦੂਜਾ ਸਮੂਹ ਵੀ ਹੁੰਦਾ ਹੈ, ਜੋ ਮੌਜੂਦ ਨਹੀਂ ਹੁੰਦਾ ਪਰ ਜਾਣਕਾਰੀ ਦੇ ਮੌਜੂਦਾ ਸਮੂਹ ਨਾਲ ਸੰਭਵ ਹੁੰਦਾ ਹੈ। ਜਿਵੇਂ ਜੋਇਲ ਮੋਕਰ ਜਾਣਕਾਰੀ ਅਤੇ ਤਕਨੀਕ ਵਿਚਲੇ ਸੰਬੰਧ ਦੀਆਂ ਵਿਸ਼ੇਸ਼ਤਾਈਆਂ ਦੱਸਦਾ ਹੈ, ''ਲਾਭਦਾਇਕ ਜਾਣਕਾਰੀ ਦੇ ਸਮੂਹ (ਉਮੇਗਾ) ਤੋਂ ਸੰਭਵ ਤਕਨੀਕਾਂ (ਲੈਮਬਡਾ) ਤਕ ਨਿਸ਼ਾਨਦੇਹੀ ਕਿਸੇ ਵੀ ਤਕਨੀਕ ਦੇ ਨਮੂਨੇ ਦੀ ਉਤਪਤੀ ਵਿਚ ਇਕ ਕੇਂਦਰੀ ਵਿਚਾਰ ਰਿਹਾ ਹੋਵੇਗਾ।" (ਮੋਕਰ, 2000:54)

ਪਰ, ਸੰਭਵ ਤਕਨੀਕਾਂ ਦੇ ਸਮੂਹ ਤੋਂ ਇਲਾਵਾ, ਅਸਲ ਵਿਚ ਮੌਜੂਦ ਤਕਨੀਕਾਂ ਦਾ ਇਕ ਸਮੂਹ ਵੀ ਹੈ, ਜਿਸ ਨੂੰ ਅਸੀਂ ਸਿਗਮਾ ਆਖ ਸਕਦੇ ਹਾਂ। ਸੰਭਵ ਤਕਨੀਕਾਂ ਦੇ ਸਮੂਹ ਵਿਚੋਂ ਅਸਲ ਤਕਨੀਕਾਂ ਦੇ ਸਮੂਹ ਨੂੰ ਮਨਫ਼ੀ ਕਰਨ ਉਪਰੰਤ (ਲੈਮਬਡਾ-ਸਿਗਮਾ = ਐਪਸਿਲੋਨ) ਕਾਫ਼ਮੈਨ ਦੀ ਨਿਕਟਤਮ ਸੰਭਵ' ਦੀ ਧਾਰਨਾ ਨਾਲ ਮੇਲ ਖਾਵੇਗੀ। ਵਿਸ਼ਵ ਆਰਥਿਕਤਾ ਦੇ ਨਿਕਟਤਮ ਸੰਭਵ ਨੂੰ ਅਸੀਂ ਸੰਭਵ ਤਕਨੀਕਾਂ ਦੇ ਉਸ ਸਮੂਹ ਦੇ ਤੌਰ ਤੇ ਬਿਆਨ ਕਰ ਸਕਦੇ ਹਾਂ ਜੋ ਹਾਲੇ ਮੌਜੂਦ ਨਹੀਂ ਹਨ, ਐਪਸਿਲੋਨ। ਸਪੱਸ਼ਟ ਤੌਰ ਤੇ, ਸੰਭਵ ਤਕਨੀਕਾਂ ਦੇ ਸਮੂਹ ਦੇ ਰਸਤੇ ਵਿਚ ਲਾਭਕਾਰੀ ਜਾਣਕਾਰੀ ਦੀਆਂ ਮਜਬੂਰੀਆਂ ਹਨ। ਪਰ, ਅਸਲ ਤਕਨੀਕਾਂ ਸੰਭਵ ਤਕਨੀਕਾਂ ਦਾ ਖਲਾਅ ਪੂਰੀ ਤਰ੍ਹਾਂ ਨਹੀਂ ਭਰਦੀਆਂ, ਜਿਸ ਕਰਕੇ ਆਰਥਿਕਤਾ ਦੇ 'ਨਿਕਟਤਮ ਸੰਭਵ' ਵੱਲ ਪਸਾਰੇ ਦਾ ਰਾਹ ਖੁੱਲ੍ਹ ਜਾਂਦਾ ਹੈ, ਬੇਸ਼ੱਕ ਜਾਣਕਾਰੀ ਦੀ ਮੌਜੂਦਾ ਹਾਲਤ ਦੇ ਤਹਿਤ ਹੀ।

ਖ਼ੈਰ, ਨਿਕਟਤਮ ਸੰਭਾਵਨਾ ਵੱਲ ਜਾਣ ਨੂੰ ਜੋ ਨਿਰਧਾਰਤ ਕਰਦਾ ਹੈ, ਉਹ ਹੈ ਕਿਹੜੀ ਸੰਭਵ ਤਕਨੀਕ ਦੀ ਮਦਦ ਲਈ ਜਾਵੇ? ਇਥੇ ਦੋ ਪੜਾਵੀ ਨਿਰਧਾਰਨ ਹੁੰਦਾ ਹੈ। ਸ਼ੁਰੂਆਤ ਵਿਚ ਤਕਨੀਕਕਾਰਾਂ ਅਤੇ ਇਕਾਈਆਂ ਦਾ ਫੈਲਾਅ ਹੁੰਦਾ ਹੈ ਜਿਸ ਤੋਂ ਨਿਰਧਾਰਤ ਹੁੰਦਾ ਹੈ ਕਿ ਕੌਣ ਕੰਮ ਕਰੇਗਾ ਅਤੇ ਬਾਜ਼ਾਰ ਨਿਰਧਾਰਣ ਹੁੰਦਾ ਹੈ ਕਿ ਕਿਹੜੀਆਂ ਸੰਭਾਵਿਤ ਤਕਨੀਕਾਂ ਬਾਜ਼ਾਰ ਵਿਚ ਪੈਰ ਜਮਾਅ ਸਕਦੀਆਂ ਹਨ।

ਇਸ ਦਾ ਮਤਲਬ ਹੈ ਅਸਲ ਤੋਂ ਨਿਕਟਤਮ ਸੰਭਾਵਿਤ ਵੱਲ ਚੱਲਣਾ ਬੇਤਰਤੀਬਾ ਨਹੀਂ ਹੋਵੇਗਾ। ਇਹ ਖੋਜਕਾਰਾਂ ਅਤੇ ਇਕਾਈਆਂ ਵਲੋਂ ਲਏ ਗਏ ਫ਼ੈਸਲਿਆਂ 'ਤੇ ਨਿਰਭਰ ਕਰੇਗਾ ਜਿਸ ਦਾ ਆਧਾਰ ਬਾਜ਼ਾਰੀ ਤੱਤਾਂ ਬਾਰੇ ਉਨ੍ਹਾਂ ਦੀ ਸਮਝ ਅਤੇ ਲੋੜ ਹੋਵੇਗਾ। ਇਹ ਬਹੁਤ ਹੀ ਸੰਦਰਭ ਨਿਰਭਰ ਹੈ। ਇਹ ਇਕ ਬਾਜ਼ਾਰ ਤੋਂ ਦੂਸਰੇ ਬਾਜ਼ਾਰ ਵਿਚ ਵੱਖ-ਵੱਖ ਹੋ ਸਕਦਾ ਹੈ, ਖ਼ਾਸ ਕਰਕੇ ਉੱਚ ਕੀਮਤ ਤੋਂ ਘੱਟ ਕੀਮਤ ਬਾਜ਼ਾਰਾਂ ਦੇ ਸੰਦਰਭ ਵਿਚ। ਇਕ ਉੱਚ ਕੀਮਤ ਵਾਲੇ ਬਾਜ਼ਾਰ ਵਿਚ ਜ਼ਰੂਰੀ ਨਹੀਂ ਕਿ ਪ੍ਰਤਿ ਇਕਾਈ ਕੀਮਤ ਨੂੰ ਮਹੱਤਵ ਦਿਤਾ ਜਾਵੇ, ਪਰ ਕਿਸੇ ਉਤਪਾਦ ਦੀਆਂ ਵਿਸ਼ੇਸ਼ਤਾਵਾਂ ਜ਼ਿਆਦਾ ਮਹੱਤਵਪੂਰਨ ਹੋ ਸਕਦੀਆਂ ਹਨ। ਪਰ ਇਕ ਨਿਮਨ ਕੀਮਤ ਬਾਜ਼ਾਰ ਵਿਚ ਕੁਝ ਵਾਧੂ ਵਿਸ਼ੇਸ਼ਤਾਵਾਂ ਨਾਲੋਂ ਪਰਿਚਾਲਨ ਲਾਗਤ ਵੱਧ ਅਹਿਮ ਹੋ ਸਕਦੀ ਹੈ। ਬਾਜ਼ਾਰ ਦੇ ਵੱਖ-ਵੱਖ ਅੰਗਾਂ (ਉੱਚ ਕੀਮਤ, ਘੱਟ ਕੀਮਤ) ਨੂੰ 'ਸਿਹਤਮੰਦ ਪਰਿਦ੍ਰਿਸ਼' ਦੇ ਅੰਗ ਸਮਝਿਆ ਜਾ ਸਕਦਾ ਹੈ। ਨਤੀਜੇ ਵਜੋਂ, 'ਸਿਹਤਮੰਦ ਪਰਿਦ੍ਰਿਸ਼' ਦੇ ਇਕ ਅੰਗ ਵਿਚ ਨਾ ਚੁਣੀਆਂ ਗਈਆਂ ਤਕਨੀਕਾਂ ਨੂੰ ਇਸ ਦੇ ਦੂਜੇ ਅੰਗਾਂ ਵਿਚ ਵਰਤਿਆ ਜਾ ਸਕਦਾ ਹੈ।

***ਇਸ ਤਰ੍ਹਾਂ, ਜਿਸ ਤਰੀਕੇ ਨਾਲ ਨੇੜਲੀ ਸੰਭਾਵਨਾ ਵੱਲ ਵਧਿਆ ਜਾ ਸਕਦਾ ਹੈ, ਉਹ ਵੱਖ-ਵੱਖ ਬਾਜ਼ਾਰਾਂ ਵਿਚ ਕੰਮ ਕਰ ਰਹੀਆਂ ਇਕਾਈਆਂ ਲਈ ਵੱਖ-ਵੱਖ ਹੋ ਸਕਦਾ ਹੈ। ਇਕ ਓ ਈ ਸੀ ਡੀ ਬਾਜ਼ਾਰ ਲਈ ਇਹ ਜ਼ਰੂਰੀ ਨਹੀਂ ਹੋਵੇਗਾ ਕਿ ਉਹ ਅਜਿਹਾ ਰੈਫਰੀਜ੍ਰੇਟਰ ਬਣਾਵੇ ਜੋ ਬਿਜਲੀ ਨਾ ਹੋਣ ਦੀ ਹਾਲਤ ਵਿਚ ਵੀ ਕੰਮ ਕਰਦਾ ਰਹੇ।***

ਪਰ ਇਹ ਪੇਂਡੂ ਭਾਰਤ ਜਾਂ ਪੇਂਡੂ ਅਫ਼ਰੀਕਾ ਦੇ 'ਸਿਹਤਮੰਦ ਪਰਿਦ੍ਰਿਸ਼' ਲਈ ਅਹਿਮ ਹੋਵੇਗਾ। ਇਨ੍ਹਾਂ ਸਿਹਤਮੰਦ ਫ਼ਰਕ ਦਾ ਮਤਲਬ ਹੈ ਕਿ ਬਾਜ਼ਾਰ ਦੇ ਵੱਖ-ਵੱਖ ਭਾਗਾਂ ਵਿਚ ਕੰਮ ਕਰ ਰਹੀਆਂ ਇਕਾਈਆਂ ਨਿਕਟਤਮ ਸੰਭਾਵਨਾ ਵੱਲ ਵੱਖ-ਵੱਖ ਤਰੀਕਿਆਂ ਨਾਲ ਵਧਣਗੀਆਂ। ਨਿਕਟਤਮ ਸੰਭਾਵਨਾ ਨੂੰ ਇਕਾਈਆਂ ਵਲੋਂ ਘੱਟ ਕੀਮਤ ਬਾਜ਼ਾਰ ਦੇ ਭਾਗਾਂ ਵਿਚ ਵਰਤਿਆ ਜਾਵੇਗਾ ਤਾਂ ਜੋ ਉਤਪਾਦ ਅਤੇ ਪਰਿਚਾਲਨ ਲਾਗਤ ਨੂੰ ਘੱਟ ਕਰਨ ਦੇ ਤਰੀਕੇ ਲੱਭੇ ਜਾ ਸਕਣ, ਜਦ ਕਿ ਮੁਢਲੀਆਂ ਵਿਸ਼ੇਸ਼ਤਾਵਾਂ ਵਾਲੇ ਉਤਪਾਦ ਬਣਾਏ ਜਾਣ ; ਜਦ ਕਿ ਉੱਚ ਕੀਮਤ

ਬਾਜ਼ਾਰ ਖੇਤਰ ਵਿਚ ਕੰਮ ਕਰਨ ਵਾਲੀਆਂ ਇਕਾਈਆਂ ਅਜਿਹੀਆਂ ਵਿਸ਼ੇਸ਼ਤਾਵਾਂ ਦੀ ਭਾਲ ਕਰਨਗੀਆਂ ਜਿਸ ਨਾਲ ਉਤਪਾਦ ਦੀ ਕੀਮਤ ਵਧ ਸਕੇ। ਚੀਨ ਦੇ ਸਿਓਮੀ ਜਾਂ ਭਾਰਤੀ ਮੈਕਸ ਮੋਬਾਇਲ ਅਤੇ ਅਮਰੀਕਨ ਐਪਲ ਸਮਾਰਟ ਫ਼ੋਨ ਪ੍ਰਤਿ ਪਹੁੰਚ ਵਿਚ ਇਹੀ ਫ਼ਰਕ ਹੈ।

### ਕਾਢ ਅਤੇ ਖਪਤਕਾਰਾਂ ਦੀ ਭੂਮਿਕਾ

ਨਵੇਂ ਉਤਪਾਦਾਂ ਦੀ ਕਾਢ ਲਈ ਆਮ ਤੌਰ ਤੇ ਉਤਪਾਦਕਾਂ ਅਤੇ ਖਪਤਕਾਰਾਂ ਵਿਚਕਾਰ ਗੂੜ੍ਹੇ ਅਤੇ ਬਾਰ-ਬਾਰ ਸੰਵਾਦ ਦੀ ਲੋੜ ਹੁੰਦੀ ਹੈ, ਜਾਂ ਸਪੱਸ਼ਟ ਕਹਿ ਲਈਏ, ਮੋਹਰੀ ਵਰਤੋਂਕਾਰ (ਵਾਨ ਹਿਪਲ, 2005)। ਇਹ ਮੋਹਰੀ ਵਰਤੋਂਕਾਰ ਨਿੱਜੀ ਵਿਅਕਤੀ ਹੋ ਸਕਦੇ ਹਨ, ਉਦਾਹਰਣ ਲਈ ਉਹ ਜੋ ਪਹਾੜੀ 'ਤੇ ਚੜ੍ਹਨ ਵਾਲੇ ਮੋਟਰਸਾਈਕਲ ਚਲਾਉਂਦੇ ਹਨ ਅਤੇ ਜਿਨ੍ਹਾਂ ਨੂੰ ਵੱਖ-ਵੱਖ ਉਚਾਈਆਂ ਲਈ ਲੋੜੀਂਦੀਆਂ ਜ਼ਰੂਰਤਾਂ ਦਾ ਅਹਿਸਾਸ ਹੁੰਦਾ ਹੈ (ਬਿਜਕਰ, 1997)। ਜਾਂ ਫਿਰ ਉਹ ਨਿਰਮਾਤਾ ਜਾਂ ਉਤਪਾਦਕ ਹੋ ਸਕਦੇ ਹਨ। ਮਿਸਾਲ ਦੇ ਲਈ, ਇੰਟੈਲ, ਚਿਪ ਨਿਰਮਾਤਾ ਸਾਫਟਵੇਅਰ ਨਿਰਮਾਤਾ ਜਿਵੇਂ ਮਾਈਕਰੋਸਾਫਟ ਅਤੇ ਕੰਪਿਊਟਰ ਨਿਰਮਾਤਾਵਾਂ, ਦੋਨਾਂ ਨਾਲ ਲਗਾਤਾਰ ਸੰਵਾਦ ਰਚਾਉਂਦਾ ਹੈ (ਲੇਸਟਰ ਅਤੇ ਪਿਓਰ, 2004)। ਇਹ ਸੰਵਾਦ ਡਿਜ਼ਾਈਨ ਅਤੇ ਬਾਜ਼ਾਰੀਕਰਨ, ਦੋਵਾਂ ਲਈ ਜ਼ਰੂਰੀ ਹੈ। ਕੁਦਰਤੀ ਤੌਰ ਤੇ ਉਹ ਆਰਥਿਕਤਾਵਾਂ ਜਿਨ੍ਹਾਂ ਅੰਦਰ ਉਤਪਾਦ ਵਿਕਸਤ ਕਰਨ ਵਾਲਿਆਂ ਅਤੇ ਵਰਤੋਂਕਾਰਾਂ ਦਰਮਿਆਨ ਸੰਵਾਦ ਜ਼ਿਆਦਾ ਗੂੜ੍ਹਾ ਹੁੰਦਾ ਹੈ, ਉਹ ਆਰਥਿਕਤਾਵਾਂ ਨਵੇਂ ਉਤਪਾਦ ਵਿਕਸਤ ਕਰਨ ਦੇ ਸਮਰਥ ਹੁੰਦੀਆਂ ਹਨ, ਬਨਿਸਬਤ ਉਨ੍ਹਾਂ ਆਰਥਿਕਤਾਵਾਂ ਦੇ ਜਿਥੇ ਅਜਿਹੇ ਸੰਵਾਦ ਆਮ ਨਹੀਂ ਹਨ ਜਾਂ ਘੱਟ ਹਨ। ਇਸ ਮੁੱਦੇ 'ਤੇ, ਵਿਕਸਤ ਆਰਥਿਕਤਾਵਾਂ ਜਿਥੇ ਜ਼ਿਆਦਾ ਵਰਤੋਂਕਾਰ ਹੁੰਦੇ ਹਨ, ਵਲੋਂ ਉੱਭਰ ਰਹੀਆਂ ਆਰਥਿਕਤਾਵਾਂ ਦੇ ਮੁਕਾਬਲੇ ਵਧੀਆ ਕਾਰਗੁਜ਼ਾਰੀ ਦੀ ਉਮੀਦ ਹੁੰਦੀ ਹੈ।

ਪਰ, ਉੱਭਰ ਰਹੇ ਅਰਥਚਾਰਿਆਂ ਦੇ ਵਪਾਰ ਦੀ ਵਿਸ਼ਵ ਪੱਧਤੀ ਉੱਭਰ ਰਹੀਆਂ ਆਰਥਿਕਤਾਵਾਂ ਦੀਆਂ ਇਕਾਈਆਂ ਨੂੰ ਵਿਕਸਤ ਬਾਜ਼ਾਰ ਦੀਆਂ ਲੋੜਾਂ ਦੇ ਸੰਪਰਕ ਵਿਚ ਲਿਆ ਖੜ੍ਹਾ ਕਰਦੀ ਹੈ। ਇੰਟਰਨੈੱਟ ਦੇ ਵਿਕਾਸ ਤੋਂ ਇਲਾਵਾ, ਸੰਵਾਦ ਨੂੰ ਜ਼ਿਆਦਾ ਗਹਿਰਾ ਕਰਦੀ ਹੈ ਜਿਸ ਨਾਲ ਦੂਰੀ ਦਾ ਪ੍ਰਭਾਵ ਘਟ ਜਾਂਦਾ ਹੈ। ਪਰ ਅਸੀਂ ਆਸ ਕਰਾਂਗੇ ਕਿ ਉੱਭਰ ਰਹੀਆਂ ਆਰਥਿਕਤਾਵਾਂ ਦੇ ਮੁਕਾਬਲੇ ਵਿਕਸਤ ਅਰਥਚਾਰਿਆਂ ਦਾ ਹੱਥ ਫਿਰ ਵੀ ਉੱਪਰ ਹੀ ਰਹੇਗਾ। ਜਾਂ ਇਸ ਨੂੰ ਜੇ ਦੂਸਰੇ ਤਰੀਕੇ ਨਾਲ ਸਮਝਣਾ ਹੋਵੇ, - ਵਿਕਸਤ ਦੇਸ਼ਾਂ ਦੀਆਂ ਇਕਾਈਆਂ, ਓ ਈ ਸੀ ਡੀ ਆਰਥਿਕਤਾਵਾਂ ਦਾ ਇਨ੍ਹਾਂ ਆਰਥਿਕਤਾਵਾਂ ਦੀਆਂ ਬਾਜ਼ਾਰੀ ਜ਼ਰੂਰਤਾਂ ਨਾਲ ਜ਼ਿਆਦਾ ਸੰਬੰਧ ਰਹਿ ਸਕਦਾ ਹੈ। ਉੱਭਰ ਰਹੇ ਅਰਥਚਾਰਿਆਂ ਵਿਚ ਖੋਜ ਅਤੇ ਵਿਕਾਸ ਦਾ ਕੰਮ ਕੀਤਾ ਜਾ ਸਕਦਾ ਹੈ ਪਰ ਇਹ ਬਹੁ-ਰਾਸ਼ਟਰੀ ਕੰਪਨੀਆਂ ਜਾਂ ਓ ਈ ਸੀ ਡੀ ਦੇਸ਼ਾਂ ਦੀਆਂ ਉੱਪ-ਸ਼ਾਖਾਵਾਂ ਹੀ ਹੋਣਗੀਆਂ। ਉਦਾਹਰਣ ਲਈ, ਕੋਰੀਆ ਦੇ ਸੈਮਸੰਗ ਦੀਆਂ ਕੁਝ ਪ੍ਰਮੁੱਖ ਇਕਾਈਆਂ ਭਾਰਤ ਵਿਚ ਹਨ। ਇਹ ਇਕਾਈਆਂ ਉੱਚ ਤਕਨੀਕ ਉਤਪਾਦ ਦੇ ਵਿਕਾਸ ਵਿਚ ਸ਼ਾਮਿਲ ਹਨ। ਜਿਸ ਨੇ ਸੈਮਸੰਗ ਨੂੰ ਐਪਲ ਦਾ ਪ੍ਰਮੁੱਖ ਮੁਕਾਬਲੇਬਾਜ਼ ਬਣਾ ਦਿਤਾ ਹੈ। ਮਿਸਾਲ ਦੇ ਲਈ ਖੇਡਾਂ, ਸੰਗੀਤ, ਰੀਡਰ ਅਤੇ ਸੋਸ਼ਲ ਨੈੱਟਵਰਕਿੰਗ ਦੇ ਐਪ ਜੋ ਸੈਮਸੰਗ ਦੇ ਸਮਾਰਟ ਫ਼ੋਨ ਅਤੇ ਟੈਬਲੈਟ ਵਿਚ ਉਪਲਬਧ ਹਨ, ਭਾਰਤੀ ਇਕਾਈਆਂ ਵਲੋਂ ਵਿਕਸਤ ਕੀਤੇ ਗਏ ਸਨ (ਫਾਰਚੂਨ ਇੰਡੀਆ, ਦਸੰਬਰ 2011, ਪੀ ਪੀ 124-131)।

ਜਿਥੇ ਉੱਚ ਆਮਦਨ ਗਾਹਕਾਂ ਨਾਲ ਗਹਿਰੇ ਸੰਵਾਦ ਦੀ ਲੋੜ ਹੈ, ਵਿਕਸਤ ਦੇਸ਼ਾਂ ਦੇ ਸੰਬੰਧਿਤ ਨਿਗਮਾਂ ਦਾ ਉੱਭਰ ਰਹੀਆਂ ਆਰਥਿਕਤਾਵਾਂ ਦੇ ਨਿਗਮਾਂ ਨਾਲੋਂ ਹੱਥ ਉੱਪਰ ਹੋਵੇਗਾ। ਪਰ, ਹੁਣ ਜਦ ਕਿ ਜ਼ਿਆਦਾਤਰ ਵਿਕਸਤ ਆਰਥਿਕਤਾਵਾਂ ਵਿਚ ਉੱਭਰ ਰਹੀਆਂ ਆਰਥਿਕਤਾਵਾਂ ਦੇ ਨਿਗਮ ਖੁਦ ਆਪ ਇਸ ਕੰਮ ਵਿਚ ਸ਼ਾਮਿਲ ਹਨ, ਜਿਵੇਂ ਕਿ ਭਾਰਤੀ ਆਈ ਟੀ ਕੰਪਨੀਆਂ ਜਾਂ ਹੁਆਵੇਈ, ਟੈਲੀਕਾਮ ਯੰਤਰਾਂ ਦਾ ਚੀਨੀ ਪੂਰਤੀਕਾਰ, ਤਾਂ ਉੱਭਰ ਰਹੀਆਂ ਆਰਥਿਕਤਾਵਾਂ ਦੇ ਨਿਗਮ ਵੀ ਇਨ੍ਹਾਂ ਮੌਜੂਦ ਖੱਪਿਆਂ ਨੂੰ ਘੱਟ ਕਰਨ ਦੀ ਹਾਲਤ ਵਿਚ ਹਨ।

ਦੂਜੇ ਪਾਸੇ, ਬਾਜ਼ਾਰ ਦੀਆਂ ਕਿਸਮਾਂ ਅਤੇ ਸਿਹਤਮੰਦ ਪਰਿਦ੍ਰਿਸ਼ਾਂ ਦਰਮਿਆਨ ਇਸ ਫ਼ਰਕ ਦਾ ਮਤਲਬ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੀਆਂ ਇਕਾਈਆਂ ਦਾ ਘੱਟ ਆਮਦਨ ਬਾਜ਼ਾਰ ਵਾਸਤੇ ਉਤਪਾਦ ਦੀ ਕਲਪਨਾ ਕਰਨ ਅਤੇ ਉਤਪਾਦ ਵਿਚ ਹੱਥ ਉਤੇ ਰਹਿ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਅਜਿਹੇ ਬਾਜ਼ਾਰਾਂ ਦੀ ਜ਼ਿਆਦਾ ਸਮਝ ਹੁੰਦੀ ਹੈ ... '(ਸਿਟਾਰਿਟਜ਼, 2011, ਪੰਨਾ 5)। ਪਰ, ਜਿਵੇਂ ਕਿ ਇਮੈਲਟ (2009) ਵਲੋਂ ਇਸ਼ਾਰਾ ਕੀਤਾ ਗਿਆ ਹੈ, ਘੱਟ ਆਮਦਨ ਬਾਜ਼ਾਰਾਂ ਵਾਸਤੇ ਵਿਕਸਤ ਕੀਤੇ ਗਏ ਉਤਪਾਦ ਉੱਚ ਆਮਦਨ ਦੇਸ਼ਾਂ ਦੇ ਬਾਜ਼ਾਰਾਂ ਵਿਚ ਵੀ ਆਪਣੀ ਪਛਾਣ ਬਣਾ ਸਕਦੇ ਹਨ। ਉੱਚ ਆਮਦਨ ਦੇਸ਼ਾਂ ਦੇ ਬਾਜ਼ਾਰ ਦੇ ਸਾਰੇ ਭਾਗ ਉੱਚ ਆਮਦਨ ਬਾਜ਼ਾਰ ਵਾਲੇ ਨਹੀਂ ਹੁੰਦੇ, ਉੱਚ ਆਮਦਨ ਦੇਸ਼ਾਂ ਵਿਚ ਨਿਮਨ ਆਮਦਨ ਬਾਜ਼ਾਰ ਵੀ ਹੁੰਦੇ ਹਨ। ਸਿੱਟੇ ਵਜੋਂ, ਐਂਡਰਾਇਡ ਅਧਾਰਤ ਕਿਫ਼ਾਇਤੀ ਸਮਾਰਟ ਫ਼ੋਨ, ਜੋ ਸ਼ੁਰੂਆਤ ਵਿਚ ਚੀਨ ਅਤੇ ਭਾਰਤ ਦੇ ਬਾਜ਼ਾਰਾਂ ਲਈ ਵਿਕਸਤ ਕੀਤੇ ਗਏ ਸਨ, ਹੁਣ ਅਮਰੀਕਾ ਦੇ ਨਿਮਨ ਆਮਦਨ ਬਾਜ਼ਾਰਾਂ ਵਿਚ ਵੀ ਪੈਰ ਪਸਾਰ ਰਹੇ ਹਨ। ਘੱਟ ਲਾਗਤ ਵਾਲਾ ਚੀਨੀ ਸਮਾਰਟ ਫ਼ੋਨ ਸਿਓਮੀ ਸਮਾਰਟ ਫ਼ੋਨ ਬਾਜ਼ਾਰ ਨੂੰ ਬਦਲ ਰਿਹਾ ਹੈ (ਸੈਮਪੇਅਰ, 2014)।

***ਨਿਮਨ ਆਮਦਨ, ਵੱਡੇ ਪੱਧਰ ਦੇ ਬਾਜ਼ਾਰਾਂ ਵਿਚ ਖੋਜ ਦੁਆਰਾ ਕਿਫ਼ਾਇਤੀ ਇੰਜੀਨੀਅਰਿੰਗ ਵਾਲੇ ਇਹ ਉਤਪਾਦ ਨਿਮਨ ਆਮਦਨ ਵਾਲੇ ਦੇਸ਼ਾਂ ਤਕ ਹੀ ਸੀਮਤ ਨਹੀਂ ਰਹਿਣਗੇ। ਭਾਰਤ ਦੇ ਆਮ ਦਵਾਈ ਖੇਤਰ ਨੇ ਪਹਿਲਾਂ ਹੀ ਨਿਮਨ ਆਮਦਨ ਤੋਂ ਉੱਚ ਆਮਦਨ ਬਾਜ਼ਾਰਾਂ ਵੱਲ ਉਤਪਾਦ ਭੇਜਣ ਦਾ ਰਾਹ ਦਿਖਾ ਦਿਤਾ ਹੈ। ਸਿੱਟੇ ਵਜੋਂ, ਭਾਰਤ ਦੀ ਖੋਜ ਨੀਤੀ ਨੂੰ ਘੱਟ ਲਾਗਤ ਵਾਲੇ ਉਤਪਾਦ ਤਿਆਰ ਕਰਨ ਵੱਲ ਵਧੇਰੇ ਤਵੱਜੋ ਦੇਣੀ ਚਾਹੀਦੀ ਹੈ। ਇਸ ਦੇ ਲਈ ਖੋਜ ਇਕਾਈਆਂ ਅਤੇ ਵਪਾਰਕ ਸੰਸਥਾਨਾਂ ਦਰਮਿਆਨ ਗੂੜ੍ਹੇ ਸੰਬੰਧਾਂ ਦੀ ਲੋੜ ਪਵੇਗੀ।***

*(ਲੇਖਕ ਪ੍ਰੋਫ਼ੈਸਰ, ਇੰਸਟੀਚਿਊਟ ਫਾਰ ਹਿਊਮਨ ਡਿਵੈਲਪਮੈਂਟ, ਨਵੀਂ ਦਿੱਲੀ ਅਤੇ ਵਿਜ਼ਟਿੰਗ ਰਿਸਰਚ ਫੈਲੋ, ਡਿਊਕ ਯੂਨੀਵਰਸਿਟੀ, ਅਮਰੀਕਾ ਹੈ।)*

# ਭਾਰਤ ਦਾ 45ਵਾਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ

ਪ੍ਰਵੀਨ ਸਲਦੀ

3 ਮਈ 1913 ਭਾਰਤੀ ਸਿਨਮਾ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਇਕ ਯਾਦਗਾਰੀ ਦਿਵਸ ਹੈ ਜਦੋਂ ਦਾਦਾ ਸਾਹਿਬ ਫਾਲਕੇ ਵਲੋਂ ਬਣਾਈ ਪੂਰੇ ਸਮੇਂ ਦੀ ਪਹਿਲੀ ਫੀਚਰ ਫ਼ਿਲਮ 'ਰਾਜਾ ਹਰੀਸ਼ਚੰਦਰ' ਮੁੰਬਈ ਵਿਚ ਕਾਰੋਨੇਸ਼ਨ ਸਿਨਮਾ ਵਿਚ ਪਰਦੇ ਉਪਰ ਦਿਖਾਈ ਗਈ। ਇਸ ਤੋਂ ਪਹਿਲਾਂ 18 ਮਈ 1912 ਨੂੰ ਦਾਦਾ ਸਾਹਿਬ ਤੋਰਨੇ ਵਲੋਂ ਬਣਾਈ ਫ਼ਿਲਮ 'ਸ੍ਰੀ ਪੁੰਡਾਲਿਕ' ਇਸੇ ਸਿਨਮਾ ਹਾਲ ਵਿਚ ਰੀਲੀਜ਼ ਹੋਈ ਸੀ ਪਰ ਉਹ ਉਸ ਵੇਲੇ ਦੇ ਉੱਘੇ ਮਰਾਠੀ ਡਰਾਮੇ ਦਾ ਫੋਟੋ ਰੂਪਾਂਤਰ ਮਾਤਰ ਸੀ ਜਿਸ ਨੂੰ ਪਰਦੇ ਉੱਪਰ ਦਿਖਾਇਆ ਗਿਆ ਸੀ। ਇਤਿਹਾਸਕਾਰ ਉਸ ਨੂੰ ਭਾਰਤ ਦੀ ਪਹਿਲੀ ਫੀਚਰ ਫ਼ਿਲਮ ਨਹੀਂ ਮੰਨਦੇ ਅਤੇ ਇਹ ਮਾਣ ਭਾਰਤੀ ਫ਼ਿਲਮ ਜਗਤ ਦੇ ਜਨਮਦਾਤਾ ਦਾਦਾ ਸਾਹਿਬ ਫਾਲਕੇ ਦੀ ਮਰਾਠੀ ਫ਼ਿਲਮ 'ਰਾਜਾ ਹਰੀਸ਼ਚੰਦਰ' ਨੂੰ ਹੀ ਪ੍ਰਾਪਤ ਹੈ। ਉਸ ਤੋਂ ਬਾਅਦ ਕਈ ਤਜਰਬੇ ਹੁੰਦੇ ਰਹੇ ਅਤੇ ਤਕਨੀਕੀ ਸੋਧ ਦੇ ਨਾਲ-ਨਾਲ ਫ਼ਿਲਮਾਂ ਵਿਚ ਆਵਾਜ਼ ਭਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ। ਆਖ਼ਰਕਾਰ, 14 ਮਾਰਚ 1931 ਨੂੰ ਭਾਰਤ ਦੀ ਪਹਿਲੀ ਬੋਲਦੀ ਫ਼ਿਲਮ 'ਆਲਮ ਆਰਾ' ਪਰਦੇ ਉਪਰ ਆ ਗਈ।

ਭਾਰਤ ਦੇ ਸਿਨਮਾ ਉਦਯੋਗ ਨੇ ਪਿਛਲੇ ਸੌ ਸਾਲਾਂ ਵਿਚ ਇਕ ਵੱਡੀ ਪੁਲਾਂਘ ਭਰੀ ਹੈ। ਹੁਣ ਭਾਰਤ ਵਿਚ ਹਰ ਸਾਲ ਵੱਖ-ਵੱਖ ਭਾਸ਼ਾਵਾਂ ਵਿਚ 1000 ਤੋਂ ਵੱਧ ਫ਼ਿਲਮਾਂ ਬਣ ਰਹੀਆਂ ਹਨ ਅਤੇ ਭਾਰਤ ਇਸ ਖੇਤਰ ਵਿਚ ਦੁਨੀਆਂ ਵਿਚ ਸਭ ਤੋਂ ਮੋਹਰੀ ਹੈ। ਦੇਸ਼ ਵਿਚ ਹਰ ਹਫ਼ਤੇ ਲਗਭਗ 20 ਫ਼ਿਲਮਾਂ ਵੱਖ-ਵੱਖ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਵਿਚ ਪਰਦੇ ਉਪਰ ਆ ਜਾਂਦੀਆਂ ਹਨ ਅਤੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਦਰਸ਼ਕਾਂ ਦਾ ਮਨੋਰੰਜਨ ਕਰਦੀਆਂ ਹਨ। ਭਾਰਤੀ ਮੂਲ ਦੇ ਲੋਕ ਦੁਨੀਆਂ ਦੇ ਲਗਭਗ ਹਰ ਹਿੱਸੇ ਵਿਚ ਵਸੇ ਹੋਣ ਨਾਲ, ਭਾਰਤੀ ਫ਼ਿਲਮਾਂ ਅੱਜ 100 ਤੋਂ ਵੱਧ ਦੇਸ਼ਾਂ ਵਿਚ ਦੇਖੀਆਂ ਜਾਂਦੀਆਂ ਹਨ। ਭਾਰਤੀ ਫ਼ਿਲਮਕਾਰ ਅਤੇ ਅਦਾਕਾਰ ਜਿਵੇਂ ਕਿ ਰਾਜ ਕਪੂਰ, ਵੀ.ਸ਼ਾਂਤਾਰਾਮ, ਗੁਰੂ ਦੱਤ, ਬਿਮਲ ਰਾਏ, ਕਮਾਲ ਅਮਾਰੋਹੀ, ਸਤਿਆਜੀਤ ਰੇ, ਅਡੂਰ ਗੋਪਾਲਾਕ੍ਰਿਸ਼ਨਨ, ਸ਼ਿਆਮ ਬੇਨੇਗਲ, ਕੇ. ਆਸਿਫ, ਮਹਿਬੂਬ, ਦਲੀਪ ਕੁਮਾਰ, ਮੀਨਾ ਕੁਮਾਰੀ, ਵੈਜਯੰਤੀ ਮਾਲਾ, ਹੇਮਾ ਮਾਲਿਨੀ, ਸ਼ਮੀ ਕਪੂਰ, ਗੁਲਜ਼ਾਰ, ਧਰਮਿੰਦਰ, ਅਮਿਤਾਬ ਬੱਚਨ, ਅਸ਼ੋਕ ਕੁਮਾਰ, ਸਲਮਾਨ ਖ਼ਾਨ, ਸ਼ੇਖਰ ਕਪੂਰ, ਅਨੁਰਾਗ ਕਸ਼ੱਅਪ ਅਤੇ ਹੋਰ ਅਣਗਿਣਤ ਭਾਰਤੀ ਫ਼ਿਲਮਕਾਰ ਦੁਨੀਆਂ ਭਰ ਵਿਚ ਮਸ਼ਹੂਰ ਹਨ ਅਤੇ ਉਨ੍ਹਾਂ ਦਾ ਹਰਮਨ ਪਿਆਰ ਅਤੇ ਅਦੁੱਤੀ ਕਾਰਜ ਸ਼ੈਲੀ ਅਤੇ ਕਲਾਤਮਕ ਸਿਰਜਨਾ ਨੇ ਭਾਰਤੀ ਫ਼ਿਲਮ ਉਦਯੋਗ ਨੂੰ ਫ਼ਿਲਮ ਜਗਤ ਦੀ ਮੁੱਢਲੀ ਕਤਾਰ ਵਿਚ ਖੜ੍ਹਾ ਕਰ ਦਿਤਾ ਹੈ। ਬੀਤੇ ਕਾਲ ਦੀਆਂ ਫ਼ਿਲਮਾਂ ਮੁਗ਼ਲ-ਏ-ਆਜ਼ਮ, ਪਾਕੀਜ਼ਾ, ਪਿਆਸਾ, ਕਾਗ਼ਜ਼ ਕੇ ਫੂਲ, ਸਾਹਿਬ ਬੀਵੀ ਔਰ ਗ਼ੁਲਾਮ, ਸ੍ਰੀ 420, ਅਵਾਰਾ, ਸੰਗਮ ਅਤੇ ਬਰਸਾਤ ਕੀ ਰਾਤ ਨੂੰ ਅੱਜ ਵੀ ਦਰਸ਼ਕ ਉਨੇ ਹੀ ਉਤਸ਼ਾਹ ਨਾਲ ਦੇਖਦੇ ਹਨ, ਜਿਸ ਤਰ੍ਹਾਂ ਤਾਜ਼ਾ ਫ਼ਿਲਮਾਂ ਤੋਂ ਮਨੋਰੰਜਨ ਦਾ ਆਨੰਦ ਲੈਂਦੇ ਹਨ।

ਭਾਰਤੀ ਸਿਨਮਾ ਨੇ ਸਭਿਆਚਾਰ, ਕਲਾ, ਸਮਾਜਿਕ ਕਦਰਾਂ ਕੀਮਤਾਂ ਅਤੇ ਇਤਿਹਾਸ ਦੇ ਪੰਨਿਆਂ ਨੂੰ ਸੰਜੋਅ ਕੇ ਰੱਖਣ ਵਿਚ ਅਦੁੱਤਾ ਯੋਗਦਾਨ ਪਾਇਆ ਹੈ। ਸਾਡੇ ਮਹਾਂਕਾਵਿ ਰਾਮਾਇਣ ਅਤੇ ਮਹਾਂਭਾਰਤ, ਪੁਰਾਣਿਕ ਕਥਾਵਾਂ ਅਤੇ ਇਤਿਹਾਸ ਦੇ ਪੰਨਿਆਂ ਨੇ ਫ਼ਿਲਮਕਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਇਨ੍ਹਾਂ ਉਪਰ ਆਧਾਰਿਤ ਅਣਗਿਣਤ ਫ਼ਿਲਮਾਂ ਬਣ ਚੁੱਕੀਆਂ ਹਨ ਜੋ ਦਰਸ਼ਕਾਂ ਵਲੋਂ ਸਲਾਹੀਆਂ ਗਈਆਂ ਹਨ। ਦੇਸ਼ ਪਿਆਰ ਅਤੇ ਆਜ਼ਾਦੀ ਦੇ ਸੰਗ੍ਰਾਮ ਉਪਰ ਵੀ ਬਹੁਤ ਫ਼ਿਲਮਾਂ ਬਣੀਆਂ ਹਨ। ਸ਼ਹੀਦ ਭਗਤ ਸਿੰਘ, ਝਾਂਸੀ ਕੀ ਰਾਣੀ, ਸਿਕੰਦਰ, ਜੋਧਾ ਅਕਬਰ, ਆਮਰਪਾਲੀ, ਅਸ਼ੋਕ, ਟਰੇਨ ਟੂ ਪਾਕਿਸਤਾਨ, ਪਿੰਜਰ ਆਦਿ ਫ਼ਿਲਮਾਂ ਦਰਸ਼ਕਾਂ ਵਿਚ ਦੇਸ਼ ਪਿਆਰ ਦਾ ਇਕ ਨਵਾਂ ਜੋਸ਼ ਭਰਦੀਆਂ ਹਨ ਅਤੇ ਹੁਣ ਵੀ ਸਲਾਹੀਆਂ ਜਾਂਦੀਆਂ ਹਨ। ਭਾਰਤ ਦਾ ਸਿਨਮਾ ਉਦਯੋਗ ਨਵੇਂ-ਨਵੇਂ ਤਜਰਬੇ ਕਰਕੇ ਅਤੇ ਆਧੁਨਿਕ ਤਕਨੀਕਾਂ ਅਪਣਾ ਕੇ ਦਿਨ ਦੁੱਗਣੀ ਰਾਤ ਚੌਗੁਣੀ ਉੱਨਤੀ ਕਰ ਰਿਹਾ ਹੈ। ਭਾਰਤੀ ਫ਼ਿਲਮਾਂ ਵਿਚ 100 ਪ੍ਰਤਿਸ਼ਤ ਵਿਦੇਸ਼ੀ ਪੂੰਜੀ ਨਿਵੇਸ਼ ਦੀ ਖੁੱਲ੍ਹ ਮਿਲ ਜਾਣ ਨਾਲ ਇਸ ਖੇਤਰ ਨੂੰ ਹੋਰ ਬਲ ਮਿਲਿਆ ਹੈ। ਹਾਲਾਂਕਿ ਦੁਨੀਆਂ ਭਰ ਵਿਚ ਮੰਦਹਾਲੀ ਦਾ ਦੌਰ ਚਲ ਰਿਹਾ ਹੈ ਪਰ ਭਾਰਤੀ ਅਰਥਤੰਤਰ ਵਿਚ ਮਜ਼ਬੂਤੀ ਦੇ ਆਸਾਰ ਨਜ਼ਰ ਆ ਰਹੇ ਹਨ ਅਤੇ ਇਹ ਮਜ਼ਬੂਤੀ ਫ਼ਿਲਮ ਉਦਯੋਗ ਨੂੰ ਹੋਰ ਬਲ ਦੇ ਰਹੀ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ, ਭਾਰਤ ਦੇ ਫ਼ਿਲਮ ਉਦਯੋਗ ਨੂੰ ਨਵੀਂ ਦਿਸ਼ਾ ਅਤੇ ਖੁੱਲ੍ਹ ਮਿਲੀ। ਸਮਕਾਲੀ ਇਤਿਹਾਸ ਅਤੇ ਸਮਾਜਿਕ, ਆਰਥਿਕ ਹਾਲਾਤ ਦਾ ਉਸ ਸਮੇਂ ਦੀਆਂ ਫ਼ਿਲਮਾਂ ਵਿਚ ਅਕਸ ਦੇਖਣ ਨੂੰ ਮਿਲਦਾ ਹੈ। ਫ਼ਿਲਮਾਂ ਕਲਾ ਅਤੇ ਸਭਿਆਚਾਰ ਦਾ ਵਿਲੱਖਣ ਨਮੂਨਾ ਹਨ ਜੋ ਵੱਖ-ਵੱਖ ਸਮਾਜਿਕ ਵਰਗਾਂ ਦੇ ਰਹਿਣ-ਸਹਿਣ, ਬੋਲਚਾਲ, ਆਰਥਿਕ ਖ਼ੁਸ਼ਹਾਲੀ ਜਾਂ ਮੰਦਭਾਗੀ, ਸਮਾਜਿਕ ਬੁਰਾਈਆਂ ਜਾਂ ਊਣਤਾਈਆਂ ਤੇ ਉਨ੍ਹਾਂ ਨਾਲ ਨਜਿੱਠਣ ਦੇ ਹੋ ਰਹੇ ਉਪਰਾਲੇ, ਸਮਕਾਲੀ ਦੇਸ਼ ਭਗਤਾਂ ਜਾਂ ਹੋਰ ਉੱਘੀਆਂ ਹਸਤੀਆਂ ਦਾ ਚਿੱਤ੍ਰਣ ਅਤੇ ਸਮਕਾਲੀ ਰਾਜਨੀਤਕ ਝਰੋਖੇ ਦਾ ਕੰਮ ਕਰਦੀਆਂ ਹਨ। ਅਮਰੀਕਾ, ਇੰਗਲੈਂਡ ਅਤੇ ਰੂਸ ਜਿਹੇ ਦੇਸ਼ਾਂ ਦੀਆਂ ਫ਼ਿਲਮਾਂ ਅਤੇ

ਦੇਸ਼ ਨਾਲੋਂ ਉਸ ਵੇਲੇ ਕਾਫ਼ੀ ਅਗਾਂਹਵਧੂ ਅਤੇ ਵਿਕਸਤ ਸਨ। ਇਸ ਮਾਧਿਅਮ ਰਾਹੀਂ ਦੂਸਰੇ ਦੇਸ਼ਾਂ ਬਾਰੇ ਜਾਣਨ ਦੀ ਇਕ ਤਾਂਘ ਹਰ ਪਾਸੇ ਪੈਦਾ ਹੋ ਰਹੀ ਸੀ। ਭਾਰਤ ਵਿਚ ਵੀ ਅਜਿਹਾ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਫ਼ਿਲਮ ਮਾਧਿਅਮ ਦੇ ਸੰਦਰਭ ਵਿਚ ਕਿਸੇ ਦੇਸ਼ ਦੇ ਸਭਿਆਚਾਰਕ ਲੋਕਾਚਾਰ, ਸਮਾਜਿਕ ਵਿਸ਼ੇਸ਼ਤਾਈਆਂ ਅਤੇ ਕਲਾ ਬਾਰੇ ਜਾਣਿਆ ਜਾਵੇ ਅਤੇ ਉਥੋਂ ਦੇ ਲੋਕਾਂ ਅਤੇ ਫ਼ਿਲਮ ਜਗਤ ਦੀਆਂ ਪ੍ਰਸਿੱਧ ਹਸਤੀਆਂ ਨਾਲ ਦੋਸਤੀ ਅਤੇ ਸਾਂਝ ਪੈਦਾ ਕੀਤੀ ਜਾਵੇ ਅਤੇ ਆਪਸੀ ਤਾਲਮੇਲ ਅਤੇ ਸਹਿਯੋਗ ਵਧਾਇਆ ਜਾਵੇ। ਇਸ ਤਰ੍ਹਾਂ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਦੂਸਰੇ ਵਰਗਾਂ ਅਤੇ ਦੂਸਰੇ ਦੇਸ਼ਾਂ ਦੇ ਲੋਕਾਂ ਬਾਰੇ ਜਾਣਨ ਦਾ ਮੌਕਾ ਮਿਲ ਸਕਦਾ ਸੀ। ਇਸ ਮੰਤਵ ਦੀ ਪੂਰਤੀ ਲਈ ਦੇਸ਼ ਦੇ ਫ਼ਿਲਮ ਉਦਯੋਗ ਅਤੇ ਆਮ ਲੋਕਾਂ ਨੂੰ ਦੂਸਰੇ ਦੇਸ਼ਾਂ ਵਿਚ ਹੋ ਰਿਹਾ ਫ਼ਿਲਮ ਦੇ ਖੇਤਰ ਵਿਚ ਵਿਕਾਸ ਅਤੇ ਉਥੋਂ ਦੀ ਕਲਾ ਅਤੇ ਆਰਥਿਕ ਤੇ ਸਮਾਜਿਕ ਖੇਤਰ ਦੇ ਪੱਧਰ ਬਾਰੇ ਜਾਣਕਾਰੀ ਦੇਣ ਲਈ ਇਕ ਸੰਸਥਾਗਤ ਢਾਂਚਾ ਅਪਣਾਉਣ ਦੀ ਲੋੜ ਮਹਿਸੂਸ ਕੀਤੀ ਗਈ। ਭਾਰਤ ਦਾ ਪਹਿਲਾ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਨਿਊ ਇੰਪਾਇਰ ਸਿਨੇਮਾ, ਮੁੰਬਈ ਵਿਚ 24 ਜਨਵਰੀ 1952 ਤੋਂ 1 ਫ਼ਰਵਰੀ 1952 ਤਕ ਆਯੋਜਤ ਕੀਤਾ ਗਿਆ। ਇਹ ਏਸ਼ੀਆ ਦਾ ਵੀ ਸਭ ਤੋਂ ਪਹਿਲਾ ਫ਼ਿਲਮ ਸਮਾਰੋਹ ਸੀ ਅਤੇ ਅਮਰੀਕਾ ਸਮੇਤ 23 ਦੇਸ਼ਾਂ ਨੇ ਇਸ ਵਿਚ ਹਿੱਸਾ ਲਿਆ। ਇਹ ਗ਼ੈਰ ਪ੍ਰਤਿਯੋਗਤਾ ਵਾਲੀਆਂ ਸਨ ਅਤੇ ਇਸ ਵਿਚ 40 ਤੋਂ ਵੱਧ ਫੀਚਰ ਫ਼ਿਲਮਾਂ ਅਤੇ ਲਗਭਗ 100 ਲਘੂ ਫ਼ਿਲਮਾਂ ਦਿਖਾਈਆਂ ਗਈਆਂ ਸਨ। ਬਾਅਦ ਵਿਚ ਇਸ ਸਮਾਰੋਹ ਨੂੰ ਚੇਨੱਈ, ਦਿੱਲੀ ਅਤੇ ਕੋਲਕਾਤਾ ਵਿਚ ਵੀ ਲੈ ਜਾਇਆ ਗਿਆ। ਪਹਿਲੇ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਵਿਚ ਅਵਾਰਾ (ਹਿੰਦੀ), ਪਤਾਲ ਭੈਰਵੀ (ਤੇਲਗੂ), ਅਮਰ ਭੂਪਾਲੀ (ਮਰਾਠੀ) ਅਤੇ ਬਾਬਲਾ (ਬੰਗਾਲੀ) ਫ਼ਿਲਮਾਂ ਨੇ ਭਾਰਤ ਦਾ ਪ੍ਰਤਿਨਿਧ ਕੀਤਾ ਸੀ। ਮੁੱਖ ਸਮਾਰੋਹ ਮੁੰਬਈ ਵਿਚ ਹੋਇਆ ਸੀ ਅਤੇ ਉਸ ਸਮੇਂ ਦੇ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਕੇ.ਕੇ. ਦਿਵਾਕਰ ਨੇ ਇਸ ਦਾ ਉਦਘਾਟਨ ਕੀਤਾ ਸੀ। ਸਮਾਰੋਹ ਦਾ ਦਿੱਲੀ ਵਿਚ ਉਦਘਾਟਨ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 21 ਫ਼ਰਵਰੀ 1952 ਨੂੰ ਕੀਤਾ ਸੀ ਅਤੇ ਫ਼ਿਲਮ ਉਤਪਾਦਕਾਂ, ਨਿਰਦੇਸ਼ਕਾਂ, ਕਲਾਕਾਰਾਂ ਅਤੇ ਦੇਸ਼ ਵਿਦੇਸ਼ ਦੀਆਂ ਫ਼ਿਲਮਾਂ ਅਤੇ ਰਾਜਨੀਤੀ ਨਾਲ ਜੁੜੀਆਂ ਉੱਘੀਆਂ ਹਸਤੀਆਂ ਅਤੇ ਆਮ ਲੋਕਾਂ ਨੇ ਇਸ ਦਾ ਆਨੰਦ ਮਾਣਿਆ। ਦੂਸਰਾ ਫ਼ਿਲਮ ਸਮਾਰੋਹ ਲੰਬੇ ਵਕਫ਼ੇ ਬਾਅਦ 27 ਅਕਤੂਬਰ 1961 ਤੋਂ 2 ਨਵੰਬਰ 1961 ਤਕ ਦਿੱਲੀ ਵਿਚ ਕਰਵਾਇਆ ਗਿਆ ਅਤੇ ਇਹ ਵੀ ਗ਼ੈਰ ਪ੍ਰਤਿਯੋਗਤਾ ਮੂਲਕ ਸੀ। ਭਾਰਤ ਵਿਚ ਉਸ ਵੇਲੇ ਤਕ ਫ਼ਿਲਮ ਉਦਯੋਗ ਨੇ ਕਾਫ਼ੀ ਪ੍ਰਗਤੀ ਕਰ ਲਈ ਸੀ ਅਤੇ ਫ਼ਿਲਮ ਨਿਰਦੇਸ਼ਕਾਂ, ਕਲਾਕਾਰਾਂ ਅਤੇ ਫ਼ਿਲਮ ਉਤਪਾਦਕਾਂ ਵਿਚ ਇਕ ਦੂਜੇ ਤੋਂ ਵਧੀਆ ਕਿਸਮ ਦੀ ਸਮੱਗਰੀ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਹੋੜ ਲੱਗੀ ਹੋਈ ਸੀ। ਇਸ ਸੰਦਰਭ ਵਿਚ, ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਵਿਚ ਵੀ ਭਾਰਤ ਦੇ ਤੀਸਰੇ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਵਿਚ ਪਹਿਲੀ ਵਾਰ ਫ਼ਿਲਮ ਪ੍ਰਤਿਯੋਗਤਾ ਦੀ ਸ਼ੁਰੂਆਤ ਕੀਤੀ ਗਈ ਅਤੇ ਇਹ ਸਮਾਰੋਹ 3-21 ਜਨਵਰੀ 1965 ਨੂੰ ਦਿੱਲੀ ਵਿਚ ਹੋਇਆ। ਭਾਰਤ ਵਿਚ ਫ਼ਿਲਮਾਂ ਨਾਲ ਸੰਬੰਧਿਤ ਸਭ ਨੀਤੀ ਨਿਰਧਾਰਨ ਮਾਮਲੇ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਅਧੀਨ ਸਨ ਪਰ ਫ਼ਿਲਮ ਉਦਯੋਗ ਨਾਲ ਸੰਬੰਧਿਤ ਸਭ ਕਾਰਜਾਂ ਅਤੇ ਅੰਤਰਰਾਸ਼ਟਰੀ ਫ਼ਿਲਮ ਸਮਾਰੋਹਾਂ ਦੇ ਆਯੋਜਨ ਨੂੰ ਸੰਬੰਧਿਗਤ ਢਾਂਚਾ ਦੇਣ ਲਈ ਭਾਰਤ ਸਰਕਾਰ ਨੇ 1973 ਵਿਚ ਅਲਗ ਫ਼ਿਲਮ ਫੈਸਟੀਵਲ ਡਾਇਕਟੋਰੇਟ ਦੀ ਸਥਾਪਨਾ ਕੀਤੀ। ਫ਼ਿਲਮ ਫੈਸਟੀਵਲ ਡਾਇਰੈਕਟੋਰੇਟ ਨੇ ਪਹਿਲੀ ਵਾਰ ਭਾਰਤ ਦਾ ਪੰਜਵਾਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਆਯੋਜਤ ਕੀਤਾ ਜਿਸ ਦੀ ਸ਼ੁਰੂਆਤ 30 ਦਸੰਬਰ 1974 ਨੂੰ ਹੋਈ ਸੀ। ਪਹਿਲੀ ਵਾਰ ਵਿਸ਼ੇਸ਼ ਰੂਪ ਨਾਲ ਫ਼ਿਲਮ ਪ੍ਰਤਿਯੋਗਤਾ ਲਈ ਡਿਜ਼ਾਈਨ ਕੀਤਾ। ਭਾਰਤ ਦੇ ਰਾਸ਼ਟਰੀ ਪੰਛੀ ਮੋਰ ਦਾ ਚਿੱਤਰ ਅਤੇ ਲੋਗੋ ਤਿਆਰ ਕੀਤਾ ਗਿਆ। ਭਾਰਤ ਦਾ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਮੁੱਖ ਰੂਪ ਵਿਚ ਦਿੱਲੀ ਵਿਚ ਹੀ ਆਯੋਜਤ ਕੀਤਾ ਜਾਂਦਾ ਸੀ ਪਰ 2004 ਵਿਚ ਇਹ ਦੇਸ਼ ਦੇ ਪੱਛਮੀ ਤੱਟ ਉੱਪਰ ਸਥਿਤ ਰਮਣੀਕ ਸੈਲਾਨੀ ਸਥਾਨ ਗੋਆ ਵਿਚ ਤਬਦੀਲ ਕਰ ਦਿਤਾ ਗਿਆ ਅਤੇ ਹੁਣ ਇਹ ਹਰ ਸਾਲ ਉਥੇ ਆਯੋਜਤ ਕੀਤਾ ਜਾਂਦਾ ਹੈ।

ਇਸ ਸਾਲ ਦੇਸ਼ ਦਾ 45ਵਾਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਗੋਆ ਵਿਚ 20-30 ਨਵੰਬਰ ਤਕ ਆਯੋਜਤ ਕੀਤਾ ਗਿਆ। ਗੋਆ ਜੋ ਦੇਸ਼ ਦੀ 1947 ਵਿਚ ਆਜ਼ਾਦੀ ਵੇਲੇ ਪੁਰਤਗਾਲੀਆਂ ਦੇ ਕਬਜ਼ੇ ਹੇਠ ਰਹਿ ਗਿਆ ਸੀ। ਦਸੰਬਰ 1961 ਵਿਚ ਉਨ੍ਹਾਂ ਦੇ ਕਬਜ਼ੇ ਹੇਠੋਂ ਨਿਕਲਿਆ ਅਤੇ ਸ਼ੁਰੂ ਵਿਚ ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿਚ ਇਸ ਦਾ ਗਠਨ ਹੋਇਆ। ਗੋਆ ਦੇ ਲੋਕਾਂ ਦੀ ਮੰਗ ਅਧੀਨ 1987 ਵਿਚ ਇਹ ਦੇਸ਼ ਦਾ 25ਵਾਂ ਸੁਤੰਤਰ ਰਾਜ ਬਣਿਆ ਅਤੇ ਇਸ ਨੂੰ ਪੂਰਨ ਰਾਜ ਦਾ ਦਰਜਾ ਮਿਲਿਆ।

ਗੋਆ ਦੁਨੀਆਂ ਭਰ ਵਿਚ ਆਪਣੇ ਮਨਮੋਹਕ ਸਮੁੰਦਰੀ ਤਟਾਂ ਦੀ ਸੁਨਹਿਰੀ ਰੇਤ, ਸਮੁੰਦਰੀ ਲਹਿਰਾਂ ਦੀਆਂ ਤਰੰਗਮਈ ਸੁਰਾਂ ਅਤੇ ਖ਼ੂਬਸੂਰਤ ਸੂਰਜੀ ਚਮਕ ਲਈ ਪ੍ਰਸਿੱਧ ਹੈ। ਦੁਨੀਆਂ ਦੇ ਹਰ ਦੇਸ਼ ਦੇ ਸੈਲਾਨੀ ਪੂਰਾ ਸਾਲ, ਖ਼ਾਸ ਤੌਰ ਤੇ ਸਰਦੀ ਰੁੱਤੇ, ਇਥੋਂ ਦੇ ਖ਼ੂਬਸੂਰਤ ਸਮੁੰਦਰੀ ਕਿਨਾਰਿਆਂ 'ਤੇ ਮੌਜ਼-ਮਸਤੀ ਲਈ ਆਉਂਦੇ ਹਨ। ਸੈਲਾਨੀਆਂ ਲਈ ਖ਼ਾਸ ਤੌਰ ਤੇ ਯੂਰਪ ਦੇ ਸੈਲਾਨੀਆਂ ਲਈ ਗੋਆ ਦੇ ਗਿਰਜਾਘਰਾਂ ਦੀ ਨਵੇਕਲੀ ਸ਼ਾਨ ਅਤੇ ਇਥੋਂ ਦੇ ਹੋਰ ਪੁਰਾਤਨ ਭਵਨ, ਜੋ ਭਾਰਤੀ ਯੂਰਪੀ ਕਲਾ ਦਾ ਨਮੂਨਾ ਹਨ ਅਤੇ ਸਮਕਾਲੀ ਭਾਰਤੀ ਯੂਰਪੀ ਮਿਲੀ-ਜੁਲੀ ਸਭਿਅਤਾ ਅਤੇ ਭਵਨ ਨਿਰਮਾਣ ਕਲਾ ਦਾ ਪ੍ਰਤੀਕ ਹਨ, ਖਿੱਚ ਦਾ ਕਾਰਨ ਬਣਦੇ ਹਨ। ਗੋਆ ਦੀ ਸਭਿਆਚਾਰਕ ਵੰਨ-ਸੁਵੰਨਤਾ ਅਤੇ ਇਥੋਂ ਦੀ ਬਨਸਪਤੀ ਅਤੇ ਜੀਵ-ਜੰਤੂ ਜਗਤ ਦੀ ਵਿਭਿੰਨਤਾ ਕਿਸੇ ਵੀ ਵਿਦੇਸ਼ੀ ਅਤੇ ਦੇਸੀ ਸੈਲਾਨੀ ਦਾ ਮਨਮੋਹਨ ਲਈ ਕਾਫ਼ੀ ਹੈ। ਗੋਆ ਵਿਚ ਹਰ ਸਾਲ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਦੇ ਆਯੋਜਨ ਨੇ ਇਥੋਂ ਦੇ ਸੈਰ-ਸਪਾਟਾ ਉਦਯੋਗ ਨੂੰ ਬਹੁਤ ਉਤਸ਼ਾਹ ਦਿਤਾ ਹੈ। ਗੋਆ ਵਿਚ ਇਸ ਨਾਲ ਹੋਟਲ ਅਤੇ ਸੈਰ-ਸਪਾਟਾ ਨਾਲ ਜੁੜੇ ਹਰ ਖੇਤਰ ਦਾ ਵਿਕਾਸ ਹੋਇਆ ਹੈ ਅਤੇ ਸਥਾਨਕ ਲੋਕਾਂ ਦੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਹੋਇਆ ਹੈ।

ਭਾਰਤ ਦੇ 45ਵੇਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਲਈ ਭਾਰਤੀ ਫੀਚਰ ਫ਼ਿਲਮਾਂ ਦੀ ਚੋਣ ਕਰਨ ਲਈ ਉੱਘੇ ਫ਼ਿਲਮ ਨਿਰਮਾਤਾ ਏ.ਕੇ. ਬੀਰ ਦੀ ਪ੍ਰਧਾਨਗੀ ਹੇਠ ਇਕ 13 ਮੈਂਬਰੀ ਜਿਊਰੀ ਸਥਾਪਤ ਕੀਤੀ ਗਈ ਸੀ। ਜਿਊਰੀ ਨੇ 18 ਫੀਚਰ ਫ਼ਿਲਮਾਂ ਵਿਚੋਂ ਜੋ ਫ਼ਿਲਮ ਸਮਾਰੋਹ ਵਿਚ ਸ਼ਾਮਿਲ ਹੋਣ ਦੇ ਕਾਬਲ ਸਮਝੀਆਂ ਗਈਆਂ, 23 ਦਿਨਾਂ ਦੀ ਅਣਥੱਕ ਮਿਹਨਤ ਬਾਅਦ ਅੰਤ


***ਬਾਕੀ ਸਫ਼ਾ 51 ਉੱਤੇ***

# ਸਤਲੁਜ : ਪ੍ਰਦੂਸ਼ਨ ਤੇ ਇਸ ਦੀ ਰੋਕਥਾਮ ਲਈ ਸੁਝਾਅ

ਚਰਨਜੀਤ ਸਿੰਘ ਨਾਭਾ

### ਇਤਿਹਾਸਕ ਅਤੇ ਭੂਗੋਲਿਕ ਸਥਿਤੀ

ਤਿੱਬਤ ਸਥਿਤ ਲੇਆਂਗਾ ਝੀਲ 'ਚੋਂ ਪੈਦਾ ਹੋਇਆ ਸਤਲੁਜ ਵੈਦਿਕ ਸਮੇਂ ਵਿਚ ਸ਼ਤਾਦਰੂ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਲੋਪ ਹੋ ਚੁੱਕੀ ਨਦੀ ਸਰਸਵਤੀ ਦਾ ਸਹਾਇਕ ਦਰਿਆ ਸੀ ਜੋ ਘੱਗਰ ਦੇ ਰੂਪ ਵਿਚ ਪੰਜਾਬ, ਹਰਿਆਣਾ ਅਤੇ ਗੁਜਰਾਤ ਪਾਰ ਕਰਦਾ ਅਰਬ ਸਾਗਰ ਵਿਚ ਕੱਛ ਦੀ ਖਾੜੀ ਵਿਖੇ ਜਾ ਡਿੱਗਦਾ ਸੀ। ਲਗਭਗ 5000 ਵਰ੍ਹੇ ਪਹਿਲਾਂ ਧਰਤੀ ਹੇਠਲੀਆਂ ਤਬਦੀਲੀਆਂ ਅਤੇ ਅੰਦਰੋਂ ਉੱਠੇ ਉੱਭਾਰ ਨੇ ਇਸ ਨੂੰ ਘੱਗਰ ਨਾਲੋਂ ਤੋੜ ਕੇ ਇਸ ਦਾ ਰੁਖ਼ ਦੱਖਣ-ਪੱਛਮ ਵਲ ਕਰਦਿਆਂ ਇਸ ਨੂੰ ਸਿੰਧ ਦਰਿਆ ਦੀ ਸਭ ਤੋਂ ਲੰਬੀ ਸਹਾਇਕ ਨਦੀ ਬਣਾਇਆ। ਤਿੱਬਤ ਵਿਚ ਇਹ ਦਰਿਆ 260 ਕਿਲੋਮੀਟਰ ਦਾ ਪੈਂਡਾ ਤਹਿ ਕਰਦਾ, ਕੈਲਾਸ਼ ਪਰਬਤ ਦੀ ਮਾਨਸਰੋਵਰ ਝੀਲ ਤੋਂ ਪਾਣੀ ਲੈਂਦਾ ਭਾਰਤ ਦੇ ਹਿਮਾਚਲ ਪ੍ਰਦੇਸ਼ ਵਿਚ ਸ਼ਿਪਕੀ ਨੇੜੇ 6608 ਮੀਟਰ ਦੀ ਉਚਾਈ 'ਤੇ ਦਾਖਲ ਹੋ ਕੇ ਦੱਖਣ ਪੂਰਬ ਵੱਲ ਮੋੜਾ ਕੱਟਦਾ ਕਿਨੌਰ, ਸ਼ਿਮਲਾ, ਕੁੱਲੂ, ਸੋਲਨ, ਮੰਡੀ ਅਤੇ ਬਿਲਾਸਪੁਰ ਜ਼ਿਲ੍ਹਿਆਂ ਵਿਚ ਦੀ ਹੁੰਦਾ ਹੋਇਆ ਭਾਖੜਾ ਪਹੁੰਚਦਾ ਹੈ। ਸੱਜੇ ਕੰਢੇ ਵਾਲੇ ਪਾਸੇ ਸਪਿਤੀ, ਰੋਪਾ, ਟਾਇਤੀ, ਰੂਪੀ, ਮੂਲਗਾਓਂ, ਯੁਲਾ, ਵਾਂਗਰ ਅਤੇ ਥਰੌਂਗ ਇਸ ਦੀਆਂ ਸਹਾਇਕ ਨਦੀਆਂ ਹਨ ਜਦਕਿ ਖੱਬੇ ਕੰਢੇ ਦੀਆਂ ਸਹਾਇਕ ਨਦੀਆਂ ਵਿਚ ਬਾਸਪਾ, ਗਯਾਥਿੰਗ, ਤਿਰੁੰਗ, ਸੋਲਡਾਂਗ ਅਤੇ ਡਿਊਲਿੰਗ ਪ੍ਰਮੁੱਖ ਹਨ। ਇਸ ਦਰਿਆ ਦੇ ਕੁੱਲ 56847 ਕਿਲੋਮੀਟਰ ਦੇ ਦਰਿਆ-ਖੇਤਰ ਵਿਚੋਂ 22305 ਵਰਗ ਕਿਲੋਮੀਟਰ ਇਕੱਲੇ ਹਿਮਾਚਲ ਪ੍ਰਦੇਸ਼ ਵਿਚ ਹੈ। ਇਸ ਦੇ ਪਾਣੀ ਦੇ ਪ੍ਰਮੁੱਖ ਸ੍ਰੋਤਾਂ ਵਿਚ ਗਲੇਸ਼ੀਅਰਾਂ ਤੋਂ 61.07× ਅਤੇ ਵਰਖਾ ਤੋਂ 38.93× ਪਾਣੀ ਆ ਰਿਹਾ ਹੈ। ਸੰਨ 1960 ਤਕ ਇਹ ਦਰਿਆ ਭਾਰਤ-ਪਾਕਿ ਦਰਮਿਆਨ ਝਗੜੇ ਦਾ ਕਾਰਨ ਬਣਿਆ ਰਿਹਾ ਪਰ ਸਿੰਧ ਦਰਿਆ ਜਲ ਸਮਝੌਤੇ ਅਧੀਨ ਇਸ ਦਰਿਆ 'ਤੇ ਭਾਰਤ ਦਾ ਨਿਯੰਤ੍ਰਣ ਸਥਾਪਿਤ ਹੋਇਆ। ਭਾਖੜਾ ਅਤੇ ਨੰਗਲ ਡੈਮਾਂ ਦੀ ਉਸਾਰੀ ਤਕ ਇਹ ਦਰਿਆ ਸਮੁੱਚੇ ਪੰਜਾਬ ਦੀ ਸਾਹ-ਰਗ਼ ਸੀ ਪਰ ਬਰਸਾਤਾਂ ਦੌਰਾਨ ਹੜ੍ਹਾਂ ਦਾ ਕਾਰਨ ਬਣ ਕੇ ਤਬਾਹੀ ਵੀ ਬਹੁਤ ਮਚਾਉਂਦਾ ਸੀ। ਹੁਣ ਤਕ ਰਿਕਾਰਡ ਕੀਤਾ ਸਭ ਤੋਂ ਭਿਆਨਕ ਹੜ੍ਹ 1955 ਦਾ ਹੈ ਜਦੋਂ 6,00,000 ਕਿਊਬਿਕ ਫੁੱਟ ਪ੍ਰਤਿ ਸੈਕਿੰਡ ਦੀ ਰਫ਼ਤਾਰ ਨਾਲ ਪਾਣੀ ਇਸ ਦਰਿਆ ਵਿਚ ਵਹਿ ਰਿਹਾ ਸੀ। ਮਾਨਸਰੋਵਰ ਝੀਲ ਤੋਂ ਇਸ ਦੀ ਕੁੱਲ ਲੰਬਾਈ 1448 ਕਿਲੋਮੀਟਰ ਹੈ ਜਿਸ ਵਿਚੋਂ ਭਾਰਤ-ਪਾਕਿਸਤਾਨ ਸਰਹੱਦ ਤਕ ਇਹ ਦਰਿਆ 1078 ਕਿਲੋਮੀਟਰ ਤਹਿ ਕਰਨ ਦਰਮਿਆਨ ਹਰੀਕੇ ਪੱਤਣ ਨੇੜੇ ਬਿਆਸ ਦਰਿਆ ਦਾ ਪਾਣੀ ਲੈਂਦਾ ਪਾਕਿਸਤਾਨ ਦੇ ਕਸੂਰ ਜ਼ਿਲੇ ਵਿਚ ਪ੍ਰਵੇਸ਼ ਕਰਦਾ ਹੋਇਆ ਅਤੇ ਲਗਭਗ 370 ਕਿਲੋਮੀਟਰ ਦਾ ਪੈਂਡਾ ਤਹਿ ਕਰਦਾ ਹੋਇਆ ਚਨਾਬ ਦਰਿਆ, ਜੋ ਪਿਛੋਂ ਜਿਹਲਮ ਅਤੇ ਰਾਵੀ ਦਰਿਆ ਦਾ ਪਾਣੀ ਲੈ ਕੇ ਆ ਰਿਹਾ ਹੁੰਦਾ ਹੈ, ਵਿਚ ਵਿਲੀਨ ਹੋ ਕੇ ਪੰਜਨਦ ਬਣ ਜਾਂਦਾ ਹੈ। ਅੰਤ ਇਹ ਪੰਜਨਦ ਬਹਾਵਲਪੁਰ ਤੋਂ 100 ਕਿਲੋਮੀਟਰ ਦੂਰ ਪਾਕਿਸਤਾਨ ਦੀ ਸਭ ਤੋਂ ਜਲ ਭਰਪੂਰ ਅਤੇ ਪ੍ਰਭਾਵਸ਼ਾਲੀ ਨਦੀ ਸਿੰਧ ਵਿਚ ਜਾ ਮਿਲਦਾ ਹੈ।



ਸ਼ਤਾਦਰੂ (ਸਤਲੁਜ) ਦਾ ਰੁਖ਼ ਸਰਸਵਤੀ ਨਦੀ ਤੋਂ ਟੁਟਦਾ ਹੋਇਆ

### ਸਤਲੁਜ ਦਾ ਨਹਿਰੀ ਸਿਸਟਮ

ਸਤਲੁਜ ਦਰਿਆ, ਜਿਵੇਂ ਕਿ ਪਹਿਲਾਂ ਲਿਖਿਆ ਗਿਆ ਹੈ, ਲੰਬੇ ਸਮੇਂ ਤੋਂ ਪੰਜਾਬ ਦੀ ਖੇਤੀ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਰਿਹਾ ਹੈ ਜਿਸ ਕਾਰਨ ਅੰਗਰੇਜ਼ਾਂ ਦੇ ਰਾਜ ਦੌਰਾਨ ਇਸ ਦੇ ਪਾਣੀਆਂ ਦੀ ਵਰਤੋਂ ਲਈ ਸਕੀਮਾਂ ਉਲੀਕੀਆਂ ਜਾਂਦੀਆਂ ਰਹੀਆਂ ਅਤੇ ਨਹਿਰਾਂ ਖੁਦਵਾ ਕੇ ਪਾਣੀ ਅਣਵੰਡੇ ਪੰਜਾਬ ਦੇ ਖੇਤਾਂ ਤਕ ਪਹੁੰਚਾਉਣ ਦੇ ਉਪਰਾਲੇ ਕੀਤੇ ਜਾਂਦੇ ਰਹੇ। ਬੇ-ਰੋਕ ਵਹਿੰਦੇ ਇਸ ਦਰਿਆ 'ਤੇ ਰੋਪੜ ਵਿਖੇ ਬੈਰਾਜ ਬਣਾ ਕੇ 1882 ਈ. ਵਿਚ ਇਸ ਦਾ ਪਾਣੀ ਸਰਹਿੰਦ ਨਹਿਰ ਵਿਚ ਛੱਡਿਆ ਗਿਆ। ਆਜ਼ਾਦੀ ਪਿਛੋਂ ਇਸੇ ਬੈਰਾਜ ਦੇ ਦੂਜੇ ਬੰਨੇ ਤੋਂ ਬਿਸਤ ਦੁਆਬ ਨਹਿਰ ਕੱਢੀ ਗਈ। ਇਸੇ ਸਮੇਂ ਦੌਰਾਨ ਹਰੀਕੇ ਪੱਤਣ ਵਿਖੇ ਬਿਆਸ ਦਰਿਆ ਦੇ ਸੰਗਮ ਤੋਂ ਥੋੜ੍ਹਾ

ਥੱਲੇ ਇਕ ਬੈਰਾਜ ਉਸਾਰ ਕੇ ਦੋ ਨਹਿਰਾਂ ਰਾਜਸਥਾਨ ਫੀਡਰ (ਸਮਰੱਥਾ 18500 ਕਿਊਸਿਕ) ਅਤੇ ਫਿਰੋਜ਼ਪੁਰ ਫੀਡਰ (ਸਮੱਰਥਾ 11500 ਕਿਊਸਿਕ) ਕੱਢੀਆਂ ਗਈਆ। ਇਥੋਂ ਸਤਲੁਜ ਅੰਤਰਰਾਸ਼ਟਰੀ ਸੀਮਾ ਕਈ ਵਾਰ ਆਰ-ਪਾਰ ਕਰ ਕੇ ਫਿਰੋਜ਼ਪੁਰ ਜ਼ਿਲ੍ਹੇ ਦੇ ਹੁਸੈਨੀਵਾਲਾ ਬਾਰਡਰ 'ਤੇ ਪਹੁੰਚਦਾ ਹੈ ਜਿਥੇ ਗੁਲਾਮੀ ਦੇ ਦੌਰ ਦੌਰਾਨ ਇਕ ਬੈਰਾਜ ਬਣਾ ਕੇ ਇਸ ਦੇ ਖੱਬੇ ਪਾਸੇ ਤੋਂ ਦੋ ਨਹਿਰਾਂ ਗੰਗ ਨਹਿਰ (ਬੀਕਾਨੇਰ ਰਿਆਸਤ ਦੇ ਗੰਗਾਨਗਰ ਖੇਤਰ ਲਈ) ਅਤੇ ਈਸਟਰਨ ਨਹਿਰ (ਲਾਹੌਰ ਅਤੇ ਮਿੰਟਗੁਮਰੀ ਜ਼ਿਲ੍ਹਿਆਂ ਲਈ) ਕੱਢੀਆਂ ਗਈਆਂ. ਉਪਰ ਵਾਲੀਆਂ 3 ਨਹਿਰਾਂ ਸਮੇਤ ਕੁੱਲ 11 ਨਹਿਰਾਂ ਸਤਲੁਜ ਵੈਲੀ ਪ੍ਰਜੈਕਟ ਅਧੀਨ ਸੰਨ 1932 ਤਕ ਹੁਸੈਨੀਵਾਲਾ ਤੋਂ ਇਸ ਦੇ ਚਨਾਬ ਦਰਿਆ ਨਾਲ ਸੰਗਮ ਤਕ ਕੱਢੀਆ ਗਈਆਂ। ਪਾਕਿਸਤਾਨ ਵਿਚਲੀਆਂ ਇਸ ਦਰਿਆ ਵਿਚੋਂ ਨਿਕਲੀਆਂ ਨਹਿਰਾਂ ਵਿਚ ਈਸਟ ਸਦੀਕੀਆਂ, ਫੋਰਡਵਾਹ, ਪਾਕਪਟਨ, ਬਹਾਵਲਪੁਰ, ਕਾਇਮਪੁਰ, ਮੈਲਸੀ, ਆਬਾਸੀਆਂ ਅਤੇ ਪੰਚਨਦ ਨਹਿਰਾਂ ਪ੍ਰਮੁੱਖ ਹਨ। ਆਜ਼ਾਦੀ ਤੋਂ ਬਾਅਦ ਇਸ ਦਰਿਆ 'ਤੇ ਭਾਖੜਾ ਅਤੇ ਨੰਗਲ ਡੈਮਾਂ ਦੀ ਉਸਾਰੀ ਨੇ ਇਸ ਦਰਿਆ ਨੂੰ ਪਾਣੀਆਂ ਤੋਂ ਵਾਂਝੇ ਕੀਤਾ ਅਤੇ ਨੰਗਲ ਬੈਰਾਜ ਤੋਂ ਦੋ ਵੱਡੀਆਂ ਨਹਿਰਾਂ ਨੰਗਲ ਹਾਈਡਲ ਚੈਨਲ ਜੋ ਰੋਪੜ ਤੋਂ ਅੱਗੇ ਭਾਖੜਾ ਮੇਨ ਲਾਇਨ ਬਣ ਹਰਿਆਣਾ ਨੂੰ ਸਿੰਜਦੀ ਹੈ ਅਤੇ ਆਨੰਦਪੁਰ ਹਾਈਡਲ ਚੈਨਲ ਜੋ ਪਣ-ਬਿਜਲੀ ਪ੍ਰਜੈਕਟਾਂ ਤੋਂ ਬਿਜਲੀ ਪੈਦਾ ਕਰਕੇ ਕੀਰਤਪੁਰ ਨੇੜੇ ਫਿਰ ਸਤਲੁਜ ਵਿਚ ਜਾ ਡਿਗਦੀ ਹੈ, ਕੱਢੀਆਂ ਗਈਆਂ।

## ਪ੍ਰਮੁੱਖ ਪ੍ਰਦੂਸ਼ਣ ਸਰੋਤ

ਨੰਗਲ ਤੋਂ ਰੋਪੜ ਤਕ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿਚੋਂ ਨਿਕਲਦੀਆਂ 4 ਛੋਟੀਆਂ ਨਦੀਆਂ ਸੁਆਂ, ਸਰਸਾ ਸਿਸਵਾਂ ਅਤੇ ਬੁੱਧਕੀ ਨਦੀਆਂ ਹਿਮਾਚਲ ਪ੍ਰਦੇਸ਼ ਦੇ ਉਦਯੋਗਾਂ ਦੇ ਗੰਦੇ ਪਾਣੀ ਕਾਰਨ ਸਤਲੁਜ ਦਰਿਆ ਦੇ ਪ੍ਰਦੂਸ਼ਣ ਦਾ ਮੁੱਖ ਸਰੋਤ ਹਨ ਜਿਨ੍ਹਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਬਹੁਤ ਵਾਰ ਆਪਣੇ ਹਮਰੁਤਬਾ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਇਸ ਸਮੱਸਿਆ ਦੀ ਗੰਭੀਰਤਾ ਬਾਰੇ ਲਿਖ ਚੁੱਕੇ ਹਨ। ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਨੰਗਲ ਅਤੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ ਦਾ ਠੰਢੇ ਕਰਨ ਲਈ ਵਰਤਿਆ ਪਾਣੀ ਮੁੜ ਸਤਲੁਜ ਵਿਚ ਛੱਡਿਆ ਜਾ ਰਿਹਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਰਿਹਾਇਸ਼ੀ ਕਲੋਨੀ ਦਾ ਬਹੁਤਾ ਅਣਸੋਧਿਆ ਪਾਣੀ, ਆਨੰਦਪੁਰ ਸਾਹਿਬ ਦੇ ਕੁੱਲ 8 ਐਮ.ਐਲ.ਡੀ. ਪਾਣੀ ਦਾ ਅੱਧਾ 4 ਐਮ.ਐਲ.ਡੀ. ਅਣਸੋਧਿਆ ਨਿਕਾਸ, ਕੀਰਤਪੁਰ ਸਾਹਿਬ ਦਾ ਪੂਰਾ ਅਤੇ ਰੋਪੜ ਸ਼ਹਿਰ ਦਾ ਬਹੁਤਾ ਅਣਸੋਧਿਆ ਪਾਣੀ ਸਤਲੁਜ ਦਰਿਆ ਨੂੰ ਦੂਸ਼ਿਤ ਕਰ ਰਿਹਾ ਹੈ। ਰੋਪੜ ਬੈਰਾਜ ਤੋਂ ਥੱਲੇ ਵੱਲ ਦਰਿਆ ਵਿਚ ਪਾਣੀ ਨਾ ਛੱਡੇ ਜਾਣ ਕਾਰਨ ਇਹ ਦਰਿਆ ਇਕ ਸੀਵਰੇਜ ਦੇ ਨਾਲੇ ਦਾ ਰੂਪ ਅਖਤਿਆਰ ਕਰ ਲੈਂਦਾ ਹੈ।

## ਬੁੱਢਾ ਨਾਲਾ

ਕੂੰਮ ਕਲਾਂ ਦੇ ਉਪਰਲੇ ਪਾਸਿਓਂ ਸਤਲੁਜ ਦਰਿਆ ਨਾਲੋਂ ਟੁੱਟ ਕੇ ਅਤੇ ਨੀਰ-ਰਹਿਤ ਹੋ ਕੇ ਇਕ ਗੰਦੇ ਨਾਲੇ ਦਾ ਰੂਪ ਅਖਤਿਆਰ ਕਰ ਲੈਂਦਾ ਹੈ ਜਿਸ ਵਿਚ ਸਭ ਤੋਂ ਪਹਿਲਾਂ ਕੂੰਮ ਡਰੇਨ ਰਾਹੀਂ ਮਾਛੀਵਾੜੇ ਦਾ ਅਣਸੋਧਿਆ ਪਾਣੀ ਡਿਗਦਾ ਹੈ। ਹੌਲੀ-ਹੌਲੀ ਇਹ ਲੁਧਿਆਣਾ ਸ਼ਹਿਰ ਦੇ ਵਿਚਕਾਰੋਂ ਲੰਘਦਾ ਸ਼ਹਿਰ ਦਾ ਕੁੱਲ 750 ਐਮ.ਐਲ.ਡੀ. ਸੋਧਿਆ/ਅਣਸੋਧਿਆ ਪਾਣੀ ਲੈਂਦਾ 47.5 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਬਲੀਪੁਰ ਕਲਾਂ ਨੇੜੇ ਸਤਲੁਜ ਦਰਿਆ ਵਿਚ ਡਿੱਗ ਕੇ ਇਸ ਦਰਿਆ ਨੂੰ ਜ਼ਹਿਰ ਅਤੇ ਰੰਗ ਪੱਖੋਂ ਕਾਲੇ ਨਾਗ ਦਾ ਰੂਪ ਦਿੰਦਾ ਹੈ। ਬੇਸ਼ੱਕ ਲੁਧਿਆਣਾ ਸ਼ਹਿਰ ਦੇ 750 ਐਮ.ਐਲ.ਡੀ. ਪਾਣੀ ਵਿਚੋਂ 466 ਐਮ. ਐਲ.ਡੀ. ਪਾਣੀ ਸੋਧਣ ਲਈ 5 ਸੀਵੇਜ ਟਰੀਟਮੈਂਟ ਪਲਾਂਟ ਜਮਾਲਪੁਰ, ਭੱਟੀਆਂ ਅਤੇ ਬੱਲੋਕੇ ਵਿਖੇ ਲੱਗੇ ਹੋਏ ਹਨ ਪਰ ਅਜੇ ਵੀ ਇਹ ਸਮੱਸਿਆ ਇੱਕ ਵਿਕਰਾਲ ਸਮੱਸਿਆ ਬਣ ਕੇ ਸਮੁੱਚੇ ਪੰਜਾਬ ਨੂੰ ਭੈ-ਭੀਤ ਕਰ ਰਹੀ ਹੈ।

## ਚਿੱਟੀ ਵੇਈਂ

ਨਵਾਂ ਸ਼ਹਿਰ ਦੇ ਲਾਗਿਉਂ ਸ਼ੁਰੂ ਹੁੰਦੀ ਚਿੱਟੀ ਵੇਈਂ ਸਭ ਤੋਂ ਪਹਿਲਾਂ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦਾ ਅਣਸੋਧਿਆ ਪਾਣੀ ਲੰਗੜੋਆ ਡਰੇਨ ਰਾਹੀ, ਬੰਗਾ ਸ਼ਹਿਰ ਦਾ ਅਣਸੋਧਿਆ ਪਾਣੀ ਗੋਪਾਲਪੁਰ-ਬੰਗਾ ਨਾਲੇ ਰਾਹੀਂ, ਹੁਸ਼ਿਆਰਪੁਰ ਸ਼ਹਿਰ ਦਾ ਅਣਸੋਧਿਆ ਪਾਣੀ ਨਸਰਾਲਾ ਡਰੇਨ ਰਾਹੀਂ ਲੈਣ ਉਪਰੰਤ ਫਗਵਾੜਾ ਸ਼ਹਿਰ ਦੇ 36 ਐਮ.ਐਲ.ਡੀ. (ਜਿਸ ਵਿਚ ਲਾਗਲੇ 17 ਪਿਡਾਂ ਦਾ ਨਿਕਾਸ ਵੀ ਸ਼ਾਮਿਲ ਹੈ) ਅਤੇ ਜਿਸ ਵਿਚੋਂ 20 ਐਮ.ਐਲ.ਡੀ. ਪਾਣੀ ਸੋਧਿਆ ਜਾ ਰਿਹਾ ਹੈ, ਸਾਰਾ ਸੋਧਿਆ-ਅਣਸੋਧਿਆ ਪਾਣੀ ਫਗਵਾੜਾ ਡਰੇਨ ਰਾਹੀਂ ਪ੍ਰਾਪਤ ਕਰਦੀ ਹੈ। ਜਲੰਧਰ ਸ਼ਹਿਰ ਦੇ ਕੁੱਲ 235 ਐਮ.ਐਲ.ਡੀ. ਨਿਕਾਸ ਲਈ 6 ਸੀਵੇਜ ਟਰੀਟਮੈਂਟ ਪਲਾਂਟ ਲਗਾਏ ਜਾਣਾ ਵਿਉਂਤਿਆ ਗਿਆ ਸੀ ਜਿਨ੍ਹਾਂ ਵਿਚੋਂ 3 ਅਜਿਹੇ ਪਲਾਂਟ 175 ਐਮ.ਐਲ.ਡੀ. ਪਾਣੀ ਸੋਧ ਕੇ ਅਤੇ ਬਾਕੀ ਅਣਸੋਧਿਆ ਪਾਣੀ ਗੜ੍ਹਾ ਅਤੇ ਕਾਲਾ ਸੰਘਿਆ ਨਾਲਿਆਂ ਰਾਹੀਂ ਚਿੱਟੀ ਵੇਈ ਵਿਚ ਪਾ ਰਹੇ ਹਨ ਜੋ ਅੱਗੇ ਪਿੰਡ ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਵਿਚ ਮਿਲ ਕੇ ਇਸ ਨੂੰ ਹੋਰ ਗੰਦਾ ਕਰਦੀ ਹੈ।

## ਹੋਰ ਸਰੋਤ

ਮੋਟੇ ਤੌਰ ਤੇ ਉਕਤ ਜਲ-ਦੂਸ਼ਣ ਸਰੋਤਾਂ ਤੋਂ ਇਲਾਵਾ, ਕੁੱਲ 101 ਪਿੰਡਾਂ ਜਿਨ੍ਹਾਂ ਵਿਚ ਰੋਪੜ ਜ਼ਿਲ੍ਹੇ ਦੇ 10, ਲੁਧਿਆਣਾ ਜ਼ਿਲ੍ਹੇ ਦੇ 17 ਅਤੇ ਜਲੰਧਰ ਜ਼ਿਲ੍ਹੇ ਦੇ 74 ਪਿੰਡਾਂ ਦਾ ਅਣਸੋਧਿਆ ਨਿਕਾਸ ਵੀ ਸਤਲੁਜ ਦਰਿਆ ਨੂੰ ਪਲੀਤ ਕਰ ਰਿਹਾ ਹੈ।

## ਕੀ ਕਰਨਾ ਲੋੜੀਏ?

***ਉਪਰੋਕਤ ਚਰਚਾ ਤੋਂ ਇਹ ਤਾਂ ਜ਼ਾਹਿਰ ਹੈ ਕਿ ਸਤਲੁਜ ਦਰਿਆ ਦਾ ਪਾਣੀ ਜੋ ਸਮੁੱਚੇ ਮਾਲਵੇ ਦੀ ਆਬਪਾਸ਼ੀ ਲਈ ਵਰਤਿਆ ਜਾਂਦਾ ਸੀ ਅੱਜ ਸਭ ਤੋਂ ਦੂਸ਼ਿਤ ਪਾਣੀ ਦਾ ਦਰਿਆ ਹੈ। ਫਿਰ ਵੀ ਇਸ ਦਰਿਆ 'ਤੇ ਅੱਜ ਵੀ ਦੋ ਅੰਤਰ-ਰਾਸ਼ਟਰੀ ਜਲਗਾਹਾਂ ਰੋਪੜ ਅਤੇ ਹਰੀਕੇ ਵਿਖੇ ਮੌਜੂਦ ਹਨ ਜਿਥੇ ਜੀਵ-ਭਿੰਨਤਾ ਤੋਂ ਇਲਾਵਾ ਸੈਂਕੜੇ ਨਸਲਾਂ ਦੇ ਪ੍ਰਵਾਸੀ ਪੰਛੀ ਸਿਆਲਾਂ ਦੌਰਾਨ ਆਪਣਾ ਰੈਣ-ਬਸੇਰਾ ਬਣਾਉਂਦੇ ਅਤੇ ਨਵੀਂ-ਉਤਪਤੀ ਕਰਨ ਉਪਰੰਤ ਆਪਣੇ ਦੇਸ਼ ਵਾਪਸ ਪਰਤਦੇ ਹਨ। ਪਰ ਇਸ ਦਰਿਆ ਦੀ ਜਲ ਗੁਣਵੱਤਾ ਦੇ ਲਗਾਤਾਰ ਨਿਘਾਰ ਕਾਰਨ ਜੀਵ-ਭਿੰਨਤਾ ਖ਼ਤਰੇ ਵਿਚ ਹੈ ਅਤੇ ਪ੍ਰਵਾਸੀ ਪੰਛੀਆਂ ਨੇ ਵੀ ਹੋਰ ਰੈਣ-ਬਸੇਰੇ ਲੱਭ ਕੇ ਇਧਰੋਂ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਹੈ।***

ਕੁੱਲ 18 ਸ਼ਹਿਰਾਂ, ਨੰਗਲ, ਆਨੰਦਪੁਰ ਸਾਹਿਬ, ਰੋਪੜ, ਸ਼ਹੀਦ ਭਗਤ ਸਿੰਘ ਨਗਰ, ਕੁਰਾਲੀ, ਮਾਛੀਵਾੜਾ, ਫਿਲੌਰ, ਫਗਵਾੜਾ, ਬੰਗਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਧਰਮਕੋਟ, ਫਿਰੋਜ਼ਪੁਰ, ਮੱਖੂ, ਤਲਵੰਡੀ ਭਾਈ ਅਤੇ ਜੀਰਾ, ਜਿਨ੍ਹਾਂ ਦਾ ਨਿਕਾਸ ਇਸ ਦਰਿਆ ਵਿਚ ਪੈ ਰਿਹਾ ਸੀ।

***ਇਸ ਦੇ ਪਾਣੀਆਂ ਨੂੰ ਸੋਧਣ ਲਈ 32 ਸੀਵੇਜ ਟਰੀਟਮੈਂਟ ਪਲਾਂਟ ਲਗਾਏ ਜਾਣਾ ਵਿਉਂਤਿਆ ਗਿਆ ਸੀ ਜਿਨ੍ਹਾਂ ਵਿਚੋਂ 16 ਅਜਿਹੇ ਪਲਾਂਟ ਚੱਲ ਚੁੱਕੇ ਹਨ ਅਤੇ ਜੂਨ 2015 ਤਕ ਸਾਰੇ ਸੀਵੇਜ ਟਰੀਟਮੈਂਟ ਪਲਾਂਟਾਂ ਦਾ ਚਲ ਜਾਣਾ ਨਿਸ਼ਚਤ ਕੀਤਾ ਗਿਆ ਹੈ।***

ਇਨ੍ਹਾਂ ਪਲਾਂਟਾਂ ਦਾ ਸੋਧਿਆ ਪਾਣੀ ਵੀ ਖ਼ਾਸ ਨਿਕਾਸੀ ਹੱਦਾਂ ਦੀ ਪ੍ਰਾਪਤੀ ਉਪਰੰਤ ਸਿੰਜਾਈ ਲਈ ਵਰਤੇ ਜਾਣ ਦੀ ਤਜ਼ਵੀਜ ਪ੍ਰਵਾਨ ਕਰਕੇ ਇਸ ਨੂੰ ਲਾਗੂ ਕਰਨ ਲਈ ਸਰਕਾਰ ਜੁਟ ਚੁੱਕੀ ਹੈ। ਪਰ ਯੂਰਪ ਅਤੇ ਅਮਰੀਕਾ ਦੇ ਪਿੱਛ-ਲੱਗ ਨਾ ਬਣ ਕੇ ਇਹ ਸਿੰਜਾਈ ਸਕੀਮ ਲਾਗੂ ਕਰਨ ਤੋਂ ਪਹਿਲਾਂ ਇਸ ਦੇ ਮਾੜੇ-ਚੰਗੇ ਸਿੱਟਿਆਂ ਬਾਰੇ ਖੇਤੀਬਾੜੀ ਯੂਨੀਵਰਸਿਟੀ ਤੋਂ ਖੋਜ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ।

ਸਤਲੁਜ ਦੀ ਅਣਕਿਸਆਸੀ ਮੌਤ ਦਾ ਵੱਡਾ ਕਾਰਨ ਭਾਖੜਾ ਅਤੇ ਨੰਗਲ ਡੈਮ ਉਸਾਰੀ ਨਾਲ ਇਸ ਦਾ ਨੀਰ-ਵਿਹੂਣਾ ਹੋਣਾ ਹੈ। ਸਾਡੇ ਇਜਨੀਅਰਾਂ ਦੀ ਕੁਦਰਤ ਵਿਰੋਧੀ ਇਕ ਧਾਰਨਾ ਜੋ ਉਨ੍ਹਾਂ ਦੀ ਸਿਖਲਾਈ ਦਾ ਹਿੱਸਾ ਹੈ ਕਿ ਧਰਤੀ ਦਾ ਸਾਰਾ ਹਾਰ-ਸ਼ਿੰਗਾਰ, ਕੁਦਰਤੀ ਸਰੋਤ ਖ਼ਾਸ ਕਰਕੇ ਨਦੀਆਂ ਦੇ ਪਾਣੀ 'ਤੇ ਸਿਰਫ਼ ਮਨੁੱਖ ਦਾ ਹੱਕ ਹੈ। ਨਦੀਆਂ ਦਾ ਪਾਣੀ ਵਿਅਰਥ ਸਮੁੰਦਰ ਨੂੰ ਜਾ ਰਿਹਾ ਹੈ, ਇਸ ਦੀ ਇੱਕ ਇੱਕ ਬੂੰਦ ਮਨੁੱਖੀ ਵਰਤੋਂ ਵਿਚ ਲਿਆਂਦੀ ਚਾਹੀਦੀ ਹੈ।

ਨਦੀਆਂ ਦੀ ਮੌਤ ਦਾ ਵੱਡਾ ਕਾਰਨ ਇਨ੍ਹਾਂ ਤੇ ਬੰਨ੍ਹਾਂ ਦੀ ਉਸਾਰੀ ਹੈ। ਪਿਛਲੀ ਸਦੀ ਤੋਂ ਹੁਣ ਤਕ 15 ਮੀਟਰ ਜਾਂ ਇਸ ਤੋਂ ਵੱਧ ਉਚਾਈ ਦੇ 50,000 ਤੋਂ ਵੱਧ ਡੈਮ ਸਾਰੇ ਸੰਸਾਰ ਵਿਚ ਉਸਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚੋਂ ਅੱਧੇ ਸਿਰਫ਼ ਸਿੰਜਾਈ ਲਈ ਉਸਾਰੇ ਗਏ। ਡੈਮਾਂ ਦੀ ਉਸਾਰੀ ਵਿਚ ਭਾਰਤ ਤੀਜੇ ਨੰਬਰ 'ਤੇ ਹੈ ਜਿਥੇ ਹੁਣ ਤਕ 5,000 ਤੋਂ ਵੱਧ ਡੈਮ ਉਸਾਰ ਕੇ ਨਦੀਆਂ ਦਾ ਗਲ਼ਾ ਦਬਾਇਆ ਗਿਆ ਹੈ। ਸੰਸਾਰ ਦੀਆਂ ਕੁੱਲ 292 ਵੱਡੀਆਂ ਨਦੀਆਂ 'ਚੋਂ ਅੱਧੀਆਂ ਇਨ੍ਹਾਂ ਡੈਮਾਂ ਕਾਰਨ ਸਹਿਕ ਰਹੀਆਂ ਹਨ।

ਇਸੇ ਸਾਰੇ ਆਧਾਰ 'ਤੇ ਕੁਦਰਤ ਅਤੇ ਕਾਇਨਾਤ ਦੇ ਰਖਵਾਲਿਆਂ ਵਿਚ ਇਕ ਵੱਡੀ ਬਹਿਸ ਪਿਛਲੇ ਲੰਬੇ ਸਮੇਂ ਤੋਂ ਚਲ ਰਹੀ ਸੀ ਕਿ ਨਦੀਆਂ ਨੂੰ ਜਿਉਂਦਾ ਰੱਖਣ ਅਤੇ ਜੀਵ-ਭਿੰਨਤਾ ਬਣਾਏ ਰੱਖਣ ਲਈ ਇਨ੍ਹਾਂ ਵਿਚ ਕਿੰਨਾ ਪਾਣੀ ਹਰ ਰੋਜ਼-ਚੌਵੀ ਘੰਟੇ-ਪੂਰਾ ਸਾਲ ਛੱਡਿਆ ਜਾਵੇ। ਪਾਣੀ ਦੀ ਮਹੱਤਤਾ ਖੇਤੀ ਲਈ, ਬਿਜਲੀ ਉਤਪਾਦਨ ਲਈ ਅਤੇ ਨਦੀਆਂ ਦੀ ਜੈਵਿਕ ਪਵਿੱਤਰਤਾ ਬਰਕਰਾਰ ਰੱਖਣ ਲਈ ਇਕੋ ਜਿੰਨੀ ਹੈ, ਸੋ, ਇਕ ਸਰਬ-ਪ੍ਰਵਾਨਤ ਵਹਾਅ ਨਦੀਆਂ ਵਿਚ ਹਰ ਵਕਤ ਚੱਲਦਾ ਰੱਖਿਆ ਜਾਵੇ ਜਿਸ ਨੂੰ ਵਾਤਾਵਰਣੀ ਵਹਾਅ ਕਿਹਾ ਗਿਆ। ਇਸ ਵਹਾਅ ਲਈ ਕਿਸੇ ਵੀ ਬੈਰਾਜ 'ਤੇ ਦਰਿਆ ਵਿਚ ਆ ਰਹੇ ਪਾਣੀ ਦੇ ਕੁੱਲ ਔਸਤਨ ਪਾਣੀ ਦਾ 25 ਪ੍ਰਤਿਸ਼ਤ ਪਾਣੀ ਬੈਰਾਜ ਤੋਂ ਹੇਠਾਂ ਨਦੀ ਵਿਚ ਬਤੌਰ ਵਾਤਾਵਰਣੀ ਵਹਾਅ ਛੱਡਣਾ ਲਾਜ਼ਮੀ ਹੈ। ਹਿਮਾਚਲ ਪ੍ਰਦੇਸ਼ ਦੇਸ਼ ਦਾ ਪਹਿਲਾ ਸੂਬਾ ਬਣਿਆ ਜਿਥੇ ਮਾਣਯੋਗ ਹਾਈਕੋਰਟ ਨੇ ਨਿਰਦੇਸ਼ ਜਾਰੀ ਕਰਕੇ ਹਰੇਕ ਨਦੀ ਵਿਚ ਵਾਤਾਵਰਣ ਵਹਾਅ ਲਈ ਪਾਣੀ ਛੱਡੇ ਜਾਣਾ ਲਾਗੂ ਕਰਵਾਇਆ ਹੈ ਅਤੇ ਇਹ ਵਹਾਅ ਵੀ ਹਰ ਰੋਜ਼-ਚੌਵੀ ਘੰਟੇ-ਪੂਰਾ ਸਾਲ ਦੇ ਨਿਯਮ 'ਤੇ ਆਧਾਰਤ ਹੋਵੇ ਨਾ ਕਿ ਸਾਲ ਦੀ ਔਸਤ ਉੱਤੇ ਜਦੋਂ ਹੜ੍ਹਾਂ ਦਾ ਪਾਣੀ ਦਰਿਆ ਵਿਚ ਛੱਡ ਕੇ ਅੰਕੜਿਆ ਦੀ ਖ਼ਾਨਾ ਪੂਰਤੀ ਕਰ ਲਈ ਜਾਂਦੀ ਹੈ।

***ਇਸ ਵਾਤਾਵਰਣੀ ਵਹਾਅ ਨੂੰ ਲਾਗੂ ਕਰਵਾਉਣ ਲਈ ਸਮੂਹ ਕਿਸਾਨ ਜਥੇਬੰਦੀਆਂ, ਵਾਤਾਵਰਣ ਪੱਖੀ ਸੰਸਥਾਵਾਂ, ਗੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆ ਕੇ ਦਲੀਲ ਦੇਣੀ ਚਾਹੀਦੀ ਹੈ ਕਿ ਜੇ ਪਵਿੱਤਰ ਵੇਈਂ, ਜੋ ਬਿਲਕੁਲ ਖਤਮ ਹੋ ਚੁੱਕੀ ਸੀ, ਦੀ ਵਾਤਾਵਰਣੀ ਅਤੇ ਇਤਿਹਾਸਕ ਮਹੱਤਤਾ ਕਾਇਮ ਰੱਖਣ ਲਈ ਲੋਕਾਂ ਦੇ ਦਬਾਅ ਹੇਠ ਆ ਕੇ 200 ਕਿਊਸਕ ਪਾਣੀ ਮੁਕੇਰੀਆਂ ਹਾਈਡਲ ਚੈਂਨਲ ਤੋਂ ਛੱਡਿਆ ਜਾ ਸਕਦਾ ਹੈ ਤਾਂ ਸਤਲੁਜ ਦਰਿਆ ਨੂੰ ਮੁੜ ਸੁਰਜੀਤ ਕਰਨ ਲਈ ਇਸ ਦਰਿਆ ਨੂੰ ਵਹਾਅ ਪੱਖੋਂ ਇਸ ਦੇ ਹੱਕ ਤੋਂ ਵਾਂਝਾ ਕਿਉਂ ਰੱਖਿਆ ਜਾ ਰਿਹਾ ਹੈ।***

## ਵਾਤਾਵਰਣ ਵਹਾਅ ਦੇ ਫ਼ਾਇਦੇ

ਰੋਪੜ ਹੈੱਡ-ਵਰਕਸ ਤੋਂ ਸਤਲੁਜ ਵਿਚ ਆ ਰਹੇ ਪਾਣੀ ਦਾ 25× ਪਾਣੀ ਬਤੌਰ ਵਾਤਾਵਰਣ ਵਹਾਅ ਛੱਡੇ ਜਾਣਾ ਜੇ ਲਾਗੂ ਕਰਵਾ ਦਿੱਤਾ ਜਾਂਦਾ ਹੈ ਤਾਂ ਪਾਣੀ ਦੀ ਸਵੈ-ਸ਼ੁੱਧੀਕਰਣ ਦੀ ਖ਼ਾਸੀਅਤ ਕਾਰਨ ਬੁੱਢੇ ਨਾਲੇ ਅਤੇ ਚਿੱਟੀ ਵੇਈਂ ਦੇ ਕਾਲੇ ਪਾਣੀਆਂ ਤੋਂ ਇਲਾਵਾ ਹੋਰ ਵੀ ਡਿਗ ਰਹੇ ਦੂਸ਼ਿਤ ਪਾਣੀ ਨੰ ਸਾਫ਼ ਕਰਨ ਦੀ ਪ੍ਰਕ੍ਰਿਆ ਦਰਿਆ ਅੰਦਰ ਨਿਰੰਤਰ ਚੱਲਣੀ ਸ਼ੁਰੂ ਹੋ ਜਾਵੇਗੀ ਅਤੇ ਹਰੀਕੇ ਤਕ ਪਹੁੰਚਣ ਤੋਂ ਪਹਿਲਾਂ ਸਤਲੁਜ ਦਾ ਪਾਣੀ ਸਾਫ਼ ਹੋ ਕੇ ਆਪਣੀ ਗੁਣਵੱਤਾ ਵਿਚ ਵੱਡਾ ਸੁਧਾਰ ਲਿਆਵੇਗਾ ਅਤੇ ਅੱਗੋਂ ਇਹ ਬਿਆਸ ਦੇ ਪਾਣੀਆਂ ਨਾਲ ਮਿਲ ਕੇ ਫਿਰੋਜ਼ਪੁਰ ਅਤੇ ਰਾਜਸਥਾਨ ਫੀਡਰ ਨਹਿਰਾਂ ਰਾਹੀਂ ਜਦੋਂ ਲੋਕਾਂ ਤਕ ਪਹੁੰਚੇਗਾ ਤਾਂ ਦੂਸ਼ਿਤ ਪਾਣੀ ਦੀ ਲੰਬੇ ਸਮੇਂ ਤੋਂ ਮਾਰ ਝੱਲ ਰਹੇ ਲੋਕ ਸੁਖ ਦਾ ਸਾਹ ਲੈਣਗੇ।

ਸਮੁੱਚੇ ਪੰਜਾਬ ਵਿਚ ਜਦੋਂ ਇਹ ਨਦੀ ਮੁੜ ਸੁਰਜੀਤ ਹੋ ਕੇ ਲੰਘੇਗੀ ਤਾਂ ਇਸ ਦੇ ਆਲੇ-ਦੁਆਲੇ ਕਈ-ਕਈ ਕਿਲੋਮੀਟਰ ਦੇ ਅਰਧ-ਵਿਆਸ ਵਿਚ ਜ਼ਮੀਨਦੋਜ਼ ਪਾਣੀਆਂ ਦੀ ਕਈ ਦਹਾਕਿਆਂ ਤੋਂ ਡਿਗ ਰਹੀ ਸਤਹਿ ਵੀ ਉਪਰ ਆਉਣੀ ਸ਼ੁਰੂ ਹੋਵੇਗੀ ਅਤੇ ਇਨ੍ਹਾਂ ਪਾਣੀਆਂ ਦੀ ਗੁਣਵੱਤਾ ਵਿਚ ਵੀ ਗੁਣਾਂਤਮਕ ਸੁਧਾਰ ਆਵੇਗਾ ਦਰਿਆ ਦੇ ਪਾਣੀਆਂ ਵਿਚ ਜੀਵ-ਭਿਨੰਤਾ ਮਿਲੇਗੀ, ਮੱਛੀਆਂ-ਘੋਗੇ ਅਤੇ ਹੋਰ ਜਲ-ਚਰ ਜੀਵ ਮੁੜ ਸੁਰਜੀਤ ਹੋਣਗੇ। ਰੰਗ-ਬਿਰੰਗੇ ਪੰਛੀ ਦਰਿਆ ਦੁਆਲੇ ਦਰਖੱਤਾਂ 'ਤੇ ਮੁੜ ਪਰਤਣਗੇ। ਪੰਜਾਬ ਇਕ ਵਾਰ ਫਿਰ ਹਰਿਆ-ਭਰਿਆ ਅਤੇ ਨਿਰਮਲ ਜਲ ਨਾਲ ਲੈਸ ਹੋ ਕੇ ਪੰਜਾਬੀਆਂ ਅਤੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣੇਗਾ। ਆਓ, ਕੁਦਰਤ ਦੀਆਂ ਇਨ੍ਹਾਂ ਰਗ਼ਾਂ ਵਿਚ ਜਲ ਰੂਪੀ ਵਾਤਾਵਰਣੀ ਵਹਾਅ ਲਾਗੂ ਕਰਵਾਉਣ ਲਈ ਇਕ ਵੱਡਾ ਜੱਥੇਬੰਦਕ ਹੰਭਲਾ ਮਾਰੀਏ।

*(ਲੇਖਕ ਵਿਗਿਆਨ ਅਫ਼ਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪੰਜਾਬ ਹੈ।)*

*e-mail :charanjitnabha1962@gmail.com*

# ਕਿੰਨੀ ਕੁ ਲਾਭਦਾਇਕ ਹੋਵੇਗੀ ਸਟੈਂਮ ਸੈੱਲ ਸੁਰੱਖਿਆ!

**ਅਜੀਤਪਾਲ ਸਿੰਘ ਐੱਮ ਡੀ**

ਡਾਕਟਰੀ ਵਿਗਿਆਨ ਦੀ ਚਮਤਕਾਰੀ ਸਟੈਮ ਸੈੱਲ ਰਖਵਾਲੀ ਤਕਨੀਕ ਭਾਰਤ ਵਿਚ ਆ ਗਈ ਹੈ ਪਰ ਅਜੇ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਨਵ-ਜਨਮੇ ਬੱਚੇ ਦੀ ਸਟੈਮ ਸੈੱਲ ਯਾਨਿ ਅੰਬਲਿਕਲ ਕੌਰਡ ਬਲੱਡ (ਯੂ ਸੀ ਬੀ – ਨਵਜਾਤ ਸ਼ਿਸ਼ੂ ਦੀ ਧੁੰਨੀ ਦਾ ਖ਼ੂਨ) ਯੂ ਸੀ ਬੀ ਬੈਂਕ ਵਿਚ ਸੰਭਾਲ ਕੇ ਰੱਖੋ। ਇਹ ਭਵਿੱਖ ਵਿਚ ਬੱਚੇ ਨੂੰ 80 ਤਰ੍ਹਾਂ ਦੀਆਂ ਜਾਨ-ਲੇਵਾ ਬੀਮਾਰੀਆਂ ਤੋਂ ਬਚਾ ਸਕਦਾ ਹੈ। ਅੱਜਕੱਲ੍ਹ ਵੱਡੇ ਸ਼ਹਿਰਾਂ ਦੇ ਜੱਚਾ-ਬੱਚਾ ਹਸਪਤਾਲਾਂ, ਨਰਸਿੰਗ ਹੋਮ ਆਦਿ ਵਿਚ ਇਸ ਤਰ੍ਹਾਂ ਦੇ ਆਕ੍ਰਸ਼ਿਕ ਇਸ਼ਤਿਹਾਰ ਅਕਸਰ ਦੇਖਣ ਨੂੰ ਮਿਲਦੇ ਹਨ। ਹਾਲਾਂ ਕਿ ਬਹੁਤ ਪੜ੍ਹੇ-ਲਿਖੇ ਲੋਕ ਵੀ ਨਹੀਂ ਜਾਣਦੇ ਕਿ ਯੂ ਸੀ ਬੀ ਬੈਂਕਿੰਗ ਆਖ਼ਰ ਹੈ ਕੀ? ਅਤੇ ਇਹ ਕਿਸ ਤਰ੍ਹਾਂ ਉਨ੍ਹਾਂ ਦੇ ਬੱਚਿਆਂ ਨੂੰ ਭਵਿੱਖ ਵਿਚ ਜਾਨਲੇਵਾ ਰੋਗਾਂ ਤੋਂ ਨਿਜ਼ਾਤ ਦਿਵਾਉਣ ਵਿਚ ਮਦਦ ਕਰ ਸਕਦੀ ਹੈ।

ਦਰਅਸਲ, ਯੂ ਸੀ ਬੀ ਬੈਂਕਿੰਗ ਜਾਂ ਸਟੈਮ ਸੈੱਲ ਸੰਭਾਲ, ਸਟੈਮ ਸੈੱਲ ਤਕਨੀਕ ਰਾਹੀਂ ਵਿਕਸਤ ਨਵੀਂ ਇਲਾਜ ਪ੍ਰਣਾਲੀ ਹੈ, ਜੋ ਵਿਕਸਤ ਦੇਸ਼ਾਂ ਪਿਛੋਂ ਭਾਰਤ ਵਿਚ ਵੀ ਦਾਖ਼ਲ ਹੋ ਚੁੱਕੀ ਹੈ। ਇਸ ਤਹਿਤ ਜਨਮ ਸਮੇਂ ਸ਼ਿਸ਼ੂ ਦੀ ਧੁੰਨੀ-ਔਲ਼ ਤੋਂ ਖ਼ੂਨ ਲੈ ਕੇ ਉਸ ਨੂੰ ਸਾਂਭ ਲਿਆ ਜਾਂਦਾ ਹੈ। ਡਾਕਟਰਾਂ ਅਨੁਸਾਰ, ਇਹ ਖ਼ੂਨ ਸੈੱਲ ਅਗਲੇ 20-21 ਸਾਲਾਂ ਤਕ ਜਿਉਂਦੇ ਰਹਿੰਦੇ ਹਨ। ਜੇ ਇਸ ਦੌਰਾਨ ਬੱਚੇ ਨੂੰ ਲਿਊਕੀਮੀਆ, ਥੈਲੇਸੀਮੀਆ, ਸਿਕਲ ਸੈੱਲ ਅਨੀਮੀਆ ਸਮੇਤ ਕੋਈ ਲਾਇਲਾਜ ਜਾਂ ਘਾਤਕ ਬੀਮਾਰੀਆਂ ਹੁੰਦੀਆਂ ਹਨ ਜਿਸ ਨੂੰ ਟਿਸ਼ੂ ਟਰਾਂਸਪਲਾਂਟ ਜ਼ਰੀਏ ਠੀਕ ਕੀਤਾ ਜਾ ਸਕਦਾ ਹੈ ਤਾਂ ਇਸ ਵਿਚ ਯੂ ਸੀ ਬੀ ਬਹੁਤ ਕੰਮ ਆਉਂਦਾ ਹੈ। ਯਾਦ ਰਹੇ ਕਿ ਸਟੈਮ ਸੈੱਲ ਉਹ ਸੈੱਲ ਹੁੰਦਾ ਹੈ ਜਿਸ ਵਿਚ ਸਰੀਰ ਦੇ ਹਰ ਅੰਗ ਨੂੰ ਵਿਕਸਤ ਕਰਨ ਦੀ ਸਮਰਥਾ ਹੁੰਦੀ ਹੈ। ਕੁਦਰਤੀ ਤੌਰ ਤੇ ਸਟੈਮ ਸੈੱਲ ਭਰੂਣ ਬੋਨ ਮੈਰੋ ਤੇ ਧੁੰਨੀ-ਔਲ ਵਿਚ ਪਾਇਆ ਜਾਂਦਾ ਹੈ। ਕਿਉਂਕਿ ਭਰੂਣ ਤੇ ਬੋਨਮੈਰੋ ਦੇ ਸਟੈਮ ਸੈੱਲ ਨੂੰ ਸਾਂਭਣਾ ਸੰਭਵ ਨਹੀਂ ਹੈ, ਇਸ ਲਈ ਧੁੰਨੀ-ਔਲ ਸਭ ਤੋਂ ਸਹੀ ਅੰਗ ਹੈ। ਹਾਲਾਂਕਿ ਭਾਰਤ ਵਿਚ ਇਹ ਇਲਾਜ ਪ੍ਰਣਾਲੀ ਸ਼ੁਰੂਆਤੀ ਪੜਾਅ 'ਤੇ ਹੈ ਪਰ ਇਸ ਦੀ ਖ਼ਾਸੀਅਤ ਕੁਝ ਅਜਿਹੀ ਹੈ ਕਿ ਇਲਾਜ ਕਾਰੋਬਾਰ ਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਯੂ ਸੀ ਬੀ ਬੈਂਕ ਵਿਚ ਉਤਰਨ ਲਈ ਬੇਤਾਬ ਹਨ।

ਭਾਰਤ ਵਿਚ ਇਸ ਧੰਦੇ ਦੀ ਅਪਾਰ ਸੰਭਾਵਨਾ ਨੂੰ ਵੇਖਦਿਆਂ ਦਿਉ-ਕੱਦ ਬਹੁ-ਰਾਸ਼ਟਰੀ ਕੰਪਨੀ 'ਲਾਈਫ ਸੇਲ' ਨੇ 2004 ਵਿਚ ਹੀ ਚੇਨੱਈ ਵਿਚ ਯੂ ਸੀ ਬੀ ਬੈਂਕ ਦੀ ਸ਼ੁਰੂਆਤ ਕਰ ਦਿਤੀ ਸੀ। ਹੁਣ ਤਾਂ ਜਨਤਕ ਖੇਤਰ ਦੀਆਂ ਤਿੰਨ ਕੰਪਨੀਆਂ ਇਸ ਵਪਾਰ ਵਿਚ ਉਤਰ ਚੁੱਕੀਆਂ ਹਨ। ਇਸ ਤੋਂ ਇਲਾਵਾ, ਕੰਪਨੀਆਂ ਜਲਦੀ ਹੀ ਇਸ ਖੇਤਰ ਵਿਚ ਆਪਣਾ ਕਦਮ ਵਧਾਉਣ ਵਾਲੀਆਂ ਹਨ। 'ਲਾਈਫ ਸੇਲ ਇੰਡੀਆ' ਤੋਂ ਇਲਾਵਾ 'ਰਿਲਾਇੰਸ ਲਾਈਫ ਸਾਇੰਸ' ਆਦਿ ਫਿਲਹਾਲ ਮੁੱਖ ਕੰਪਨੀਆਂ ਹਨ ਜੋ ਇਹ ਸੇਵਾ ਦੇ ਰਹੀਆਂ ਹਨ। ਉਂਝ ਭਾਰਤ ਵਿਚ ਸਟੈਮ ਸੈੱਲ ਸੰਭਾਲਣ ਦੀ ਦਰ ਕਾਫ਼ੀ ਘੱਟ ਹੈ।

ਇਕ ਅਧਿਐਨ ਮੁਤਾਬਕ ਇਕ ਹਜ਼ਾਰ ਸ਼ਿਸ਼ੂਆਂ ਪਿਛੇ ਸਿਰਫ ਦੋ ਸ਼ਿਸ਼ੂਆਂ ਦੇ ਹੀ ਸਟੈਮ ਸੈੱਲ ਸੰਭਾਲੇ ਜਾ ਰਹੇ ਹਨ ਜਦ ਕਿ ਅਮਰੀਕਾ ਵਿਚ ਇਹ ਅਨੁਪਾਤ 1000 ਵਿਚੋਂ 50, ਅਤੇ ਸਿੰਘਾਪੁਰ ਵਿਚ 1000 ਵਿਚੋਂ 250 ਹੈ। ਵੱਧ ਤੋਂ ਵੱਧ ਖਰਚ, ਘੱਟ ਚੇਤੰਨਤਾ ਅਤੇ ਕੰਪਨੀ ਦੇ ਦਾਅਵਿਆਂ ਦੀ ਅਸਲੀਅਤ ਪ੍ਰਤਿ ਵਿਆਪਕ ਸ਼ੱਕ ਅਤੇ ਨਿਆਂ-ਕਾਨੂੰਨ ਦੀ ਘਾਟ ਇਸ ਦੇ ਮੁੱਖ ਕਾਰਨ ਦੱਸੇ ਜਾਂਦੇ ਹਨ। ਚੇਤੇ ਰਹੇ ਕਿ ਸਟੈਂਮ ਸੈੱਲ ਸੰਭਾਲ ਦੇ ਲਈ ਅਜੇ ਵੀ ਲੋਕਾਂ ਨੂੰ ਪ੍ਰਤਿ ਸੰਭਾਲ 30 ਹਜ਼ਾਰ ਰੁਪਏ ਤੋਂ ਇਲਾਵਾ, ਹਰ ਸਾਲ ਤਿੰਨ ਤੋਂ ਲੈ ਕੇ ਚਾਰ ਹਜ਼ਾਰ ਦਾ ਪ੍ਰੀਮੀਅਮ ਦੇਣਾ ਪੈਂਦਾ ਹੈ। ਸਿਧਾਂਤਕ ਪਖੋਂ ਇਹ ਗੱਲ ਸੱਚ ਹੈ ਕਿ ਸਟੈਂਮ ਸੈੱਲ ਨਾਲ ਸਰੀਰ ਦੇ ਹਰੇਕ ਟਿਸ਼ੂ ਵਿਕਸਤ ਕੀਤੇ ਜਾ ਸਕਦੇ ਹਨ ਪਰ ਜ਼ਿਆਦਾਤਰ ਦਾਅਵੇ ਅਜੇ ਅਮਲੀ ਧਰਾਤਲ 'ਤੇ ਪੂਰੇ ਨਹੀਂ ਉਤਰ ਸਕੇ ਹਨ। ਇਸ ਤੋਂ ਇਲਾਵਾ, ਇਸ ਤਕਨੀਕ ਬਾਰੇ ਲੋਕਾਂ ਦਾ ਤਜਰਬਾ ਨਿਗੂਣਾ ਹੈ ਅਤੇ ਅਸਲੀ ਫਾਇਦੇ ਦੀ ਤਸਵੀਰ ਧੁੰਦਲੀ ਹੈ। ਇਸ ਲਈ ਬਹੁਤ ਸਾਰੇ ਖ਼ੁਸ਼ਹਾਲ ਲੋਕ ਵੀ ਸਟੈਂਮ ਸੈੱਲ ਦੀ ਸੰਭਾਲ ਵਿਚ ਉਨੀ ਦਿਲਚਸਪੀ ਨਹੀਂ ਦਿਖਾ ਰਹੇ।

ਭਾਰਤ ਵਿਚ ਅਜੇ ਤਕ ਜਿਨ੍ਹਾਂ ਲੋਕਾਂ ਨੇ ਸਟੈਂਮ ਸੈੱਲ ਦੀ ਸੰਭਾਲ ਕਰਵਾਈ ਹੈ ਉਨ੍ਹਾਂ ਵਿਚੋਂ ਬੇਹੱਦ ਘੱਟ ਨੂੰ ਹੀ ਇਸ ਦਾ ਲਾਭ ਮਿਲਿਆ ਹੈ। ਲਾਭ ਹਾਸਲ ਕਰਨ ਵਾਲਿਆਂ ਦਾ ਅਨੁਪਾਤ ਪ੍ਰਤਿ ਇਕ ਹਜ਼ਾਰ ਵਿਚ ਸਿਰਫ਼ ਦੋ ਹੈ। ਭਾਰਤ ਵਿਚ ਸਟੈਮ ਸੈੱਲ ਬੈਂਕਿੰਗ ਦੇ ਵਿਸਥਾਰ ਤੇ ਉਸ ਦੀ ਅੜਚਣ 'ਤੇ ਐਸੋਸੀਏਸ਼ਨ ਆਫ ਸਟੈਮ ਸੈੱਲ ਬੈਂਕਸ ਦੇ ਮੁਖੀ ਮਯੂਰ ਅਭਿਆ ਕਹਿੰਦੇ ਹਨ, "ਹਾਲ ਦੀ ਘੜੀ ਸੰਭਾਲ ਦੀ ਦਰ ਵਧੀ ਹੈ। ਸਾਡੀ ਜਾਣਕਾਰੀ ਮੁਤਾਬਕ ਦੇਸ਼ ਵਿਚ ਹੁਣ ਹਰ ਸਾਲ ਲਗਭਗ 50 ਹਜ਼ਾਰ ਲੋਕ ਆਪਣੇ ਸ਼ਿਸ਼ੂਆਂ ਦੀ ਸਟੈਮ ਸੈੱਲ ਸੰਭਾਲ ਕਰਾ ਰਹੇ ਹਨ।"

ਬਕਾਇਦਾ ਕਾਨੂੰਨ ਦੀ ਘਾਟ ਵੀ ਭਾਰਤ ਵਿਚ ਸਟੈਮ ਸੈੱਲ ਬੈਂਕਿੰਗ ਦੀ ਰਫ਼ਤਾਰ ਲਈ ਇਕ ਵੱਡੇ ਅੜਿੱਕੇ ਵਜੋਂ ਸਾਹਮਣੇ ਆ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਦੇ ਲਈ ਰਾਸ਼ਟਰੀ ਪੱਧਰ 'ਤੇ ਕੋਈ ਠੋਸ ਕਾਨੂੰਨ ਅਤੇ ਵਿਧਾਨਕ ਤੌਰ ਤਰੀਕੇ ਅਜੇ ਤਕ ਨਹੀਂ ਬਣਾਏ ਜਾ ਸਕੇ। ਇਸ ਲਈ ਖਪਤਕਾਰਾਂ ਦੇ ਹਿਤ, ਕੰਪਨੀਆਂ ਦੇ ਦਾਅਵੇ, ਠੱਗੀ, ਸੇਵਾ ਦੀ ਜ਼ਾਮਨੀ ਆਦਿ ਬਾਰੇ ਉਧੇੜ-ਬੁਣ ਦੀ ਹਾਲਤ ਹੈ। ਕੁਝ ਸਮਾਂ ਪਹਿਲਾਂ ਕੇਂਦਰੀ ਸਿਹਤ ਮੰਤਰਾਲਾ ਨੇ ਸਟੈਮ ਸੈੱਲ ਬੈਂਕਿੰਗ ਲਈ ਨਿਆਂ-ਕਾਨੂੰਨ ਬਣਾਉਣ ਬਾਰੇ ਬੀ ਐੱਚ ਯੂ ਦੇ ਕੁਲਪਤੀ ਲਾਲਜੀ ਸਿੰਘ ਦੀ ਅਗਵਾਈ ਵਿਚ ਇਕ ਪੈਨਲ ਬਣਾਇਆ ਸੀ। ਪਿਛੇ ਜਿਹੇ ਹੀ ਪੈਨਲ ਨੇ ਆਪਣੇ ਸੁਝਾਅ ਸਰਕਾਰ ਨੂੰ ਸੌਂਪੇ ਹਨ। ਪਰ ਕਾਨੂੰਨ ਕਦੋਂ ਤਕ ਸਾਹਮਣੇ ਆਵੇਗਾ ਇਹ ਕਹਿਣਾ ਫਿਲਹਾਲ ਮੁਸ਼ਕਿਲ ਹੈ। ਹਾਲ ਦੀ ਘੜੀ ਇੰਡੀਅਨ ਕਾਊਂਸਿਲ ਆਫ਼ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਦੇ ਦਿਸ਼ਾ ਨਿਰਦੇਸ਼ ਵਿਚ ਇਹ ਕੰਮ ਹੋ ਰਿਹਾ ਹੈ। ਆਈ ਸੀ ਐੱਮ ਆਰ ਦੇ ਨਿਰਦੇਸ਼ਕ ਬੀ ਐੱਮ ਕਟੋਚ ਕਹਿੰਦੇ ਹਨ, ''ਸਾਨੂੰ ਉਮੀਦ ਹੈ ਕਿ ਜਲਦੀ ਹੀ ਨਿਆਂ-ਕਾਨੂੰਨ ਸਾਹਮਣੇ ਆ ਜਾਵੇਗਾ। ਇਸ ਵਾਸਤੇ ਸਾਰੇ ਸੰਬੰਧਿਤ ਪੱਖਾਂ ਤੋਂ ਰਾਇ ਲੈ ਕੇ ਅਧਿਐਨ ਕੀਤਾ ਜਾ ਰਿਹਾ ਹੈ।

ਭਾਰਤ ਵਰਗੇ ਵਿਸ਼ਾਲ ਆਬਾਦੀ ਵਾਲੇ ਦੇਸ਼ ਵਿਚ ਸਟੈਮ ਸੈੱਲ ਬੈਂਕਿੰਗ ਦੀ ਵਰਤੋਂ ਸ਼ੱਕ ਤੋਂ ਪਰ੍ਹੇ ਹੈ। ਇਸ ਦੀ ਮਦਦ ਨਾਲ ਕਈ ਤਰ੍ਹਾਂ ਦੀਆਂ ਲਾਇਲਾਜ ਬੀਮਾਰੀਆਂ ਦੂਰ ਕੀਤੀਆਂ ਜਾ ਸਕਦੀਆਂ ਹਨ। ਇਹ ਵੀ ਸੰਭਵ ਹੈ ਕਿ ਅਗਲੇ ਇਕ-ਦੋ ਦਹਾਕਿਆਂ ਵਿਚ ਸਟੈਮ ਸੈੱਲ ਦੇ ਜ਼ਰੀਏ ਦਿਲ, ਗੁਰਦੇ ਆਦਿ ਬਦਲਣੇ ਸ਼ੁਰੂ ਹੋ ਜਾਣ ਪਰ ਜਦ ਤਕ ਇਸ ਦੀ ਲਾਗਤ ਆਮ ਲੋਕਾਂ ਦੀ ਆਰਥਿਕ ਪਹੁੰਚ ਵਿਚ ਨਹੀਂ ਆਵੇਗੀ, ਤਦ ਤਕ ਇਸ ਦਾ ਅਸਲੀ ਫਾਇਦਾ ਦੇਸ਼ ਨੂੰ ਨਹੀਂ ਮਿਲ ਸਕੇਗਾ। ਇਹ ਤਾਂ ਹੀ ਸੰਭਵ ਹੈ ਜਦ ਸਰਕਾਰ ਇਸ ਬੇਹੱਦ ਸੰਵੇਦਨਸ਼ੀਲ ਜੀਵਨਦਾਨੀ ਤਕਨੀਕ ਨੂੰ ਮੁਨਾਫ਼ਾਖੋਰ ਕੰਪਨੀਆਂ ਦਾ ਸ਼ਿਕਾਰ ਹੋਣ ਤੋਂ ਬਚਾਵੇ ਅਤੇ ਇਸ ਤਕਨੀਕ ਨੂੰ ਦੂਰ-ਦੁਰਾਡੇ ਇਲਾਕੇ ਤਕ ਪਹੁੰਚਾਉਣ ਲਈ ਬੁਨਿਆਦੀ ਤਾਣੇ-ਬਾਣੇ ਦਾ ਵਿਕਾਸ ਕਰੇ।

*(ਲੇਖਕ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਹੈ।)*

**ਸਫ਼ਾ 46 ਦੀ ਬਾਕੀ**

ਵਿਚ 26 ਫ਼ਿਲਮਾਂ ਭਾਰਤੀ ਚਿੱਤਰਾਵਲੀ 2014 ਵਿਚ ਸ਼ਾਮਿਲ ਕੀਤੀਆਂ। ਮਰਾਠੀ ਫ਼ਿਲਮ *ਐਲਿਜ਼ਾਬਥ ਏਕਾਦਸ਼ੀ* ਨੂੰ ਭਾਰਤੀ ਚਿੱਤਰਾਵਲੀ 2014 ਦੀ ਸ਼ੁਰੂਆਤੀ ਫ਼ਿਲਮ ਦੇ ਰੂਪ ਵਿਚ ਚੁਣਿਆ ਗਿਆ। ਇਹ ਫ਼ਿਲਮ ਮਸ਼ਹੂਰ ਫ਼ਿਲਮ ਨਿਰਦੇਸ਼ਕ ਪਾਰੇਸ਼ ਮੋਕਾਸ਼ੀ ਵਲੋਂ ਨਿਰਦੇਸ਼ਤ ਕੀਤੀ ਗਈ ਹੈ। ਇਸ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਦੇ ਭਾਰਤੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਵਿਚ ਬਣੀਆਂ ਸ਼ਾਨਦਾਰ ਫ਼ਿਲਮਾਂ ਦੇ ਗੁਲਦਸਤੇ 'ਭਾਰਤੀ ਚਿੱਤਰਾਵਲੀ 2014' ਵਿਚ ਵੱਖ-ਵੱਖ ਭਾਰਤੀ ਭਾਸ਼ਾਵਾਂ ਦੀਆਂ ਫ਼ਿਲਮਾਂ – ਆਸਾਮੀ-1, ਬੰਗਾਲੀ-5, ਹਿੰਦੀ-2, ਕੰਨੜ-1, ਖਾਸੀ-1, ਮਲਿਆਲਮ-7, ਮਰਾਠੀ-7, ਓਡੀਆ-1 ਅਤੇ ਤਮਿਲ ਭਾਸ਼ਾ ਦੀ ਇਕ ਫ਼ਿਲਮ ਸ਼ਾਮਿਲ ਕੀਤੀ ਗਈ। ਇਹ ਫ਼ਿਲਮਾਂ ਆਪਣੇ ਆਪ ਵਿਚ ਕਲਾ ਅਤੇ ਸੰਸਕ੍ਰਿਤੀ ਦਾ ਨਮੂਨਾ ਹਨ ਅਤੇ ਦਰਸ਼ਕਾਂ ਦਾ ਮਨ ਮੋਹ ਲੈਣ ਲਈ ਅਤੇ ਭਰਪੂਰ ਮਨੋਰੰਜਨ ਕਰਨ ਲਈ ਅਤੇ ਸਾਲ ਦੀ ਸਭ ਤੋਂ ਉੱਤਮ ਫ਼ਿਲਮ ਅਤੇ ਗੋਲਡਨ ਪੀਕੌਕ, ਸੁਨਹਿਰੀ ਮੋਰ ਦੀ ਪ੍ਰਤਿਯੋਗਤਾ ਵਿਚ ਸ਼ਾਮਿਲ ਹੋਣ ਦੇ ਹਰ ਮਿਆਰ 'ਤੇ ਖਰੀਆਂ ਉਤਰਦੀਆਂ ਹਨ।

ਭਾਰਤ ਦੇ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਦਾ ਇਕ ਪਹਿਲੂ ਗ਼ੈਰ ਫੀਚਰ ਫ਼ਿਲਮਾਂ ਦਿਖਾਉਣ ਦਾ ਵੀ ਹੈ। ਇਸ ਮੰਤਵ ਲਈ ਵੀ ਸਮਾਰੋਹ ਵਿਚ ਸ਼ਾਮਿਲ ਹੋਣ ਤੇ ਕਾਬਲ ਫ਼ਿਲਮਾਂ ਦੀ ਚੋਣ ਲਈ ਇਕ ਅਲਗ ਜਿਊਰੀ ਸਥਾਪਤ ਕੀਤੀ ਜਾਂਦੀ ਹੈ। ਇਸ ਨਾਲ ਇਸ ਪ੍ਰਤਿਸ਼ਠਤ ਕਾਰਜ ਲਈ ਉੱਘੇ ਫ਼ਿਲਮ ਨਿਰਮਾਤਾ ਮਾਈਕ ਪਾਂਡੇ ਦੀ ਪ੍ਰਧਾਨਗੀ ਹੇਠ ਇਕ 7 ਮੈਂਬਰੀ ਕਮੇਟੀ ਸਥਾਪਤ ਕੀਤੀ ਗਈ ਸੀ। ਜਿਊਰੀ ਨੇ ਸ਼ਬਨਮ ਸੁਖਦੇਵ ਵਲੋਂ ਨਿਰਦੇਸ਼ਤ ਅੰਗਰੇਜ਼ੀ ਫ਼ਿਲਮ 'ਦਿ ਲਾਸਟ ਐਡਿਯੂ' ਨੂੰ 'ਗ਼ੈਰ ਫੀਚਰ ਫ਼ਿਲਮ ਭਾਰਤੀ ਚਿੱਤਰਾਵਲੀ 2014' ਦੀ ਮੋਹਰੀ ਫ਼ਿਲਮ ਦੇ ਤੌਰ ਤੇ ਚੁਣਿਆ।ਜਿਊਰੀ ਨੇ ਉਸ ਸਾਹਮਣੇ ਕੁੱਲ 100 ਗ਼ੈਰ ਫੀਚਰ ਫ਼ਿਲਮਾਂ ਵਿਚੋਂ 15 ਫ਼ਿਲਮਾਂ ਨੂੰ ਫ਼ਿਲਮ ਸਮਾਰੋਹ ਵਿਚ ਦਿਖਾਉਣ ਦੇ ਕਾਬਲ ਚੁਣਿਆ। ਇਨ੍ਹਾਂ ਵਿਚੋਂ ਅਸਾਮੀ-1, ਅੰਗਰੇਜ਼ੀ-4, ਮਲਿਆਲਮ-1 ਅਤੇ ਮਰਾਠੀ-3 ਇਕ-ਭਾਸ਼ੀ ਫ਼ਿਲਮਾਂ ਸਨ ਅਤੇ ਬਾਕੀ ਸਭ ਦੋ ਭਾਸ਼ਾਵਾਂ ਵਿਚ ਜਾਂ ਉਸ ਤੋਂ ਵੱਧ ਭਾਸ਼ਾਵਾਂ ਵਿਚ ਬਣੀਆਂ ਫ਼ਿਲਮਾਂ ਹਨ। ਗ਼ੈਰ ਫੀਚਰ ਫ਼ਿਲਮ ਸ਼੍ਰੇਣੀ ਵਿਚ ਬਾਕੀ ਫ਼ਿਲਮਾਂ ਜੋ ਸ਼ਾਮਿਲ ਕੀਤੀਆਂ ਗਈਆਂ ਸਨ, ਉਹ ਹਨ – ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਬਣੀ ਇਕ ਫ਼ਿਲਮ, ਅੰਗਰੇਜ਼ੀ ਅਤੇ ਨਾਗਾਮੀਜ਼ ਵਿਚ ਬਣੀ ਇਕ, ਅੰਗਰੇਜ਼ੀ ਅਤੇ ਬੰਗਾਲੀ ਵਿਚ ਬਣੀ ਦੁਭਾਸ਼ੀ ਫ਼ਿਲਮ ਇਕ, ਨੇਪਾਲੀ ਅਤੇ ਅੰਗਰੇਜ਼ੀ 'ਚ ਬਣੀ ਇਕ, ਪੰਜਾਬੀ ਤੇ ਅੰਗਰੇਜ਼ੀ ਵਿਚ ਬਣੀ ਇਕ ਅਤੇ ਅੰਗਰੇਜ਼ੀ, ਤਮਿਲ ਅਤੇ ਹਿੰਦੀ, ਤਿੰਨ ਭਾਸ਼ਾਵਾਂ ਦੇ ਸੰਵਾਦਾਂ ਵਾਲੀ ਇਕ ਫ਼ਿਲਮ। ਦਰਸ਼ਕਾਂ ਦਾ ਇਨ੍ਹਾਂ ਫ਼ਿਲਮਾਂ ਵਿਚ ਵੀ ਉਤਸ਼ਾਹ ਉਨਾ ਹੀ ਦੇਖਣ ਨੂੰ ਮਿਲਿਆ ਜਿੰਨਾ ਭਾਰਤੀ ਫ਼ਿਲਮਾਂ ਅਤੇ ਵਿਦੇਸ਼ੀ ਫੀਚਰ ਫ਼ਿਲਮਾਂ ਵਿਚ।

45ਵੇਂ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਵਿਚ ਅਮਰੀਕਾ, ਚੀਨ, ਰੂਸ, ਇੰਗਲੈਂਡ ਅਤੇ ਪੱਛਮੀ ਏਸ਼ੀਆ ਸਮੇਤ 75 ਦੇਸ਼ਾਂ ਦੀਆਂ ਲਗਭਗ 180 ਫ਼ਿਲਮਾਂ ਸ਼ਾਮਿਲ ਕੀਤੀਆਂ ਗਈਆਂ। 12 ਦਿਨ ਚਲੇ ਫ਼ਿਲਮ ਸਮਾਰੋਹ ਵਿਚ ਦੇਸ਼ ਵਿਦੇਸ਼ ਦੀਆਂ ਫ਼ਿਲਮਾਂ ਨਾਲ ਜੁੜੀਆਂ ਹਸਤੀਆਂ, ਫ਼ਿਲਮ ਨਿਰਮਾਤਾਵਾਂ, ਕਲਾਕਾਰਾਂ, ਨਿਰਦੇਸ਼ਕਾਂ, ਫੋਟੋਗ੍ਰਾਫ਼ਰਾਂ ਅਤੇ ਹੋਰ ਸੰਬੰਧਿਤ ਕਾਰਜਾਂ ਨਾਲ ਜੁੜੇ ਲੋਕਾਂ ਨੂੰ ਇਕ ਦੂਸਰੇ ਨਾਲ ਮਿਲਣ ਅਤੇ ਫ਼ਿਲਮ ਦੇ ਖੇਤਰ ਵਿਚ ਹੋ ਰਹੇ ਵਿਕਾਸ ਬਾਰੇ ਜਾਣਨ ਦਾ ਮੌਕਾ ਮਿਲਿਆ। ਭਾਰਤੀ ਸਿਨਮਾ ਵਿਚ ਕੰਪਿਊਟਰ ਅਤੇ 3-ਡੀ ਜਿਹੇ ਮਾਧਿਅਮ ਆ ਜਾਣ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨ ਦੀ ਸਮਰੱਥਾ ਬਹੁਤ ਵਧ ਜਾਣ ਦੇ ਬਾਵਜੂਦ ਨੌਜਵਾਨ ਪੀੜ੍ਹੀ ਅੱਜ ਵੀ ਅੰਗਰੇਜ਼ੀ ਫ਼ਿਲਮਾਂ, ਖ਼ਾਸ ਤੌਰ ਤੇ ਅਮਰੀਕਾ, ਰੂਸ, ਇੰਗਲੈਂਡ ਵਿਚ ਬਣੀਆਂ ਫ਼ਿਲਮਾਂ ਵਿਚ ਕਾਫ਼ੀ ਦਿਲਚਸਪੀ ਰਖਦੀ ਹੈ।

***ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਦੇਸ਼-ਵਿਦੇਸ਼ ਦੀਆਂ ਫ਼ਿਲਮ ਖੇਤਰ ਨਾਲ ਜੁੜੀਆਂ ਤਕਨੀਕਾਂ ਦੇ ਵਿਕਾਸ ਬਾਰੇ ਜਾਣਕਾਰੀ ਸਮੇਤ ਕਲਾ, ਸਭਿਅਤਾ, ਮਿਥਿਹਾਸ, ਸਾਹਿਤ ਅਤੇ ਵੱਖ-ਵੱਖ ਧਰਮਾਂ ਬਾਰੇ ਜਾਣਕਾਰੀ ਦਾ ਇਕ ਵੱਡਾ ਸਰੋਤ ਹਨ। ਪਰ ਹਾਲੇ ਵੀ ਇਸ ਖੇਤਰ ਵਿਚ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ ਤਾਂ ਜੋ ਇਹ ਸਹੀ ਮਾਅਨਿਆਂ ਵਿਚ ਦੇਸ਼ ਦੀ ਵਿਭਿੰਨਤਾ ਅਤੇ ਏਕਤਾ ਅਤੇ ਅਖੰਡਤਾ ਦਾ ਪ੍ਰਤੀਕ ਬਣ ਸਕੇ।***

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

# ਕੀ ਤੁਸੀਂ ਜਾਣਦੇ ਹੋ?

## ਈ-ਬੀਮਾ ਖਾਤਾ

ਈ ਆਈ ਏ ਦਾ ਮਤਲਬ ਹੈ ਈ-ਬੀਮਾ ਖਾਤਾ ਜਾਂ "ਇਲੈਕਟ੍ਰਾਨਿਕ ਬੀਮਾ ਖਾਤਾ"। ਈ-ਬੀਮਾ ਖਾਤੇ ਦਾ ਉਦੇਸ਼ ਖਾਤਾ ਧਾਰਕਾਂ ਦੇ ਬੀਮਾ ਪਾਲਿਸੀ ਦਸਤਾਵੇਜ਼ਾਂ ਨੂੰ ਇਲੈਕਟ੍ਰਾਨਿਕ ਰੂਪ ਵਿਚ ਸੁਰੱਖਿਅਤ ਕਰਨਾ ਹੈ। ਇੰਟਰਨੈੱਟ ਦੀ ਸਹਾਇਤਾ ਨਾਲ ਸਿਰਫ਼ ਇਕ ਬਟਨ ਦਬਾ ਕੇ ਖਾਤਾ ਧਾਰਕਾਂ ਦੇ ਬੀਮਾ ਵਿਵਰਣ ਤਕ ਪਹੁੰਚ ਕੀਤੀ ਜਾ ਸਕਦੀ ਹੈ। ਹਰੇਕ ਈ-ਬੀਮਾ ਖਾਤਾ ਧਾਰਕ ਨੂੰ ਇਕ ਵਿਲੱਖਣ ਖਾਤਾ ਨੰਬਰ ਦਿਤਾ ਜਾਂਦਾ ਹੈ। ਹਰੇਕ ਖਾਤਾ ਧਾਰਕ ਕੋਲ ਇਕ ਵਿਸ਼ੇਸ਼ ਲਾਗ ਇਨ ਕਰਨ ਵਾਲੀ ਆਈ ਡੀ ਅਤੇ ਗੁਪਤ ਕੋਡ ਹੁੰਦਾ ਹੈ ਤਾਂ ਕਿ ਉਹ ਆਪਣੀ ਇਲੈਕਟ੍ਰਾਨਿਕ ਪਾਲਿਸੀ ਨੂੰ ਆਨ ਲਾਈਨ ਵੇਖ ਸਕੇ। ਈ-ਬੀਮਾ ਖਾਤਾ ਫਾਰਮ ਭਰ ਕੇ, ਖਾਤਾ ਧਾਰਕ ਜਾਂ ਪਾਲਿਸੀ ਧਾਰਕ ਆਨ ਲਾਈਨ ਖਾਤਾ ਖੋਲ੍ਹ ਸਕਦਾ ਹੈ ਅਤੇ ਲੋੜੀਂਦੇ ਦਸਤਾਵੇਜ਼ ਜਿਵੇਂ ਫੋਟੋ ਪਛਾਣ ਪੱਤਰ, ਤਾਜ਼ਾ ਪਾਸਪੋਰਟ ਆਕਾਰ ਦੀ ਤਸਵੀਰ, ਰੱਦ ਕੀਤਾ ਚੈੱਕ ਤੇ ਰਿਹਾਇਸ਼ ਦਾ ਸਬੂਤ ਬੀਮਾ ਕੰਪਨੀ ਦੇ ਦਫ਼ਤਰ ਜਾਂ ਅਧਿਕਾਰਤ ਏਜੰਟ ਜਾਂ ਵਿਅਕਤੀ ਕੋਲ ਬਾਅਦ ਵਿਚ ਜਮ੍ਹਾਂ ਕਰਵਾਏ ਜਾ ਸਕਦੇ ਹਨ। ਹਾਲੇ ਤਕ ਪੰਜ ਸੰਸਥਾਵਾਂ ਨੂੰ ਆਈ ਆਰ ਡੀ ਏ ਵਲੋਂ 'ਬੀਮਾ ਕੋਸ਼' ਵਜੋਂ ਕੰਮ ਕਰਨ ਦੇ ਪ੍ਰਮਾਣ ਪੱਤਰ ਦਿਤੇ ਗਏ ਹਨ ਤਾਂ ਕਿ ਉਹ ਈ-ਬੀਮਾ ਖੋਲ੍ਹ ਸਕਣ। ਇਹ ਸੰਸਥਾਵਾਂ ਹਨ - 1) ਮੈਸਰਜ਼ ਐੱਨ ਐੱਸ ਡੀ ਐੱਲ ਡੇਟਾਬੇਸ ਮੈਨੇਜਮੈਂਟ ਲਿਮਿਟਡ, 2) ਮੈਸਰਜ਼ ਸੈਂਟਰਲ ਇੰਸ਼ੋਰੈਂਸ ਰਿਪੋਜ਼ਿਟਰੀ ਲਿਮਿਟਡ, 3) ਮੈਸਰਜ਼ ਐੱਸ ਐੱਚ ਸੀ ਆਈ ਐੱਲ ਪ੍ਰਾਜੈਕਟਸ ਲਿਮਿਟਡ, 4) ਮੈਸਰਜ਼ ਕਾਰਵੀ ਇੰਸ਼ੋਰੈਂਸ ਰਿਪੋਜ਼ਿਟਰੀ ਲਿਮਿਟਡ, ਅਤੇ 5) ਮੈਸਰਜ਼ ਸੀ ਏ ਐੱਮ ਐੱਸ ਰਿਪੋਜ਼ਿਟਰੀ ਸਰਵਿਸਿਜ਼ ਲਿਮਿਟਡ। ਈ-ਬੀਮਾ ਖਾਤਾ ਦਰਖ਼ਾਸਤ ਦੇਣ ਦੇ 7 ਦਿਨਾਂ ਦੇ ਅੰਦਰ ਖੋਲ੍ਹਿਆ ਜਾ ਸਕਦਾ ਹੈ ਜੋ ਹਰ ਪੱਖੋਂ ਮੁਕੰਮਲ ਹੋਵੇ। ਜਦੋਂ ਖਾਤਾ ਖੁੱਲ੍ਹ ਜਾਂਦਾ ਹੈ ਤਾਂ ਈ-ਖਾਤਾ ਧਾਰਕ ਨੂੰ ਇਕ ਸਵਾਗਤ ਕਿਟ ਭੇਜੀ ਜਾਂਦੀ ਹੈ ਜਿਸ ਵਿਚ ਨਵੇਂ ਖੋਲ੍ਹੇ ਗਏ ਖਾਤੇ ਨੂੰ ਸੰਚਾਲਿਤ ਕਰਨ ਦੇ ਸਾਰੇ ਢੰਗ-ਤਰੀਕੇ ਦੱਸੇ ਹੁੰਦੇ ਹਨ।

ਇਲੈਕਟ੍ਰਾਨਿਕ ਬੀਮਾ ਖਾਤਾ ਬਹੁਤ ਸਾਰੇ ਫ਼ਾਇਦੇ ਪੇਸ਼ ਕਰਦਾ ਹੈ, ਜਿਵੇਂ ਕਿ ਬੀਮਾ ਪਾਲਿਸੀਆਂ ਦਾ ਇਲੈਕਟ੍ਰਾਨਿਕ ਰੂਪ ਵਿਚ ਹੋਣਾ, ਮਿਸਾਲ ਲਈ, ਨਵਾਂ ਖਾਤਾ ਖੋਲ੍ਹਣ ਦਾ ਕੋਈ ਪੈਸਾ ਨਹੀਂ ਲਗਦਾ, ਇਸ ਕਰਕੇ ਕੰਮ ਮੁਫ਼ਤ ਹੋ ਜਾਂਦਾ ਹੈ। ਗੁਆਚਣ ਦਾ, ਖਰਾਬ ਹੋਣ ਦਾ ਜਾਂ ਪਾਲਿਸੀ ਦੇ ਫਟਣ ਆਦਿ ਦਾ ਕੋਈ ਡਰ ਨਹੀਂ ਹੁੰਦਾ ਜਿਵੇਂ ਕਿ ਕਾਗਜ਼ ਵਾਲੀਆਂ ਪਾਲਿਸੀਆਂ ਵਿਚ ਹੁੰਦਾ ਹੈ। ਇਲੈਕਟ੍ਰਾਨਿਟਕ ਰੂਪ ਵਿਚ ਬੀਮਾ ਪਾਲਿਸੀਆਂ ਇਕ ਸੁਰੱਖਿਅਤ ਟਿਕਾਣਾ ਅਤੇ ਵੇਖਣ ਦੀ ਸੌਖ ਵੀ ਦਿੰਦੀਆਂ ਹਨ ਜਿਵੇਂ ਵੀ ਅਤੇ ਜਦੋਂ ਵੀ ਅਸੀਂ ਚਾਹੁੰਦੇ ਹਾਂ। ਈ-ਬੀਮਾ ਖਾਤੇ ਵਿਚ ਲਾਗ ਆਨ ਕਰਕੇ ਪਾਲਿਸੀ ਦੀ ਕਾਪੀ ਕਦੇ ਵੀ ਡਾਊਨਲੋਡ ਕੀਤੀ ਜਾ ਸਕਦੀ ਹੈ। ਜੀਵਨ, ਪੈਨਸ਼ਨ, ਸਿਹਤ, ਆਮ ਅਤੇ ਸਾਲਾਨਾ ਪਾਲਿਸੀਆਂ (ਜੋ ਆਈ ਆਰ ਡੀ ਏ ਨਾਲ ਪੰਜੀਕ੍ਰਿਤ ਕੰਪਨੀਆਂ ਵਲੋਂ ਜਾਰੀ ਕੀਤੀਆਂ ਜਾਂਦੀਆਂ ਹਨ), ਇਨ੍ਹਾਂ ਸਭ ਨੂੰ ਇਕ ਹੀ ਈ-ਬੀਮਾ ਖਾਤੇ ਵਿਚ ਰੱਖਿਆ ਜਾ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਸਾਰੀਆਂ ਪਾਲਿਸੀਆਂ ਦੇ ਵੇਰਵੇ ਇਕੋ ਹੀ ਖਾਤੇ ਵਿਚ ਵੇਖੇ ਜਾ ਸਕਦੇ ਹਨ। ਕੇ ਵਾਈ ਸੀ ਦਸਤਾਵੇਜ਼ ਵੀ ਦੁਬਾਰਾ ਦੇਣ ਦੀ ਲੋੜ ਨਹੀਂ ਪੈਂਦੀ ਜਦੋਂ ਕੋਈ ਨਵੀਂ ਪਾਲਿਸੀ ਖਰੀਦੀਏ ਕਿਉਂਕਿ ਇਹ ਸਾਰੇ ਦਸਤਾਵੇਜ਼ ਈ ਖਾਤਾ ਖੋਲ੍ਹਣ ਵੇਲੇ ਪਹਿਲਾਂ ਹੀ ਦਿਤੇ ਜਾ ਚੁੱਕੇ ਹਨ।

## *ਵਿਕਾਸ ਦਾ ਖਾਕਾ*

### *ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਲਈ ਡਿਜ਼ੀਟਲ ਜੀਵਨ ਪ੍ਰਮਾਣ ਪੱਤਰ*

'ਜੀਵਨ ਪ੍ਰਮਾਣ' - ਜੋ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਲਈ ਆਧਾਰ ਕਾਰਡ 'ਤੇ ਆਧਾਰਿਤ ਡਿਜ਼ੀਟਲ ਜੀਵਨ ਪ੍ਰਮਾਣ ਪੱਤਰ ਹੈ, ਜੋ ਸਿੱਧੇ ਤੌਰ ਤੇ ਇਕ ਕਰੋੜ ਤੋਂ ਵੱਧ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਨੂੰ ਲਾਭਕਾਰੀ ਹੋ ਸਕਦਾ ਹੈ, ਹਾਲ ਹੀ ਵਿਚ ਜਾਰੀ ਕੀਤਾ ਗਿਆ ਪ੍ਰਸਤਾਵਿਤ ਡਿਜ਼ੀਟਲ ਪ੍ਰਮਾਣ ਪੱਤਰ ਪੈਨਸ਼ਨ ਧਾਰਕਾਂ ਲਈ ਹਰ ਸਾਲ ਨਵੰਬਰ ਮਹੀਨੇ ਆਪ ਪੇਸ਼ ਹੋ ਕੇ ਜੀਵਨ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਦੇ ਝੰਜਟ ਤੋਂ ਛੁਟਕਾਰਾ ਦਿਵਾ ਸਕੇਗਾ ਤਾਂ ਜੋ ਉਸ ਦੇ ਖਾਤੇ ਵਿਚ ਪੈਨਸ਼ਨ ਲਗਾਤਾਰ ਆਉਂਦੀ ਰਹੇ। ਇਲੈਕਟ੍ਰਾਨਿਕ ਅਤੇ ਸੂਚਨਾ ਤਕਨੀਕ ਵਿਭਾਗ ਵਲੋਂ ਇਕ ਸਾਫਟਵੇਅਰ ਵਿਕਸਤ ਕੀਤਾ ਗਿਆ ਹੈ ਜੋ ਬਾਇਓਮੈਟ੍ਰਿਕ ਯੰਤਰ ਮੋਬਾਈਲ ਜਾਂ ਕੰਪਿਊਟਰ ਨਾਲ ਜੋੜ ਕੇ ਪੈਨਸ਼ਨਰ ਦਾ ਆਧਾਰ ਨੰਬਰ ਅਤੇ ਬਾਇਓਮੈਟ੍ਰਿਕ ਵੇਰਵੇ ਦਰਜ ਕਰ ਸਕੇਗਾ। ਪੈਨਸ਼ਨਰ ਦੇ ਪ੍ਰਮੁੱਖ ਵੇਰਵੇ, ਜਿਵੇਂ ਤਾਰੀਕ, ਸਮਾਂ ਅਤੇ ਬਾਇਓਮੈਟ੍ਰਿਕ ਜਾਣਕਾਰੀ ਸਦਾ ਵਾਸਤੇ ਇਕ ਕੇਂਦਰੀ ਡੇਟਾਬੇਸ ਵਿਚ ਦਰਜ ਹੋ ਜਾਵੇਗੀ, ਜਿਸ ਨਾਲ ਪੈਨਸ਼ਨ ਵੰਡਣ ਵਾਲੀ ਏਜੰਸੀ ਡਿਜ਼ੀਟਲ ਜੀਵਨ ਪ੍ਰਮਾਣ ਪੱਤਰ ਨੂੰ ਵੇਖ ਸਕੇਗੀ। ਇਹ ਪੱਕੇ ਤੌਰ ਤੇ ਸਥਾਪਤ ਕਰ ਦੇਵੇਗੀ ਕਿ ਪੜਤਾਲ ਕਰਨ ਦੇ ਸਮੇਂ ਪੈਨਸ਼ਨ ਪ੍ਰਾਪਤ ਕਰਦਾ ਜਿਉਂਦਾ ਸੀ। ਪਹਿਲਾਂ ਲੋੜ ਹੁੰਦੀ ਸੀ ਕਿ ਪੈਨਸ਼ਨਰ ਜਾਂ ਤਾਂ ਆਪ ਪੈਨਸ਼ਨ ਵੰਡਣ ਵਾਲੀ ਏਜੰਸੀ ਅੱਗੇ ਪੇਸ਼ ਹੋਵੇ ਜਾਂ ਸੈਂਟਰਲ ਪੈਨਸ਼ਨ ਅਕਾਊਂਟਿੰਗ ਆਫ਼ਿਸ (ਸੀ ਪੀ ਏ ਓ) ਵਲੋਂ ਅਧਿਕਾਰਤ ਏਜੰਸੀ ਨੂੰ ਜੀਵਨ ਪ੍ਰਮਾਣ ਪੱਤਰ ਪੇਸ਼ ਕਰੇ।

ਇਸ ਸਮੇਂ, 50 ਲੱਖ ਵਿਅਕਤੀ ਇਕੱਲੀ ਕੇਂਦਰੀ ਸਰਕਾਰ ਤੋਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇੰਨੀ ਹੀ ਸੰਖਿਆ ਵਿਚ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਤੋਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਹਨ। ਅਨੇਕ ਜਨਤਕ ਖੇਤਰ ਦੇ ਸੰਸਥਾਨ ਵੀ ਪੈਨਸ਼ਨ ਦੇ ਫ਼ਾਇਦੇ ਦਿੰਦੇ ਹਨ। ਲਗਭਗ 25 ਲੱਖ ਤੋਂ ਵੱਧ ਵਿਅਕਤੀ ਹਥਿਆਰਬੰਦ ਸੈਨਾਵਾਂ ਤੋਂ ਪੈਨਸ਼ਨ ਪ੍ਰਾਪਤ ਕਰਦੇ ਹਨ। ਆਧਾਰ ਕਾਰਡ ਆਧਾਰਿਤ ਡਿਜ਼ੀਟਲ ਜੀਵਨ ਪ੍ਰਮਾਣ ਪੱਤਰ ਉਨ੍ਹਾਂ ਸਾਰੀਆਂ ਮੁਸ਼ਕਿਲਾਂ ਦਾ ਅੰਤ ਕਰ ਦੇਵੇਗਾ ਜੋ ਦੂਰ ਦੁਰਾਡੇ ਵਸਦੇ ਬਜ਼ੁਰਗ ਨਾਗਰਿਕਾਂ ਨੂੰ ਹਰ ਸਾਲ ਜੀਵਨ ਪ੍ਰਮਾਣ ਪੱਤਰ ਪੇਸ਼ ਕਰਨ ਮੌਕੇ ਝੱਲਣੀਆਂ ਪੈਂਦੀਆਂ ਹਨ।

ਇਹ ਸਾਫਟਵੇਅਰ ਪ੍ਰਣਾਲੀ ਬਿਨਾਂ ਕਿਸੇ ਕੀਮਤ ਦੇ, ਪੈਨਸ਼ਨਰਾਂ ਅਤੇ ਦੂਜੀਆਂ ਧਿਰਾਂ ਨੂੰ ਵੱਡੇ ਪੱਧਰ 'ਤੇ ਮੁਹੱਈਆ ਕਰਵਾਈ ਜਾਵੇਗੀ। ਇਸ ਨੂੰ ਸਸਤੇ ਜਿਹੇ ਬਾਇਓਮੈਟ੍ਰਿਕ ਯੰਤਰ ਨਾਲ ਨਿੱਜੀ ਕੰਪਿਊਟਰ ਜਾਂ ਸਮਾਰਟਫ਼ੋਨ 'ਤੇ ਵੀ ਚਲਾਇਆ ਜਾ ਸਕੇਗਾ। ਇਹ ਸਹੂਲਤ ਆਮ ਸੇਵਾ ਕੇਂਦਰਾਂ 'ਤੇ ਵੀ ਮੁਹੱਈਆ ਕਰਵਾਈ ਜਾਵੇਗੀ ਜਿਸ ਨੂੰ ਰਾਸ਼ਟਰੀ ਈ-ਗਵਰਨੈਂਸ ਯੋਜਨਾ ਤਹਿਤ, ਦੂਰ-ਦੁਰਾਡੇ ਵਸਦੇ ਪੈਨਸ਼ਨ ਧਾਰਕ ਦੀ ਸਹੂਲਤ ਲਈ

ਚਲਾਇਆ ਜਾਵੇਗਾ।

**'ਮੇਕ ਇੰਨ ਇੰਡੀਆ' ਪ੍ਰੋਗਰਾਮ ਤਹਿਤ 12 ਵਿਕਸਤ ਸਿਖਲਾਈ ਸੰਸਥਾਨ ਸਥਾਪਿਤ ਕੀਤੇ ਜਾਣਗੇ**

ਰੁਜ਼ਗਾਰ ਤੇ ਸਿਖਲਾਈ ਦਾ ਨਿਰਦੇਸ਼ਾਲਾ, ਕਿਰਤ ਅਤੇ ਰੁਜ਼ਗਾਰ ਮੰਤਰਾਲਾ, ਦੇਸ਼ ਦੇ ਵੱਖ-ਵੱਖ ਥਾਵਾਂ 'ਤੇ 12 ਵਿਕਸਤ ਸਿਖਲਾਈ ਸੰਸਥਾਨ ਖੋਲ੍ਹਣ ਦਾ ਪ੍ਰਸਤਾਵ ਰੱਖਦਾ ਹੈ। ਇਸ ਪ੍ਰਾਜੈਕਟ ਦੀ ਕੁੱਲ ਲਾਗਤ 200 ਕਰੋੜ ਰੁਪਏ ਤੋਂ ਵੱਧ ਹੋਵੇਗੀ। ਇਹ ਨਿਰਦੇਸ਼ਾਲਾ ਵਜੋਂ ਕ੍ਰਾਫਟ ਇੰਸਟ੍ਰਕਟਰ ਟ੍ਰੇਨਿੰਗ ਸਕੀਮ ਰਹਿਤ ਮੋਹਰੀ ਦੌਰ ਹੋਵੇਗਾ। ਜਿਸ ਨੂੰ ਜਨਤਕ-ਨਿੱਜੀ ਭਾਈਵਾਲੀ ਤਹਿਤ ਲਾਗੂ ਕੀਤਾ ਜਾਵੇਗਾ, ਜਿਸ ਦਾ ਉਦੇਸ਼ ਸ਼ੁਰੂ ਵਿਚ 9200 ਕਿੱਤਾ ਇੰਸਟ੍ਰਕਟਰਾਂ ਨੂੰ ਸਿਖਲਾਈ ਦੇਣਾ ਹੋਵੇਗਾ। ਇਹ ਕੋਸ਼ਿਸ਼ 'ਮੇਕ ਇਨ ਇੰਡੀਆ' ਪ੍ਰੋਗਰਾਮ ਦਾ ਹਿੱਸਾ ਹੈ ਜਿਸ ਦਾ ਜ਼ਿਆਦਾ ਜ਼ੋਰ ਹੁਨਰ ਦੇ ਵਿਕਾਸ 'ਤੇ ਹੈ।

ਕਿੱਤਾ ਸਿਖਲਾਈਕਾਰਾਂ ਦੀ ਲੋੜ ਨੂੰ ਹੱਲ ਕਰਨ ਲਈ, ਡੀ ਜੀ ਈ ਅਤੇ ਟੀ ਨੇ 27 ਐਡਵਾਂਸ ਟ੍ਰੇਨਿੰਗ ਇੰਸਟੀਚਿਊਟ ਸਿਖਲਾਈਕਾਰਾਂ ਨੂੰ ਸਿਖਲਾਈ ਦੇਣ ਵਾਸਤੇ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ। ਡੀ ਜੀ ਈ ਐਂਡ ਟੀ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਇਨ੍ਹਾਂ ਸੰਸਥਾਨਾਂ ਨੂੰ ਵਿਕਸਤ ਕਰਨ ਲਈ ਜਨਤਕ-ਨਿੱਜੀ ਭਾਈਵਾਲੀ ਦੇ ਮਾਡਲ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਿਆ ਜਾਵੇ। ਡੀ ਜੀ ਈ ਐਂਡ ਟੀ ਭਾਰਤ ਵਿਚ ਕਿੱਤਾਮੁਖੀ ਸਿਖਲਾਈ ਦੇ ਵਿਕਾਸ ਅਤੇ ਤਾਲਮੇਲ ਲਈ ਸਿਖਰਲਾ ਸੰਗਠਨ ਹੈ।

## ਬਾਲ ਸਵੱਛਤਾ ਮਿਸ਼ਨ ਸ਼ੁਰੂ

ਰਾਸ਼ਟਰੀ ਬਾਲ ਸਵੱਛਤਾ ਮਿਸ਼ਨ ਹਾਲ ਹੀ ਵਿਚ ਨਵੀਂ ਦਿੱਲੀ ਵਿਚ ਸ਼ੁਰੂ ਕੀਤਾ ਗਿਆ ਹੈ। ਬਾਲ ਸਵੱਛਤਾ ਮਿਸ਼ਨ ਦੇਸ਼ ਭਰ ਵਿਚ ਚਲਾਏ ਜਾ ਰਹੇ ਸਵੱਛਤਾ ਦੇ ਉੱਦਮ ਦਾ ਇਕ ਹਿੱਸਾ ਹੈ ਜੋ ਪ੍ਰਧਾਨ ਮੰਤਰੀ ਵਲੋਂ 2 ਅਕਤੂਬਰ 2014 ਨੂੰ ਆਰੰਭ ਕੀਤਾ ਗਿਆ ਸੀ। ਦੇਸ਼ ਭਰ ਵਿਚ ਬਾਲ ਸਵੱਛਤਾ ਮਿਸ਼ਨ ਦੀਆਂ ਹੇਠ ਲਿਖੀਆਂ ਛੇ ਵਿਸ਼ੇਸ਼ਤਾਵਾਂ ਹੋਣਗੀਆਂ :

1) ਸਾਫ਼ ਆਂਗਨਵਾੜੀਆਂ, 2) ਸਾਫ਼-ਸੁਥਰਾ ਆਲਾ-ਦੁਆਲਾ, ਜਿਵੇਂ ਖੇਡ ਦੇ ਮੈਦਾਨ, 3) ਆਪਣਾ ਆਪ ਸਾਫ਼-ਸੁਥਰਾ ਰੱਖਣਾ (ਨਿੱਜੀ ਸਫ਼ਾਈ/ ਬੱਚਿਆਂ ਦੀ ਸਫ਼ਾਈ), 4) ਸਾਫ਼ ਭੋਜਨ, 5) ਸਾਫ਼ ਪੀਣ ਵਾਲਾ ਪਾਣੀ, 6) ਸਾਫ਼ ਪਖ਼ਾਨੇ।

ਵੱਖ-ਵੱਖ ਰਾਜਾਂ ਦੇ ਇਸਤਰੀ ਅਤੇ ਬਾਲ ਵਿਕਾਸ ਵਿਭਾਗਾਂ ਨੂੰ ਸਕੂਲ ਸਿੱਖਿਆ ਵਿਭਾਗ, ਸ਼ਹਿਰੀ ਵਿਕਾਸ, ਪੀਣ ਵਾਲਾ ਪਾਣੀ ਅਤੇ ਸਾਫ਼ ਸਫ਼ਾਈ ਅਤੇ ਸੂਚਨਾ ਅਤੇ ਇਸ਼ਤਿਹਾਰਬਾਜ਼ੀ ਵਿਭਾਗਾਂ ਦੀ ਮਦਦ ਨਾਲ ਬਾਲ ਸਵੱਛਤਾ ਮਿਸ਼ਨ ਨੂੰ ਲਾਗੂ ਕਰਨ ਲਈ ਆਖਿਆ ਗਿਆ ਹੈ।❑❑

*ਸਫ਼ਾ 41 ਦੀ ਬਾਕੀ*

ਤਕਨੀਕੀ ਬਦਲਾਅ ਵੱਲ ਇਕ ਸਜੀਵ ਅਤੇ ਕਾਰਗਰ ਪ੍ਰਤਿਬੱਧਤਾ ਦੀ ਲੋੜ ਹੈ। ਕੀਜ਼ਰ (2002) ਨੇ ਖੋਜ ਤੋਂ ਪ੍ਰਾਪਤ ਕੀਤਾ ਕਿ ਤਿੰਨ ਮੁੱਖ ਮੁੱਦੇ ਹਨ ਜੋ ਕਿਸੇ ਵੀ ਅਦਾਰੇ ਵਿਚ ਨਵੀਨ ਖੋਜਾਂ ਲਿਆਉਣ ਲਈ ਜ਼ਿੰਮੇਵਾਰ ਹੁੰਦੇ ਹਨ ਅਤੇ ਉਹ ਹਨ ਨਵੀਆਂ ਖੋਜਾਂ ਲਈ ਸਬਸਿਡੀ ਦੇਣਾ, ਗਿਆਨ ਕੇਂਦਰਾਂ ਨਾਲ ਜੋੜਮੇਲ ਅਤੇ ਖੋਜ ਅਤੇ ਵਿਕਾਸ ਕੇਂਦਰ ਵਿਚ ਕੁਝ ਪ੍ਰਤਿਸ਼ਤ ਯੋਗਦਾਨ।

ਕੌਣ ਕਹਿੰਦਾ ਹੈ ਕਿ ਭਾਰਤ ਕਾਢਕਾਰ ਨਹੀਂ ਹੈ? ਸ਼ਾਇਦ ਸੰਯੁਕਤ ਭਾਰਤ ਜਿਸ ਵਿਚ ਉਹ ਸਾਰੇ ਖੇਤਰ ਸ਼ਾਮਿਲ ਹਨ ਜੋ ਕੋਈ ਸੋਚ ਸਕਦਾ ਹੈ, ਭਾਰਤ ਨੂੰ ਇਕ ਵਿਕਸਤ ਅਰਥਵਿਵਸਥਾ ਬਣਾਉਣ ਵਿਚ ਮਦਦ ਕਰ ਰਹੇ ਹਨ ਜਿਥੇ ਖ਼ੁਦਮੁਖਤਿਆਰੀ ਅਤੇ ਇਕ ਦੂਸਰੇ ਵੱਲ ਆਦਰ ਸਤਿਕਾਰ ਦਾ ਬੋਲਬਾਲਾ ਹੋਵੇਗਾ। ਕੁਝ ਇਕੱਲੇ ਹੀ ਇਸ ਕੋਸ਼ਿਸ਼ ਵਿਚ ਲੱਗੇ ਹੋਏ ਹਨ ਅਤੇ ਕੁਝ ਹੋਰ ਦੂਸਰਿਆਂ ਨਾਲ ਮਿਲ ਕੇ। ਭਾਰਤ ਕਿਸੇ ਵੀ ਖੇਤਰ ਵਿਚ ਹੁਣ ਇਕ ਮੰਨਿਆ ਹੋਇਆ ਵਿਸ਼ਵ-ਖਿਡਾਰੀ ਬਣ ਚੁੱਕਾ ਹੈ। ਭਾਵੇਂ ਇਹ ਸਿੱਖਿਆ (ਤਕਨੀਕੀ ਜਾਂ ਪੇਸ਼ਾਵਰ ਹੋਵੇ), ਦਵਾਈਆਂ, ਮੈਡੀਕਲ ਸੇਵਾਵਾਂ ਦਾ ਪ੍ਰਬੰਧਨ, ਖੇਤੀਬਾੜੀ, ਹਰਾ ਇਨਕਲਾਬ, ਦੂਰਸੰਚਾਰ, ਸੂਚਨਾ ਤਕਨਾਲੋਜੀ ਸੇਵਾਵਾਂ, ਪੁਲਾੜ ਵਿਗਿਆਨ, ਪ੍ਰਮਾਣੂ ਵਿਗਿਆਨ ਅਤੇ ਉਸ ਦੀ ਪ੍ਰਸੰਗਕਤਾ, ਤਾਪ, ਪਣ, ਗੈਸ ਅਤੇ ਉਨ੍ਹਾਂ ਨਾਲ ਮਿਲਦੇ ਹੋਰ ਬਿਜਲੀ ਉਤਪਾਦਨ ਸਰੋਤ, ਤੇਲ ਅਤੇ ਕੁਦਰਤੀ ਗੈਸ ਭੰਡਾਰਾਂ ਦੀ ਖੋਜ, ਸਾਫ਼ਟਵੇਅਰ ਅਤੇ ਹਾਰਡਵੇਅਰ ਉਦਯੋਗ, ਬੈਂਕਿੰਗ ਅਤੇ ਹੋਰ ਵਿੱਤੀ ਸੇਵਾਵਾਂ, ਰੇਲਵੇ ਅਤੇ ਹੋਰ ਆਵਾਜਾਈ ਦੇ ਖੇਤਰ ਜਿਵੇਂ ਕਿ ਮੈਟਰੋ ਰੇਲ, ਬੁਨਿਆਦੀ ਢਾਂਚਾ ਵਿਕਾਸ, ਪ੍ਰਾਜੈਕਟ ਪ੍ਰਬੰਧਨ, ਸਮੁੰਦਰੀ ਜਹਾਜ਼ਰਾਨੀ ਅਤੇ ਬੰਦਰਗਾਹਾਂ ਦਾ ਪ੍ਰਬੰਧਨ, ਜੈਨੇਟਿਕਸ, ਜੈਵਿਕ ਦਵਾਈਆਂ ਅਤੇ ਇੰਜੀਨੀਅਰਿੰਗ, ਭਾਰੀ ਇੰਜੀਨੀਅਰਿੰਗ, ਪੈਟਰੋਲੀਅਮ ਅਤੇ ਪੈਟਰੋਕੈਮੀਕਲਜ਼, ਉਪਭੋਗਤਾ ਵਸਤਾਂ, ਦਵਾਈ ਖੋਜ, ਟੌਕਸੀਕੋਲੋਜੀਕਲ ਖੋਜ, ਭੂ-ਵਿਗਿਆਨ ਖੋਜ, ਪੌਦਿਆਂ ਦੀ ਖੋਜ, ਬੁਨਿਆਦੀ ਵਿਗਿਆਨਾਂ ਵਿਚ ਅਤੇ ਕਈ ਹੋਰ ਖੇਤਰਾਂ ਜਿਵੇਂ ਕਿ ਰੱਖਿਆ ਖੇਤਰ (ਥਲ ਸੈਨਾ, ਸਮੁੰਦਰੀ ਸੈਨਾ ਅਤੇ ਹਵਾਈ ਸੈਨਾ) ਵਿਚ ਨਵੇਂ ਖੋਜ ਅਤੇ ਉਸ ਦਾ ਲਾਗੂਕਰਨ ਆਦਿ ਭਾਰਤ ਦੇ ਆਪਣੇ ਡੋਮੇਨ ਵਿਚ ਸ਼ਾਨਦਾਰ ਕਾਮਯਾਬੀ ਦੀਆਂ ਜਿਉਂਦੀਆਂ ਜਾਗਦੀਆਂ ਉਦਾਹਰਣਾਂ ਹਨ ਜਿਨ੍ਹਾਂ ਲਈ ਸਮੁੱਚੇ ਤੌਰ ਤੇ 'ਭਾਰਤ ਵਿਚ ਦੁਨੀਆਂ ਦੇ ਮੁਕਾਬਲੇ ਦੀ ਕਿਸਮ' ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।

ਅੱਜ ਭਾਰਤ ਵਿਚ, ਹਰ ਕੋਈ ਇਹ ਮਹਿਸੂਸ ਕਰ ਸਕਦਾ ਹੈ ਕਿ ਨਵੀਆਂ ਕਾਢਾਂ ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਵਿਚ ਵੀ ਫ਼ੈਲ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਕੁਝ ਉਹ ਖੇਤਰ ਹਨ ਜੋ ਉਪਰ ਦਿਤੇ ਗਏ ਹਨ ਅਤੇ ਵਸਤੂ, ਪ੍ਰਕਿਰਿਆ ਜਾਂ ਸੇਵਾ ਖੇਤਰ ਵਿਚ ਨਵੀਆਂ ਕਾਢਾਂ ਹਨ। ਅਸਲ ਵਿਚ, ਭਾਰਤ ਦੀ ਖੇਤਰੀ ਸਥਿਤੀ ਨੇ ਆਪਣੀਆਂ ਕਾਢਾਂ ਦੇ ਸਿਲਸਿਲੇ ਦਾ ਪਸਾਰ ਵਧੇਰੇ ਖੇਤਰਾਂ ਵਿਚ ਕਰਨ ਲਈ ਮਜਬੂਰ ਕੀਤਾ ਹੈ ਜਾਂ ਫਿਰ ਬਣੇ ਰਹਿਣ ਦੇ ਸਿਧਾਂਤ ਨੇ ਕਈ ਖੇਤਰਾਂ ਦੀ ਹੋਂਦ ਨੂੰ ਚੁਨੌਤੀ ਦਿਤੀ ਹੈ। ਇਸ ਲਈ ਰਾਸ਼ਟਰ, ਖ਼ਾਸ ਕਰਕੇ ਭਾਰਤ ਨੂੰ ਇਕ ਸਕਾਰਾਤਮਕ ਵਪਾਰਕ ਮਾਹੌਲ ਅਤੇ ਨਵੀਆਂ ਕਾਢਾਂ ਦਾ ਹਿਮਾਇਤੀ ਸਭਿਆਚਾਰ ਤਿਆਰ ਕਰਨਾ ਪਵੇਗਾ ਜੋ ਅਜੋਕੇ ਉੱਦਮੀਆਂ ਅਤੇ ਅਦਾਰਿਆਂ ਲਈ ਨਵੀਆਂ ਕਾਢਾਂ ਕੱਢ ਸਕੇ ਜੋ ਵਧੇਰੇ ਰੁਜ਼ਗਾਰ ਦੇ ਮੌਕੇ, ਧਨ-ਦੌਲਤ ਦੀ ਉਤਪਤੀ ਅਤੇ ਦੇਸ਼ ਦੇ ਸਮਾਜਿਕ ਆਰਥਿਕ ਵਿਕਾਸ ਲਈ ਜ਼ਿੰਮੇਵਾਰ ਹੋਣਗੇ।

*(ਲੇਖਕ ਕ੍ਰਮਵਾਰ ਉੱਦਮਸ਼ੀਲਤਾ ਦੇ ਪ੍ਰੋਫ਼ੈਸਰ, ਵਿਤੀ ਅਰਥ-ਸ਼ਾਸਤਰੀ ਅਤੇ ਉੱਦਮਸ਼ੀਲਤਾ ਦੀ ਪ੍ਰੋਫ਼ੈਸਰ ਤੇ ਉਪ ਕੁਲਪਤੀ ਐਮਿਟੀ ਯੂਨੀਵਰਸਿਟੀ, ਉੱਤਰ ਪ੍ਰਦੇਸ਼ ਹਨ।)*

*e-mail :maoj.joshi.m@gmail.com*

*: mailz2apoorva@gmailcom*

*: bshukla@amity.edu*

## ਪੁਸਤਕ ਪੜਚੋਲ

**ਪੁਸਤਕ : ਕਗ਼ਜ਼ ਕਲਮ ਤੇ ਚਿੱਤਰ (ਰੇਖਾ ਚਿੱਤਰ)**
**ਲੇਖਕ : ਬਚਿੰਤ ਕੌਰ**
**ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6**
**ਪੰਨੇ : 152, ਮੁੱਲ : 400 ਰੁਪਏ**

ਪ੍ਰਸਿੱਧ ਪੰਜਾਬੀ ਗਲਪਕਾਰ ਤੇ ਸਵੈਜੀਵਨੀਕਾਰ ਬਚਿੰਤ ਕੌਰ ਆਪਣੀ ਚੜ੍ਹਦੀ ਉਮਰ ਵਿਚ ਹੀ ਸਾਹਿਤ ਸੰਬੰਧੀ ਸੋਚ-ਸਮਝ ਬਣਾਉਣ ਲੱਗ ਪਈ ਸੀ। ਉਸ ਨੂੰ ਲਿਖਣ ਦੇ ਫੁਰਨੇ ਫੁਰਦੇ । ਉਸ ਨੇ ਆਪਣੀ ਰਚਨਾਤਮਕ ਪਹਿਲ ਕਾਵਿ-ਸਿਰਜਣਾ ਨਾਲ ਸ਼ੁਰੂ ਕੀਤੀ। ਉਪਰੰਤ ਉਸ ਨੇ ਕਹਾਣੀ ਲੇਖਣ ਵਲ ਆਪਣਾ ਰੁਝਾਨ ਕੀਤਾ ਜਿਸ ਸਦਕਾ ਉਹ ਸਾਹਿਤਕ ਹਲਕਿਆਂ ਵਿਚ ਬਤੌਰ ਚਰਚਿਤ ਕਹਾਣੀਕਾਰ ਵਜੋਂ ਉੱਭਰੀ। ਸਿੱਟੇ ਵਜੋਂ, 1972 ਵਿਚ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਮੰਜ਼ਿਲ' ਨਾਂ ਹੇਠ ਛਪਿਆ। ਉਸ ਦੀ ਨਾਰੀਵਾਦੀ ਵੇਦਨਾ-ਸੰਵੇਦਨਾ ਦੀ ਦ੍ਰਿਸ਼ਟੀ ਨੂੰ ਆਲੋਚਕਾਂ ਨੇ ਨਵੇਕਲੇ ਜ਼ਾਵੀਏ ਤੋਂ ਪਰਖਿਆ ਜਿਸ ਨਾਲ ਉਸ ਦਾ ਹੌਸਲਾ ਬੁਲੰਦ ਹੋਇਆ। ਇਸ ਤੋਂ ਪ੍ਰੇਰਿਤ ਹੋ ਕੇ ਉਹ ਸਾਹਿਤ ਨੂੰ ਸਮਰਪਿਤ ਹੋ ਗਈ। ਕੁਝ ਹੀ ਵਰ੍ਹਿਆਂ ਵਿਚ ਉਸ ਦੇ 9 ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਗਏ ਤੇ ਉਸ ਦੀ ਗੂੜ੍ਹੀ ਪਛਾਣ ਪੰਜਾਬੀ ਦੀ ਪ੍ਰਤਿਨਿਧ ਕਹਾਣੀਕਾਰ ਵਜੋਂ ਸਥਾਪਤ ਹੋ ਗਈ।

ਬਚਿੰਤ ਕੌਰ ਦੇ ਸਾਹਿਤਕ ਸਫ਼ਰ ਯਾਨਿ ਉਹਦੇ ਪੈੱਨ ਦੀ ਸਿਆਹੀ ਨੇ ਹੋਰ ਮੀਲ-ਪੱਥਰ ਗੱਡੇ। ਉਦਾਹਰਣ ਵਜੋਂ, ਜਦੋਂ ਉਸ ਦੀ ਸਵੈ-ਜੀਵਨੀ 'ਪਗਡੰਡੀਆਂ' ਲੋਕਾਂ ਦੇ ਹੱਥਾਂ ਵਿਚ ਪਹੁੰਚੀ ਤਾਂ ਉਹਦੇ ਪਾਠਕਾਂ ਦੀਆਂ ਬੇਸ਼ੁਮਾਰ ਚਿੱਠੀਆਂ, ਅਕਾਦਮਿਕ ਅਦਾਰਿਆਂ ਵਿਚ ਹਾਂ-ਮੁਖੀ ਆਲੋਚਨਾਤਮਕ ਚਰਚੇ ਅਤੇ ਆਮ ਪਾਠਕਾਂ ਨੇ ਭਰਪੂਰ ਸ਼ਲਾਘਾ ਕੀਤੀ। ਨਤੀਜੇ ਵਜੋਂ, 'ਪਗਡੰਡੀਆਂ' ਦੇ ਅਨੁਵਾਦ ਕਈ ਭਾਰਤੀ ਭਾਸ਼ਾਵਾਂ ਸਮੇਤ ਅੰਗਰੇਜ਼ੀ ਤੇ ਯੂਗੋਸਲਾਵ ਭਾਸ਼ਾ ਵਿਚ ਪ੍ਰਕਾਸ਼ਿਤ ਹੋਏ। ਉਸ ਦੀ ਬਤੌਰ ਸਾਹਿਤਕਾਰ ਵਿਲੱਖਣ ਪਛਾਣ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਬਣੀ। ਇਸ ਸਭ ਕਾਸੇ ਦੇ ਨਾਲ-ਨਾਲ ਬਚਿੰਤ ਕੌਰ ਨੇ ਦੋ ਨਾਵਲ, ਨਾਟਕ, ਅੱਧੀ ਦਰਜਨ ਬਾਲ ਸਾਹਿਤ ਪੁਸਤਕਾਂ, ਡਾਇਰੀ, ਸਫ਼ਰਨਾਮਾ, ਦੋ ਕਾਵਿ-ਸੰਗ੍ਰਹਿ, ਤਿੰਨ ਨਾਵਲ ਆਦਿ ਰਾਹੀਂ ਰੌਚਕ ਸ਼ੈਲੀ ਨਾਲ ਪੰਜਾਬੀ ਸਾਹਿਤ ਵਿਚ ਵਿਲੱਖਣ ਯੋਗਦਾਨ ਪਾਇਆ। ਦੱਸਣਾ ਉੱਚਿਤ ਹੋਵੇਗਾ ਕਿ ਉਸ ਦੀਆਂ ਰਚਨਾਵਾਂ ਉਤੇ ਟੀ ਵੀ ਫ਼ਿਲਮਾਂ ਵੀ ਦਿਖਾਈਆਂ ਜਾ ਚੁੱਕੀਆਂ ਹਨ। ਇਸੇ ਹੀ ਲੜੀ ਦੀ ਕੜੀ ਹੈ ਉਸ ਦੀ ਹੱਥਲੀ ਪੁਸਤਕ 'ਕਾਗ਼ਜ਼ ਕਲਮ ਤੇ ਚਿੱਤਰ'।

ਚਰਚਾ ਅਧੀਨ ਪੁਸਤਕ ਦੋ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ 26 ਪੰਜਾਬੀ ਸਹਿਤਕਾਰਾਂ ਦੇ ਸ਼ਬਦ ਚਿੱਤਰ ਹਨ ਜਦ ਕਿ ਦੂਜੇ ਭਾਗ ਵਿਚ 6 ਸ਼ਬਦ ਚਿੱਤਰ ਹਨ ਜਿਸ ਵਿਚ ਬਚਿੰਤ ਕੌਰ ਦੇ ਲੰਮੇ ਸਫ਼ਰ ਨੂੰ ਪੇਸ਼ ਕਰਦਾ ਪ੍ਰਕਾਸ਼ਕ ਵਲੋਂ ਨਿਬੰਧ ਸ਼ਾਮਿਲ ਹੈ। ਪੁਸਤਕ ਵਿਚਲੀਆਂ ਨਾਮੀ ਸ਼ਖ਼ਸੀਅਤਾਂ ਵਿਚ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ, ਡਾ. ਸੁਤਿੰਦਰ ਸਿੰਘ ਨੂਰ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਨੇਕੀ, ਗੁਲਜ਼ਾਰ ਸੰਧੂ, ਗੁਰਬਚਨ ਭੁੱਲਰ, ਮਹਿੰਦਰ ਕੌਰ ਆਦਿ ਸ਼ਾਮਿਲ ਹਨ। ਭਾਪਾ ਪ੍ਰੀਤਮ ਸਿੰਘ ਤੇ ਚਰਨਜੀਤ ਸਿੰਘ 'ਚੰਨ' ਨੂੰ ਵੱਖਰੇ ਸਾਹਿਤਕ ਅੰਦਾਜ਼ ਵਿਚ ਉਨ੍ਹਾਂ ਦੇ ਪੰਜਾਬੀ ਪ੍ਰਕਾਸ਼ਨ ਵਿਚ ਯੋਗਦਾਨ ਲਈ ਪੇਸ਼ ਕੀਤਾ ਗਿਆ ਹੈ।

ਹਥਲੀ ਪੁਸਤਕ ਵਿਚ ਲੇਖਕਾਂ ਸੰਬੰਧੀ ਜਾਣਕਾਰੀ ਭਾਵੇਂ ਸੰਖੇਪਤਾ ਭਰਪੂਰ ਹੈ ਪਰ ਬਚਿੰਤ ਕੌਰ ਕੋਲ ਥੋੜ੍ਹੇ ਵਿਚ ਵਧੇਰੇ ਤੇ ਢੁਕਵੀਂ ਜਾਣਕਾਰੀ ਦੇਣ ਦੀ ਕਲਾਤਮਕ ਜੁਗਤ ਹੈ। ਸ਼ਬਦ-ਚਿੱਤਰਾਂ ਨੂੰ ਪਾਠਕੀ ਦ੍ਰਿਸ਼ਟੀ ਤੋਂ ਪਰਖਦਿਆਂ ਇਉਂ ਲਗਦਾ ਹੈ ਕਿ ਬਚਿੰਤ ਕੌਰ ਦਾ 'ਅੰਦਾਜ਼ੇ-ਬਿਆਂ' ਵੱਖਰਾ ਹੈ - ਸਾਧਾਰਨ ਹੈ ਪਰ ਦਿਲਚਸਪ ਹੈ। ਲੇਖਿਕਾ ਨੇ ਨਿੱਝਕ ਹੋ ਕੇ ਲੇਖਕਾਂ ਦੀਆਂ ਲਿਖਤਾਂ ਤੇ ਉਨ੍ਹਾਂ ਦੀਆਂ ਸ਼ਖ਼ਸੀਅਤਾਂ ਨੂੰ ਜਿਥੇ ਢੁਕਵੇਂ ਬਿਰਤਾਂਤ ਵਿਚ ਉਭਾਰਿਆ ਹੈ ਉਥੇ ਉਨ੍ਹਾਂ ਦੀ ਸਹਿੰਦੀ-ਸਹਿੰਦੀ ਆਲੋਚਨਾ ਤੇ ਪੁਣਛਾਣ ਕੀਤੀ ਹੈ। ਇਉਂ ਪਾਠਕ ਤਾਜ਼ਗੀ ਅਨੁਭਵ ਕਰਦਾ ਹੋਇਆ ਲੇਖਕਾਂ ਬਾਰੇ ਪਾਇਦਾਰ ਜਾਣਕਾਰੀ ਹਾਸਿਲ ਕਰ ਲੈਂਦਾ ਹੈ।

'ਕਾਗ਼ਜ਼ ਕਲਮ ਤੇ ਚਿੱਤਰ' ਪੁਸਤਕ ਦੀ ਇਕ ਵਿਲੱਖਣਤਾ ਇਹ ਹੈ ਕਿ ਇਸ ਵਿਚ ਲੇਖਕਾਂ ਦੀਆਂ ਫੋਟੋਆਂ ਤੇ ਉਨ੍ਹਾਂ ਹੇਠ ਜਨਮ ਵੇਰਵੇ ਤੋਂ ਲੈ ਕੇ ਉਨ੍ਹਾਂ ਦੀਆਂ ਹੱਥ- ਲਿਖਤਾਂ ਦੇ ਨਮੂਨੇ ਦਿਤੇ ਗਏ ਹਨ। ਪੁਸਤਕ ਦੀ ਦਿੱਖ ਪ੍ਰਸ਼ੰਸਾਯੋਗ ਤੇ ਮਨ ਨੂੰ ਧੂਹ ਪਾਉਣ ਵਾਲੀ ਹੈ ਤੇ ਨਾਲ ਹੀ ਸਾਂਭਣਯਗੋ ਵੀ।

- ਬਲਬੀਰ ਮਾਧੋਪੁਰੀ


**ਯੋਜਨਾ (ਪੰਜਾਬੀ)**

**ਦੇ ਅਗਲੇ ਅੰਕ**

- **ਜਨਵਰੀ 2015 - ਇਹ ਅੰਕ *ਸਵੱਛਤਾ, ਵਿਕਾਸ ਤੇ ਸਮਾਜਿਕ ਪਰਿਵਰਤਨ* ਉੱਤੇ ਕੇਂਦਰਿਤ ਹੋਵੇਗਾ।**
- **ਫ਼ਰਵਰੀ 2015 - ਇਹ ਅੰਕ *ਸੰਘਵਾਦ ਅਤੇ ਰਾਜਪ੍ਰਬੰਧ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***
***ਇਕ ਸਾਲ :ਰੁ.100, ਦੋ ਸਾਲ : ਰੁ.180, ਤਿੰਨ ਸਾਲ : ਰੁ.250***
***ਸਾਰਕ ਦੇਸ਼ਾਂ ਲਈ ਸਾਲਾਨਾ ਰੁ.530,***
***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ**
***ADG(i/c), Publications Division***
**ਦੇ ਨਾਂ 'ਤੇ ਬਣਾ ਕੇ ਇਸ ਪਤੇ 'ਤੇ ਭੇਜੋ →**

**Business Manager (A&C)**
**Publications Division, Ministry of I&B**
**East Block-IV, Level-VII, R.K. Puram**
**New Delhi-110066. (Tel.011-26100207)**
*email-pdjucir@gmail.com*

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
**(w.e.f 1st June ,2013)**

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi) December - 2014 (Total Pages 52+IV) Regd. RNI 43033/85


# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ




ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ



ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਜਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਜਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉੱਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) • 'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੈਂਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003


Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.